Space for Advertisement

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL - 12 ISSUE - 29
October 25, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਭਾਰਤੀ ਕ੍ਰਿਕਟ ਦੇ ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਨੂੰ ਅੰਤਿਮ ਵਿਦਾਇਗੀ

**ਨਵੀਂ ਦਿੱਲੀ (ਬਿਊਰੋ)–** ਭਾਰਤ ਦੇ ਸਾਬਕਾ ਕਪਤਾਨ ਬਿਸ਼ਨ ਸਿੰਘ ਬੇਦੀ ਨੂੰ ਇੱਥੇ ਲੋਧੀ ਸ਼ਮਸ਼ਾਨਘਾਟ ਵਿੱਚ ਅੰਤਿਮ ਵਿਦਾਇਗੀ ਦਿੱਤੀ ਗਈ। ਮਹਾਨ ਸਪਿੰਨਰ ਬੇਦੀ ਦਾ ਲੰਮੀ ਬਿਮਾਰੀ ਮਗਰੋਂ ਇੱਥੇ ਜੌਨਾਪੁਰ ਵਿੱਚ ਸਥਿਤ ਉਨ੍ਹਾਂ ਦੇ ਫਾਰਮਹਾਊਸ ਵਿੱਚ ਦੇਹਾਂਤ ਹੋ ਗਿਆ ਸੀ। ਇੱਥੇ ਸ਼ਮਸ਼ਾਨਘਾਟ ਵਿੱਚ ਵਿਛੜੀ ਰੂਹ ਨੂੰ ਸ਼ਰਧਾਂਜਲੀ ਦੇਣ ਮੌਕੇ ਸਾਬਕਾ ਕ੍ਰਿਕਟਰ ਮੌਜੂਦ ਸਨ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਅੰਗਦ ਬੇਦੀ ਨੇ ਦਿਖਾਈ। ਇਸ ਮੌਕੇ ਸਾਬਕਾ ਕਪਤਾਨ ਕਪਿਲ ਦੇਵ, ਕ੍ਰਿਕਟ ਟੀਮ ਚੋਣ ਕਮੇਟੀ ਦੇ ਸਾਬਕਾ ਮੁਖੀ ਚੇਤਨ ਸ਼ਰਮਾ, ਅਸ਼ੀਸ਼ ਨੇਹਰਾ, ਵਿਰੇਂਦਰ ਸਹਿਵਾਗ, ਜ਼ਹੀਰ ਖਾਨ, ਸਬਾ ਕ੍ਰੀਮ, ਮਨਿੰਦਰ ਸਿੰਘ, ਕੀਰਤੀ ਆਜ਼ਾਦ ਅਤੇ ਮਦਨ ਲਾਲ ਹਾਜ਼ਰੀਨਾਂ ਵਿਚ ਸ਼ਾਮਲ ਸਨ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮੁਹੰਮਦ ਅਜ਼ਹਰੂਦੀਨ, ਇਰਾਪੱਲੀ ਪ੍ਰਸੰਨਾ, ਸ੍ਰੀਨਿਵਾਸ ਵੈਂਕਟਾਰਾਘਵਨ, ਭਾਗਵਤ ਚੰਦਰਸ਼ੇਖਰ ਨੇ ਵੀ ਬਿਸ਼ਨ ਬੇਦੀ ਦੀ ਮੌਤ ’ਤੇ ਦੁੱਖ ਪ੍ਰਗਟ ਕੀਤਾ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਤੇ ਖੱਬੇ ਹੱਥ ਦੇ ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਦਾ ਲੰਬੀ ਬਿਮਾਰੀ ਪਿੱਛੋਂ ਸੋਮਵਾਰ ਨੂੰ ਦੇਹਾਂਤ ਹੋ ਗਿਆ। ਬੇਦੀ ਦੇ ਕਰੀਬੀ ਮਿੱਤਰ ਨੇ ਦੱਸਿਆ ਕਿ ਹਾਲ ਹੀ ’ਚ ਉਨ੍ਹਾਂ ਦੇ ਗੋਡੇ ਦਾ ਆਪ੍ਰੇਸ਼ਨ ਹੋਇਆ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਸਰੀਰ ’ਚ ਇਨਫੈਕਸ਼ਨ ਫੈਲ ਗਈ ਤੇ ਉਹ ਠੀਕ ਨਾ ਹੋ ਸਕੇ। ਸੋਮਵਾਰ ਸਵੇਰੇ ਦਿੱਲੀ ਸਥਿਤ ਘਰ ’ਚ ਹੀ ਉਨ੍ਹਾਂ ਆਖ਼ਰੀ ਸਾਹ ਲਿਆ। ਮੰਗਲਵਾਰ ਦੁਪਹਿਰ 12 ਵਜੇ ਲੋਧੀ ਰੋਡ ਸਥਿਤ ਸ਼ਮਸ਼ਾਨ ਘਾਟ ’ਤੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ।



ਅੰਮ੍ਰਿਤਸਰ ’ਚ 1946 ’ਚ ਪੈਦਾ ਹੋਏ ਬਿਸ਼ਨ ਸਿੰਘ ਬੇਦੀ ਨੇ ਭਾਰਤ ਵੱਲੋਂ 67 ਟੈਸਟ ਮੈਚ ਖੇਡੇ ਤੇ 266 ਵਿਕਟਾਂ ਲਈਆਂ। ਇਨ੍ਹਾਂ ’ਚ 14 ਵਾਰ ਪੰਜ ਵਿਕਟਾਂ ਤੇ ਇਕ ਵਾਰ ਉਨ੍ਹਾਂ ਨੇ 10 ਵਿਕਟਾਂ ਲੈਣ ਦਾ ਕਾਰਨਾਮਾ ਕੀਤਾ। ਮਨਸੂਰ ਅਲੀ ਖ਼ਾਨ ਪਟੌਦੀ ਦੇ ਸੰਨਿਆਸ ਲੈਣ ਪਿੱਛੋਂ ਬੇਦੀ ਨੇ 1975 ਤੋਂ 1979 ਤੱਕ ਭਾਰਤੀ ਕ੍ਰਿਕਟ ਟੀਮ ਦੀ ਅਗਵਾਈ ਕੀਤੀ ਤੇ ਉਹ ਸਭ ਤੋਂ ਵੱਧ ਸਫਲ ਕਪਤਾਨਾਂ ’ਚੋਂ ਇਕ ਸਨ। ਉਹ ਭਾਰਤੀ ਸਪਿੰਨਰਾਂ ਦੀ ਉਸ ਚੌਕੜੀ ਦਾ ਹਿੱਸਾ ਸਨ ਜਿਸ ਵਿਚ ਉਨ੍ਹਾਂ ਤੋਂ ਇਲਾਵਾ ਇਰਾਪੱਲੀ ਪ੍ਰਸੰਨਾ, ਭਗਵਤ ਚੰਦਰਸ਼ੇਕਰ ਤੇ ਸ਼੍ਰੀਨਿਵਾਸ ਵੈਂਕਟਰਾਘਵਨ ਸ਼ਾਮਲ ਸਨ। ਬੇਦੀ 1966 ਤੇ 1978 ਦਰਮਿਆਨ ਇਕ ਦਹਾਕੇ ਤੋਂ ਜ਼ਿਆਦਾ ਸਮਾਂ ਭਾਰਤ ਦੀ ਗੇਂਦਬਾਜ਼ੀ ਇਕਾਈ ਦੇ ਮੁਖੀ ਰਹੇ। ਉਹ 1990 ’ਚ ਨਿਊਜ਼ੀਲੈਂਡ ਤੇ ਇੰਗਲੈਂਡ ਦੌਰੇ ’ਤੇ ਭਾਰਤੀ ਟੀਮ ਦੇ ਮੈਨੇਜਰ ਤੇ ਕੁਝ ਸਮੇਂ ਤੱਕ ਰਾਸ਼ਟਰੀ ਚੋਣਕਾਰ ਵੀ ਰਹੇ।

## ਇਜ਼ਰਾਈਲ ਨੇ ਬੰਬਾਰੀ ਵਧਾਈ, ਗਾਜ਼ਾ ਵਿਚ 700 ਲੋਕਾਂ ਦੀ ਮੌਤ

**ਰਾਫਾਹ– (ਬਿਊਰੋ)–** ਇਜ਼ਰਾਈਲ ਨੇ ਗਾਜ਼ਾ ਪੱਟੀ ’ਤੇ ਬੰਬਾਰੀ ਵਧਾ ਦਿੱਤੀ ਹੈ। ਹਮਾਸ ਅਧੀਨ ਚੱਲ ਰਹੇ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਹਵਾਈ ਹਮਲਿਆਂ ਕਾਰਨ ਗਾਜ਼ਾ ਪੱਟੀ ’ਚ ਪਿਛਲੇ ਇਕ ਦਿਨ ਦੌਰਾਨ 700 ਤੋਂ ਜ਼ਿਆਦਾ ਲੋਕ ਮਾਰੇ ਗਏ ਹਨ। ਫਲਸਤੀਨੀ ਅਧਿਕਾਰੀਆਂ ਮੁਤਾਬਕ ਹਵਾਈ ਹਮਲਿਆਂ ਵਿਚ ਰਿਹਾਇਸ਼ੀ ਇਮਾਰਤਾਂ ਨੁਕਸਾਨੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਕੁਝ ਦੱਖਣੀ ਗਾਜ਼ਾ ’ਚ ਹਨ। ਖਾਨ ਯੂਨਿਸ ’ਚ ਇਕ ਚਾਰ-ਮੰਜ਼ਿਲਾ ਇਮਾਰਤ ਨੁਕਸਾਨੇ ਜਾਣ ਕਾਰਨ ਕਰੀਬ 32 ਲੋਕ ਮਾਰੇ ਗਏ ਹਨ। ਵੱਡੀ ਗਿਣਤੀ ਲੋਕ ਜ਼ਖਮੀ ਵੀ ਹਨ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਨਾ-ਗਰਿਕਾਂ ਨੂੰ ਨਿਸ਼ਾਨਾ ਨਹੀਂ ਬਣਾ ਰਹੇ, ਬਲਕਿ ਹਮਾਸ ਦੇ ਅਤਿਵਾਦੀ ਲੋਕਾਂ ਨੂੰ ਕਵਰ ਵਜੋਂ ਵਰਤ ਰਹੇ ਹਨ। ਜੰਗ ਦੇ ਸ਼ੁਰੂ ਤੋਂ ਹੁਣ ਤੱਕ ਫਲਸਤੀਨੀ ਅੱਤਵਾਦੀਆਂ ਨੇ ਇਜ਼ਰਾਈਲ ’ਤੇ 7 ਹਜ਼ਾਰ ਤੋਂ ਵੱਧ ਰਾਕੇਟ ਦਾਗੇ ਹਨ। ਜੰਗ ਵਿਚ ਹੁਣ ਤੱਕ 5 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਬੱਚੇ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰੋਂ ਵੀ ਤਲ ਅਵੀਵ ਪਹੁੰਚੇ ਤੇ ਉਨ੍ਹਾਂ ਫਰਾਂ-ਸੀਸੀ ਨਾਗਰਿਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਜੋ ਜਾਂ ਤਾਂ ਮਾਰੇ ਗਏ ਹਨ ਜਾਂ ਫਿਰ ਬੰਧਕ ਬਣਾ ਲਏ ਗਏ ਹਨ।



ਸਿਹਤ ਅਧਿਕਾਰੀਆਂ ਨੇ ਕਿਹਾ ਕਿ ਹਾਲ ਹੀ ਦੇ ਦਿਨਾਂ ਵਿਚ ਸੈਂਕੜੇ ਫਲਸਤੀਨੀਆਂ ਦੀ ਮੌਤ ਹੋ ਗਈ ਹੈ ਅਤੇ ਬੰਬਾਂ ਦੇ ਨੁਕਸਾਨ ਅਤੇ ਬਿਜਲੀ ਦੀ ਘਾਟ ਕਾਰਨ ਮੈਡੀਕਲ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਦਹਾਕਿਆਂ ਤੋਂ ਚੱਲੇ ਆ ਰਹੇ ਇਜ਼ਰਾਈਲ-ਫਲਸਤੀਨੀ ਯੁੱਧ ਵਿਚ ਬੰਬ ਧਮਾਕਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਜੋ ਗਾਜ਼ਾ 'ਚ ਜਾਨਮਾਲ ਦਾ ਹੋਰ ਵੀ ਵੱਡਾ ਨੁਕਸਾਨ ਦਰਸਾਉਂਦੀ ਹੈ। ਇਜ਼ਰਾਇਲੀ ਫੌਜ ਨੇ ਹਮਾਸ ਦੇ ਅੱਤਵਾਦੀਆਂ ਨੂੰ ਕੁਚਲਣ ਲਈ ਜ਼ਮੀਨੀ ਹਮਲੇ ਸ਼ੁਰੂ ਕਰ ਦਿੱਤੇ ਹਨ। 7 ਅਕਤੂਬਰ ਨੂੰ ਦੱਖਣੀ ਇਜ਼ਰਾਈਲ ਦੇ ਕਸਬਿਆਂ 'ਤੇ ਹਮਾਸ ਦੁਆਰਾ ਕੀਤੇ ਗਏ ਵਿਨਾਸ਼ਕਾਰੀ ਹਮਲਿਆਂ ਤੋਂ ਬਾਅਦ ਇਜ਼ਰਾਈਲ ਦੁਆਰਾ ਖੇਤਰ ਨੂੰ ਸੀਲ ਕਰਨ ਤੋਂ ਬਾਅਦ ਗਾਜ਼ਾ ਦੇ 2.3 ਮਿਲੀਅਨ ਲੋਕ ਭੋਜਨ, ਪਾਣੀ ਅਤੇ ਦਵਾਈਆਂ ਦੀ ਘਾਟ ਨਾਲ ਜੂਝ ਰਹੇ ਹਨ। ਹਮਾਸ ਦੁਆਰਾ ਚਲਾਏ ਜਾ ਰਹੇ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਪਿਛਲੇ ਦਿਨ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ ਘੱਟੋ ਘੱਟ 704 ਲੋਕ ਮਾਰੇ ਗਏ ਸਨ।

## ਗਦਰੀ ਬਾਬਿਆਂ ਦਾ ਯੂਬਾ ਸਿਟੀ ਮੇਲਾ ਸਫਲਤਾ ਪੂਰਵਕ ਸੰਪੰਨ





**ਯੂਬਾ ਸਿਟੀ (ਡੀਡੀਬੀ)** ਪਿਛਲੇ ਐਤਵਾਰ (15 ਅਕਤੂਬਰ, 2023) ਰਿਵਰ ਵੈਲੀ ਹਾਈ ਸਕੂਲ ਯੂਬਾ ਸਿਟੀ ਵਿਖੇ 'ਮੇਲਾ ਗਦਰੀ ਬਾਬਿਆਂ ਦਾ' ਮਨਾਇਆ ਗਿਆ। 'ਦੀ ਗਦਰ ਹੈਰੀਟੇਜ ਫਾਊਂਡੇਸ਼ਨ ਕੈਲੀਫੋਰਨੀਆ ਅਤੇ ‘ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜੇਸ਼ਨ' ਵੱਲੋਂ ਇਸ ਮੇਲੇ ਦਾ ਪ੍ਰਬੰਧ ਕੀਤਾ ਗਿਆ. ਇਲਾਕੇ ਦੇ ਲੋਕਾਂ ਨੇ ਬੜੇ ਉਤਸ਼ਾਹ ਨਾਲ ਮੇਲੇ ਵਿਚ ਭਾਗ ਲਿਆ। ਮੇਲੇ ਦੇ ਮੁੱਖ ਮਹਿਮਾਨ ਡਾ. ਸਰਬਜਿੰਦਰ ਸਿੰਘ ਡੀਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਨ। ਉਨ੍ਹਾਂ ਨੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਅਤੇ ਗਦਰ ਲਹਿਰ ਦੇ ਨਿਸ਼ਾਨਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਯੂਨੀਵਰਸਿਟੀ ਦੇ ਪੀ. ਐਚ. ਡੀ. ਦੇ ਵਿਦਿਆਰਥੀਆਂ ਵੱਲੋਂ ਗਦਰੀ ਬਾਬਿਆਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਬਾਰੇ ਕੀਤੀ ਖੋਜ ਬਾਰੇ ਵੀ ਦੱਸਿਆ ਕਿ ਅੱਜ ਵੀ ਗਦਰੀ ਬਾਬਿਆਂ ਦੇ ਪਰਿਵਾਰਕ ਮੈਂਬਰਾਂ ਦੀ ਆਰਥਿਕ ਹਾਲਤ ਚਿੰਤਾਜਨਕ ਹੈ। ਇਸ ਮਾੜੀ ਹਾਲਤ ਨੂੰ ਸੁਧਾਰਨ ਲਈ

**(ਹੋਰ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 16, 17, 18 ’ਤੇ)**

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983





RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434





DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65th STREET # 115 SACRAMENTO CA 95823

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਬਰਗ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕਰਵਾਈ ਗਈ






**ਪਿਟਸਬਰਗ (ਕੈਲੇਫੋਰਨੀਆ)** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਮਿਤੀ 22-23 ਅਕਤੂਬਰ ਦਿਨ ਐਤਵਾਰ ਨੂੰ ਸਤਿਕਾਰਯੋਗ ਭਾਈ ਪਰਮਜੀਤ ਸੁਮਨ ਅਤੇ ਬੀਬੀ ਸੁਰਿੰਦਰ ਕੌਰ ਸੁਮਨ, ਸਮੂਹ ਪਰਿਵਾਰ ਵੱਲੋਂ ਗੁਰੂ ਮਹਾਰਾਜ ਜੀ ਦੇ ਸ਼ੁਕਰਾਨੇ ਵਜੋਂ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕਰਵਾਈ ਗਈ। ਸਮਾਪਤੀ ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਨੇ ਰਸਭਿੰਨੇ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਸਟੇਜ ਸਕੱਤਰ ਨਰੇਸ਼ ਕੁਮਾਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

*****

# ਭਾਰਤ ਸਰਕਾਰ ਨੇ ਬੰਦ ਕੀਤੀ ਵੀਜ਼ਾ ਸੇਵਾ ਕੀਤੀ ਬਹਾਲ



**ਨਵੀਂ ਦਿੱਲੀ-** ਭਾਰਤ ਸਰਕਾਰ ਨੇ ਇੱਕ ਵਾਰ ਫਿਰ ਕੈਨੇਡੀਅਨਾਂ ਲਈ ਵੀਜ਼ਾ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਹਾਲਾਂਕਿ, ਵੀਜ਼ਾ ਇਸ ਸਮੇਂ ਸਿਰਫ ਚਾਰ ਸ਼੍ਰੇਣੀਆਂ ਵਿੱਚ ਉਪਲਬਧ ਹੋਵੇਗਾ, ਜਿਸ ਵਿੱਚ ਐਂਟਰੀ, ਵਪਾਰਕ, ਮੈਡੀਕਲ ਅਤੇ ਕਾਨਫਰੰਸ ਵੀਜ਼ਾ ਸ਼ਾਮਲ ਹਨ। ਭਾਰਤ ਅਤੇ ਕੈਨੇਡਾ ਦੇ ਕੂਟਨੀਤਕ ਸਬੰਧਾਂ ਵਿੱਚ ਤਣਾਅ ਦੇ ਵਿਚਕਾਰ, ਭਾਰਤ ਨੇ ਕੈਨੇਡੀਅਨਾਂ ਲਈ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਸੀ। ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਬੁੱਧਵਾਰ ਨੂੰ ਇੱਕ ਨੋਟੀਫਿਕੇਸ਼ਨ ਵਿੱਚ ਲਿਖਿਆ, 'ਸੁਰੱਖਿਆ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ, ਇਸ ਸਬੰਧ ਵਿੱਚ ਕੁਝ ਹਾਲੀਆ ਕੈਨੇਡੀਅਨ ਉਪਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ।' ਤੁਹਾਨੂੰ ਦੱਸ ਦੇਈਏ ਕਿ ਵੀਜ਼ਾ ਸੇਵਾਵਾਂ ਦੀ ਮੁੜ ਸ਼ੁਰੂਆਤ ਵੀਰਵਾਰ ਯਾਨੀ 26 ਅਕਤੂਬਰ ਤੋਂ ਪ੍ਰਭਾਵੀ ਹੋਵੇਗੀ।

ਇਸ ਤੋਂ ਪਹਿਲਾਂ ਐਤਵਾਰ ਨੂੰ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਸੀ ਕਿ ਜੇਕਰ ਭਾਰਤੀ ਡਿਪਲੋਮੈਟਾਂ ਨੂੰ ਵੀਏਨਾ ਕਨਵੈਨਸ਼ਨ ਅਨੁਸਾਰ ਕੈਨੇਡਾ ਵਿੱਚ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਉਹ 'ਵੀਜ਼ਾ ਜਾਰੀ ਕਰਨਾ ਮੁੜ ਸ਼ੁਰੂ ਕਰਨਾ' ਚਾਹੁਣਗੇ। ਉਨ੍ਹਾਂ ਕਿਹਾ ਕਿ ਭਾਰਤ ਨੇ ਕੈਨੇਡਾ ਨੂੰ ਵੀਜ਼ਾ ਜਾਰੀ ਕਰਨਾ ਬੰਦ ਕਰ ਦਿੱਤਾ ਹੈ ਕਿਉਂਕਿ ਸਾਡੇ ਡਿਪਲੋਮੈਟਾਂ ਲਈ ਵੀਜ਼ਾ ਜਾਰੀ ਕਰਨ ਲਈ ਕੰਮ 'ਤੇ ਜਾਣਾ ਹੁਣ ਸੁਰੱਖਿਅਤ ਨਹੀਂ ਹੈ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੁਰਜਨ ਜੀਰਵੀ ਦੇ ਵਿਛੋੜੇ ਮੌਕੇ ਸ਼ੋਕ ਸਭਾ



**ਜਲੰਧਰ-** ਪੰਜਾਬੀ ਪੱਤਰਕਾਰਤਾ ਦੇ ਥੰਮ, ਪੱਤਰਕਾਰਾਂ ਦੀ ਨਰਸਰੀ ਪੈਦਾ ਕਰਨ ਵਾਲੇ ਦੂਰ-ਅੰਦੇਸ਼, ਖੋਜ਼ੀ, ਸਿਰੜੀ, ਵਿਗਿਆਨਕ ਦ੍ਰਿਸ਼ਟੀ ਵਾਲੇ ਸੁਰਜਨ ਜੀਰਵੀ ਜੋ ਸਾਡੇ ਦਰਮਿਆਨ ਨਹੀਂ ਰਹੇ, ਕਲਮਾਂ ਦੇ ਕਾਫ਼ਲੇ ਦੇ ਕਪਤਾਨ ਨੂੰ ਸਿਜਦਾ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 'ਇਹ ਹੈ ਬਾਬਰੀ ਸੰਸਾਰ' ਵਰਗੀਆਂ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲੇ ਚੋਟੀ ਦੇ ਵਿਦਵਾਨ, ਖੋਜ਼ਕਾਰ ਕਲਮਕਾਰ ਅਤੇ ਪੱਤਰਕਾਰਤਾ ਦੇ ਬਾਗ਼ ਦੇ ਚਿੰਤਨਸ਼ੀਲ ਮਾਲੀ ਦੇ ਵਿਛੋੜੇ ਤੇ ਅੱਜ ਸ਼ੋਕ ਸਭਾ ਨੇ ਉਹਨਾਂ ਦੇ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਉਨ੍ਹਾਂ ਦੀ ਅਮਿੱਟ ਸਾਹਿਤਕ ਦੇਣ ਨੂੰ ਸੰਭਾਲਣ ਦਾ ਹਲਫ਼ ਲਿਆ। ਸ਼ੋਕ ਸਭਾ 'ਚ ਸੁਨੇਹੇ ਸਾਂਝੇ ਕਰਨ ਵਾਲਿਆਂ 'ਚ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਮੰਗਤ ਰਾਮ ਪਾਸਲਾ, ਕੁਲਬੀਰ ਸੰਘੇੜਾ, ਹਰਵਿੰਦਰ ਭੰਡਾਲ, ਡਾ. ਸੈਲੇਸ਼, ਪ੍ਰੋ. ਤੇਜਿੰਦਰ ਵਿਰਲੀ ਅਤੇ ਐਡਵੋਕੇਟ ਰਾਜਿੰਦਰ ਮੰਡ ਸ਼ਾਮਿਲ ਸਨ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

**ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ**

# ਅਮਰੀਕਾ ਵਿਚ ਬੱਸ ਵਿੱਚ ਸਫਰ ਕਰ ਰਹੇ ਇਕ ਸਿੱਖ ਨੌਜਵਾਨ 'ਤੇ ਨਸਲੀ ਨਫਰਤ ਤਹਿਤ ਹਮਲਾ, ਦੋਸ਼ੀ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ –** ਅਮਰੀਕਾ ਵਿਚ ਬੱਸ ਵਿੱਚ ਸਫਰ ਕਰ ਰਹੇ ਇਕ 19 ਸਾਲਾ ਸਿੱਖ ਨੌਜਵਾਨ ਉਪਰ ਨਸਲੀ ਨਫਰਤ ਤਹਿਤ ਹਮਲਾ ਕਰਨ ਦੀ ਖਬਰ ਹੈ। ਨਿਊਯਾਰਕ ਸਿਟੀ ਪੁਲਿਸ ਵਿਭਾਗ ਅਨੁਸਾਰ ਇਹ ਘਟਨਾ ਨਿਊਯਾਰਕ ਸ਼ਹਿਰ ਵਿਚ ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਿਟੀ ਦੀ ਬੱਸ ਵਿਚ ਰਿਚਮੌਂਡ ਹਿੱਲ ਖੇਤਰ ਵਿਚ 118 ਵੀਂ ਸਟਰੀਟ ਤੇ ਲਾਇਬ੍ਰੇਰੀ ਐਵੀਨਿਊ ਨੇੜੇ ਵਾਪਰੀ । ਹਮਲਾਵਰ ਨੇ ਸਿੱਖ ਨੌਜਵਾਨ ਦੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕੀਤੀ। ਅਜਿਹਾ ਕਰਨ ਵਿਚ ਨਾਕਾਮ ਰਹਿਣ 'ਤੇ ਉਸ ਨੇ ਨੌਜਵਾਨ ਉਪਰ ਹਮਲਾ ਕਰ ਦਿੱਤਾ।

ਪੁਲਿਸ ਅਨੁਸਾਰ ਸਿੱਖ ਨੌਜਵਾਨ ਤੇ ਹਮਲਾਵਰ ਇਕ ਸ਼ਟਲ ਬੱਸ ਵਿਚ ਸਫਰ ਕਰ ਰਹੇ ਸਨ। ਹਮਲਾਵਰ ਨੇ ਸਿੱਖ ਨੌਜਵਾਨ ਕੋਲ ਆ ਕੇ ਦਸਤਾਰ ਵੱਲ ਇਸ਼ਾਰਾ ਕਰਕੇ ਕਿਹਾ ਅਸੀਂ ਇਸ ਦੇਸ਼ ਵਿਚ ਇਹ ਨਹੀਂ ਪਹਿਣਦੇ ਇਸ ਨੂੰ ਲਾਹ ਦੇ। ਇਸ ਉਪਰੰਤ ਹਮਲਾਵਰ ਨੇ ਸਿੱਖ ਨੌਜਵਾਨ ਦੇ ਸਿਰ ਦੇ ਪਿੱਛੇ, ਮੂੰਹ ਤੇ ਪਿੱਠ ਵਿਚ ਕਈ ਘਸੁੰਨ ਮਾਰੇ। ਬਾਅਦ ਵਿਚ ਹਮਲਾਵਰ ਬੱਸ ਵਿਚੋਂ ਉਤਰ ਕੇ ਫਰਾਰ ਹੋ ਗਿਆ। ਪੁਲਿਸ ਨੇ ਕਿਹਾ ਹੈ ਕਿ ਪੀੜਤ ਨੌਜਵਾਨ ਮਮੂਲੀ ਜਖਮੀ ਹੋਇਆ ਹੈ। ਉਸ ਨੇ ਮੌਕੇ ਉਪਰ ਕਿਸੇ ਤਰਾਂ ਦੀ ਡਾਕਟਰੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ। ਪੁਲਿਸ ਨੇ ਸ਼ੱਕੀ ਦੋਸ਼ੀ ਦੀ ਤਸਵੀਰ ਜਾਰੀ ਕਰਦਿਆਂ ਆਮ ਲੋਕਾਂ ਨੂੰ ਉਸ ਦੀ ਗ੍ਰਿਫਤਾਰੀ ਵਿਚ ਮਦਦ ਕਰਨ ਦੀ ਅਪੀਲ ਕੀਤੀ ਹੈ।

ਪੁਲਿਸ ਵੱਲੋਂ ਦਸੇ ਹੁਲੀਏ ਅਨੁਸਾਰ ਸ਼ੱਕੀ ਦੋਸ਼ੀ ਦੀ ਉਮਰ 25 ਤੋਂ 35 ਸਾਲ ਦਰਮਿਆਨ ਹੈ। ਤਕਰੀਬਨ 5 ਫੁੱਟ 9 ਇੰਚ ਉੱਚੇ ਇਸ ਵਿਅਕਤੀ ਦੀਆਂ ਭੂਰੀਆਂ ਅੱਖਾਂ ਤੇ ਕਾਲੇ ਵਾਲ ਹਨ। ਉਸ ਦਾ ਰੰਗ ਕਾਲਾ ਹੈ। ਸਿੱਖ ਕੁਲੀਸ਼ਨ ਨਿਊ ਯਾਰਕ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਬਹੁਤ ਪ੍ਰੇਸ਼ਾਨ ਕਰ ਦੇਣ ਵਾਲੀ ਹੈ। ਅਸੀਂ ਇਸ ਦੀ ਨਿੰਦਾ ਕਰਦੇ ਹਾਂ ਤੇ ਪੀੜਤ ਨੌਜਵਾਨ ਦੀ ਹਰ ਤਰਾਂ ਦੀ ਮਦਦ ਕਰਨ ਲਈ ਤਿਆਰ ਹਾਂ।

# ਅਮਰੀਕਾ ਦੇ ਕੋਲੋਰਾਡੋ ਫਿਊਨਰਲ ਹੋਮ ਵਿਚੋਂ ਮਿਲੀਆਂ 150 ਤੋਂ ਵਧ ਮ੍ਰਿਤਕ ਦੇਹਾਂ ਨੂੰ ਉਥੋਂ ਹਟਾਇਆ

**ਸੈਕਰਾਮੈਂਟੋ, ਕੈਲੀਫੋਰਨੀਆ** ਪਿਛਲੇ ਮਹੀਨੇ ਅਮਰੀਕਾ ਦੇ ਕੋਲੋਰਾਡੋ ਫਿਊਨਰਲ ਹੋਮ ਵਿਚੋਂ ਮਿਲੀਆਂ ਮ੍ਰਿਤਕ ਦੇਹਾਂ ਨੂੰ ਉਥੋਂ ਹਟਾ ਦਿੱਤਾ ਗਿਆ ਹੈ ਜਿਨਾਂ ਨੂੰ ਅਣਉਚਿੱਤ ਢੰਗ ਨਾਲ ਰਖਿਆ ਗਿਆ ਸੀ। ਫਰੀਮਾਂਟ ਕਾਊਂਟੀ ਸ਼ੈਰਿਫ ਐਲਨ ਕੂਪਰ ਤੇ ਫਰੀਮਾਂਟ ਕੋਰੋਨਰ ਰੈਂਡੀ ਕੇਲਰ ਵੱਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਕੋਲੋਰਾਡੋ ਸਪਰਿੰਗ ਦੇ ਦੱਖਣ ਵਿਚ ਤਕਰੀਬਨ 30 ਮੀਲ ਦੂਰ ਨੇਚਰ ਫਨਰਲ ਹੋਮ ਪੈਨਰੋਜ਼ ਵਿਚੋਂ ਮਿਲੇ 189 ਮਨੁੱਖੀ ਪਿੰਜਰਾਂ (ਰਹਿੰਦਖੂੰਦ) ਨੂੰ ਐਲ ਪਾਸੋ ਕਾਊਂਟੀ ਕੋਰਨਰ ਦਫਤਰ ਵਿਖੇ ਭੇਜ ਦਿੱਤਾ ਗਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਮ੍ਰਿਤਕ ਦੇਹਾਂ ਦੀ ਕੁਲ ਗਿਣਤੀ ਬਦਲ ਸਕਦੀ ਹੈ ਕਿਉਂਕਿ ਅਜੇ ਮ੍ਰਿਤਕ ਦੇਹਾਂ ਦੀ ਪਛਾਣ ਤੇ ਜਾਂਚ ਜਾਰੀ ਹੈ। ਕੇਲਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਸ਼ੈਰਿਫ ਦਫਤਰ ਵੱਲੋਂ ਵਾਰੰਟ ਲੈ ਕੇ ਮੁਰਦਾ ਘਰ ਦੀ ਲਈ ਤਲਾਸ਼ੀ ਦੌਰਾਨ ਸ਼ੁਰੂ ਵਿਚ 115 ਤੋਂ ਵਧ ਮ੍ਰਿਤਕ ਦੇਹਾਂ ਮਿਲੀਆਂ ਸਨ।

ਇਸ ਮਾਮਲੇ ਦੀ ਜਾਂਚ ਵਿਚ ਸ਼ੈਰਿਫ ਦਫਤਰ ਦੀ ਕੋਲੋਰਾਡੋ ਬਿਊਰੋ ਆਫ ਇਨਵੈਸਟੀਗੇਸ਼ਨ ਤੇ ਐਫ ਬੀ ਆਈ ਸਹਾਇਤਾ ਕਰ ਰਹੇ ਹਨ। ਇਹ ਜਾਂਚ ਮੁਕੰਮਲ ਹੋਣ ਵਿਚ ਕਈ ਮਹੀਨੇ ਲੱਗ ਸਕਦੇ ਹਨ।

ਇਸ ਮਾਮਲੇ ਵਿਚ ਅਜੇ ਕੋਈ ਗ੍ਰਿਫਤਾਰੀ ਨਹੀਂ ਹੋਈ। ਐਫ ਬੀ ਆਈ ਦੇ ਅਧਿਕਾਰੀ ਵਿਕੀ ਮਿਗੋਇਆ ਨੇ ਕਿਹਾ ਹੈ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਇਸ ਮਾਮਲੇ ਵਿਚ ਕੋਈ ਅਪਰਾਧ ਹੋਇਆ ਹੈ ਜਾਂ ਨਹੀਂ।

# ਅਮਰੀਕਾ ਦੇ ਲੂਇਸਿਆਨਾ ਰਾਜ ਵਿਚ ਹੋਏ ਭਿਆਨਕ ਸੜਕ ਹਾਦਸੇ ਵਿੱਚ ਕਈ ਵਾਹਨ ਆਪਸ ਵਿਚ ਟਕਰਾਏ , 7 ਮੌਤਾਂ ਤੇ ਕਈ ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਲੂਇਸਿਆਨਾ ਰਾਜ ਵਿਚ ਇੰਟਰਸਟੇਟ 55 ਉਪਰ ਨਿਊ ਓਰਲੀਨਜ ਨੇੜੇ ਸੰਘਣੀ ਧੁੰਦ ਕਾਰਨ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ ਘੱਟੋ ਘੱਟ 7 ਵਿਅਕਤੀਆਂ ਦੇ ਮਾਰੇ ਜਾਣ ਤੇ ਕਈ ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਲੂਇਸਿਆਨਾ ਸਟੇਟ ਪੁਲਿਸ ਅਨੁਸਾਰ ਹਾਦਸੇ ਦੌਰਾਨ 158 ਵਾਹਣ ਆਪਸ ਵਿਚ ਟਕਰਾਏ।



ਪੁਲਿਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ 25 ਤੋਂ ਵਧ ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚ ਗੰਭੀਰ ਜ਼ਖਮੀ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਕੁਝ ਜ਼ਖਮੀ ਖੁਦ ਹੀ ਹਸਪਤਾਲਾਂ ਵਿਚ ਪਹੁੰਚੇ ਹਨ। ਹਾਦਸੇ ਉਪਰੰਤ ਕੁਝ ਵਾਹਾਂ ਨੂੰ ਅੱਗ ਲੱਗ ਜਾਣ ਦੀ ਵੀ ਰਿਪੋਰਟ ਹੈ। ਲੂਇਸਿਆਨਾ ਦੇ ਗਵਰਨਰ ਜੌਹਨ ਬੈਲ ਐਡਵਰਡਜ ਨੇ ਹਾਦਸੇ ਉਪਰ ਚਿੰਤਾ ਪ੍ਰਗਟ ਕਰਦਿਆਂ ਪੀੜਤਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਪੁਲਿਸ ਅਨੁਸਾਰ ਹਾਦਸੇ ਉਪਰੰਤ ਇੰਟਰਸਟੇਟ 55 ਤੋਂ ਇਲਾਵਾ ਇੰਟਰਸਟੇਟ 10 ਤੇ 310 ਨੂੰ ਵੀ ਬੰਦ ਕਰ ਦਿੱਤਾ ਗਿਆ ਹੈ।

# ਅਮਰੀਕਾ ਵਿਚ ਹਮਲੇ ਉਪਰੰਤ ਮਾਰੇ ਗਏ ਪੰਜਾਬੀ ਦੇ ਹਮਲਾਵਰ ਦਾ ਲਾਇਸੰਸ ਪਹਿਲਾਂ ਹੀ ਮੁਅੱਤਲ ਸੀ – ਨਿਊ ਯਾਰਕ ਪੁਲਿਸ

**ਸੈਕਰਾਮੈਂਟੋ, ਕੈਲੀਫੋਰਨੀਆ –**ਅਮਰੀਕਾ ਵਿਚ ਬੀਤੇ ਦਿਨੀ ਇਕ ਕਾਰ ਹਾਦਸੇ ਉਪਰੰਤ ਹੋਏ ਝਗੜੇ ਦੌਰਾਨ ਜ਼ਖਮੀ ਹੋਇਆ 66 ਸਾਲਾ ਜਸਮੇਰ ਸਿੰਘ ਹਸਪਤਾਲ ਵਿਚ ਦਮ ਤੋੜ ਗਿਆ ਸੀ। ਉਸ ਨੂੰ ਕੁਈਨਜ਼ (ਨਿਊ ਯਾਰਕ) ਦੇ ਜਮਾਈਕਾ ਹਸਪਤਾਲ ਮੈਡੀਕਲ ਸੈਂਟਰ ਵਿਚ ਗੰਭੀਰ ਹਾਲਤ ਵਿਚ ਦਾਖਲ ਕਰਵਾਇਆ ਗਿਆ ਸੀ। ਉਸ ਦੇ ਸਿਰ ਵਿਚ ਸੱਟ ਮਾਰੀ ਗਈ ਸੀ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ 30 ਸਾਲਾ ਗਿਲਬਰਟ ਅਗਸਟਿਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ ਹੱਤਿਆ ਤੇ ਹਮਲਾ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਕਿਹਾ ਹੈ ਕਿ ਕਿਉ ਗਾਰਡਨਜ ਵਿਚ ਹਿਲਜਸਾਈਡ ਐਵਨਿਊ ਨੇੜੇ ਸਿੰਘ ਤੇ ਅਗਸਟਿਨ ਦੀਆਂ ਕਾਰਾਂ ਵਿਚਾਲੇ ਵੈਨ ਵਿਕ ਐਕਸਪ੍ਰੈਸ ਉਪਰ ਟੱਕਰ ਹੋਈ ਸੀ। ਇਸ ਟੱਕਰ ਵਿਚ ਦੋਨੋਂ ਕਾਰਾਂ ਨੂੰ ਨੁਕਸਾਨ ਪੁੱਜਾ ਸੀ। ਮੌਕੇ ਦੇ ਗਵਾਹਾਂ ਅਨੁਸਾਰ ਹਾਦਸੇ ਉਪਰੰਤ ਹੋਏ ਝਗੜੇ ਦੌਰਾਨ ਅਗਸਟਿਨ ਨੇ ਜਸਮੇਰ ਸਿੰਘ ਉਪਰ ਹਮਲਾ ਕਰ ਦਿੱਤਾ ਜਿਸ ਦੌਰਾਨ ਉਹ ਗੰਭੀਰ ਜ਼ਖਮੀ ਹੋ ਗਿਆ। ਪੁਲਿਸ ਨੇ ਹਾਦਸੇ ਤੋਂ 2 ਮੀਲ ਦੂਰ ਅਗਸਟਿਨ ਨੂੰ ਗ੍ਰਿਫਤਾਰ ਕੀਤਾ ਤੇ ਪਤਾ ਲੱਗਾ ਕਿ ਉਸ ਦਾ ਡਰਾਈਵਿੰਗ ਲਾਇਸੰਸ ਪਹਿਲਾਂ ਹੀ ਮੁਅਤਲ ਕੀਤਾ ਹੋਇਆ ਸੀ। ਨਿਊਯਾਰਕ ਦੇ ਮੇਅਰ ਏਰਿਕ ਐਡਮਜ ਨੇ ਜਸਮੇਰ ਸਿੰਘ ਦੀ ਮੌਤ ਉਪਰ ਅਫਸੋਸ ਪ੍ਰਗਟ ਕੀਤਾ ਹੈ।




SKY TRANSPORT SOLUTIONS

STRIVE FOR MORE



ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਾ ਦੇ ਡੈਟਰਾਇਟ ਸ਼ਹਿਰ ਵਿਚ ਮਾਰੀ ਯਹੂਦੀ ਨੇਤਾ ਨੂੰ ਕੀਤਾ ਸਪੁਰਦੇ ਖਾਕ

## ਇਹ ਨਫਰਤੀ ਹੱਤਿਆ ਨਹੀਂ-ਪੁਲਸ ਮੁਖੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਮਿਸ਼ੀਗਨ ਰਾਜ ਦੇ ਡੈਟਰਾਇਟ



ਸ਼ਹਿਰ ਵਿਚ ਇਕ ਅਣਪਛਾਤੇ ਹਮਲਾਵਰ ਦੇ ਹਮਲੇ ਵਿਚ ਮਾਰੀ ਗਈ ਯਹੂਦੀ ਨੇਤਾ ਸਮੰਥਾ ਵੌਲ ਜੋ ਡੈਟਰਾਇਟ ਸਿਨਾਗਾਗ ਬੋਰਡ ਦੀ ਪ੍ਰਧਾਨ ਸੀ, ਦੀਆਂ ਅੰਤਿਮ ਰਸਮਾਂ ਮੌਕੇ ਭਾਰੀ ਤਦਾਦ ਵਿਚ ਲੋਕ ਇਕੱਠੇ ਹੋਏ ਜਿਥੇ ਵਿਛੜੀ ਆਗੂ ਨੂੰ ਸ਼ਰਧਾਂਜਲੀ ਦਿੱਤੀ ਗਈ। ਬੀਤੇ ਦਿਨ ਸਮੰਥਾ ਵੌਲ ਦੀ ਉਸ ਦੇ ਘਰ ਵਿਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਉਪਰ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ। ਇਸੇ ਦੌਰਾਨ ਜਾਂਚਕਾਰਾਂ ਨੇ ਕਿਹਾ ਹੈ ਲੱਗਦਾ ਹੈ ਕਿ ਇਹ ਭਿਆਨਕ ਅਪਰਾਧ ਨਸਲੀ ਹਿੰਸਾ ਤੋਂ ਪ੍ਰੇਰਤ ਨਹੀਂ ਹੈ। ਪੁਲਿਸ ਮੁਖੀ ਜੇਮਜ ਵਾਈਟ ਨੇ ਕਿਹਾ ਹੈ ਕਿ ਸ਼ੁਰੂਆਤੀ ਸੰਕੇਤ ਤੋਂ ਪਤਾ ਲੱਗਦਾ ਹੈ ਕਿ ਇਹ ਹੱਤਿਆ ਨਫਰਤੀ ਅਪਰਾਧ ਨਹੀਂ ਹੈ। ਉਨਾਂ ਕਿਹਾ ਕਿ ਜਾਂਚਕਾਰ ਐਫ ਬੀ ਆਈ ਨਾਲ ਮਿਲ ਕੇ ਕੰਮ ਕਰ ਰਹੇ ਹਨ ਤੇ ਇਸ ਸਬੰਧੀ ਹੋਰ ਜਾਣਕਾਰੀ ਛੇਤੀ ਦਿੱਤੀ ਜਾਵੇਗੀ। ਇਥੇ ਜਿਕਰਯੋਗ ਹੈ ਕਿ 40 ਸਾਲਾ ਸਮੰਥਾ ਵੌਲ ਇਸਾਕ ਐਗਰੀ ਡਾਊਨਟਾਊਨ ਡੈਟਰਾਇਟ ਸਿਨਾਗਾਗ ਦੀ ਪ੍ਰਧਾਨ ਹੋਣ ਦਾ ਨਾਲ ਨਾਲ ਸਥਾਨਕ , ਰਾਜ ਤੇ ਰਾਸ਼ਟਰੀ ਪੱਧਰ 'ਤੇ ਰਾਜਨੀਤੀ ਵਿਚ ਸਰਗਰਮ ਸੀ।

# ਸਾਬਕਾ ਰਾਸ਼ਟਰਪਤੀ ਟਰੰਪ ਵੱਲੋਂ ਨਿਊ ਹੈਂਪਸ਼ਾਇਰ ਪ੍ਰਾਇਮਰੀ ਤੋਂ ਅਰਜ਼ੀ ਦਾਖਲ

**ਕੌਨਕੌਰਡ-** ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੀ ਤੁਲਨਾ ਰੰਗ ਭੇਦ ਵਿਰੋਧੀ ਕਾਰਕੁਨ ਨੈਲਸਨ ਮੰਡੇਲਾ ਨਾਲ ਕੀਤੀ ਹੈ ਤੇ ਖ਼ੁਦ ਨੂੰ ਫੈਡਰਲ ਤੇ ਸੂਬਾਈ ਅਥਾਰਿਟੀ ਵੱਲੋਂ ਨਿਸ਼ਾਨੇ ’ਤੇ ਲਏ ਗਏ ਇਕ ਪੀੜਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਸਿਆਸੀ ਕਾਰਨਾਂ ਕਰ ਕੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਕਾਰੋਬਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਰਾਸ਼ਟਰਪਤੀ ਚੋਣਾਂ ਲਈ ਆਪਣੀ ਦਾਅਵੇਦਾਰੀ ਲਈ ਪ੍ਰਾਇਮਰੀ ਖਾਤਰ ਰਜਿਸਟਰੇਸ਼ਨ ਕਰਾਉਣ ਲਈ ਨਿਊ ਹੈਂਪਸ਼ਾਇਰ ਪਰਤਦਿਆਂ ਟਰੰਪ ਨੇ ਇਕ ਰੈਲੀ ਕੀਤੀ, ਜਿੱਥੇ ਉਨ੍ਹਾਂ ਇਜ਼ਰਾਈਲ ’ਤੇ ਹਮਾਸ ਦੇ ਹਮਲੇ ਦੇ ਮੁੱਦੇ ਉਤੇ ਰਾਸ਼ਟਰਪਤੀ ਜੋਅ ਬਾਇਡਨ ਦੀ ਆਲੋਚਨਾ ਕੀਤੀ ਤੇ ਅਮਰੀਕਾ ਉਤੇ ਆਇਰਨ ਡੋਮ-ਵਰਗੀ ਮਿਜ਼ਾਈਲ ਰੱਖਿਆ ਢਾਲ ਬਣਾਉਣ ਦਾ ਅਹਿਦ ਕੀਤਾ। ਜ਼ਿਕਰਯੋਗ ਹੈ ਕਿ ਟਰੰਪ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਮੋਹਰੀ ਉਮੀਦਵਾਰ ਹਨ। ਟਰੰਪ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਉਹ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਦੀ ਤਰ੍ਹਾਂ ਜੇਲ੍ਹ ਜਾਣਗੇ, ਜਿਨ੍ਹਾਂ ਆਪਣੇ ਮੁਲਕ ਵਿਚ ਰੰਗ ਭੇਦ ਦਾ ਵਿਰੋਧ ਕਰਨ ਲਈ 27 ਸਾਲ ਜੇਲ੍ਹ ਵਿਚ ਬਿਤਾਏ ਸਨ। ਬਾਅਦ ਵਿਚ ਉਹ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਬਣੇ ਤੇ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਨਿਊ ਹੈਂਪਸ਼ਾਇਰ ਦੇ ਇਕ ਕੰਪਲੈਕਸ ਵਿਚ ਲੋਕਾਂ ਦੀ ਭੀੜ ਨੂੰ ਟਰੰਪ ਨੇ ਕਿਹਾ, ‘ਸਾਨੂੰ ਆਪਣੇ ਦੇਸ਼ ਨੂੰ ਇਨ੍ਹਾਂ ਫਾਸ਼ੀਵਾਦੀਆਂ ਤੋਂ ਬਚਾਉਣਾ ਪਵੇਗਾ ਜਨ੍ਹਿਾਂ ਨਾਲ ਅਸੀਂ ਨਜਿੱਠ ਰਹੇ ਹਾਂ। ਉਹ ਭਿਆਨਕ ਲੋਕ ਹਨ ਤੇ ਉਹ ਸਾਡੇ ਦੇਸ਼ ਨੂੰ ਬਰਬਾਦ ਕਰ ਰਹੇ ਹਨ।’ ਜ਼ਿਕਰਯੋਗ ਹੈ ਕਿ ਟਰੰਪ ਨੂੰ ਚਾਰ ਅਪਰਾਧਕ ਮਾਮਲਿਆਂ ਦੇ ਨਾਲ-ਨਾਲ ਦੀਵਾਨੀ ਮਾਮਲਿਆਂ ਦੀ ਸੁਣਵਾਈ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ’ਤੇ ਸੰਪਤੀਆਂ ਬਾਰੇ ਗਲਤ ਜਾਣਕਾਰੀ ਦੇਣ, 2016 ਦੀਆਂ ਚੋਣਾਂ ਦੌਰਾਨ ਔਰਤਾਂ ਨੂੰ ਕੀਤੇ ਗਏ ਪੈਸੇ ਦੇ ਗੁਪਤ ਭੁਗਤਾਨ ਨੂੰ ਗਲਤ ਤਰੀਕੇ ਨਾਲ ਦਰਸਾਉਣ ਤੇ 2020 ਦੀਆਂ ਚੋਣਾਂ ’ਚ ਆਪਣੀ ਹਾਰ ਨੂੰ ਗੈਰਕਾਨੂੰਨੀ ਢੰਗ ਨਾਲ ਪਲਟਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਹਨ।



# ਅਮਰੀਕਾ ਦੇ ਟੈਨੇਸੀ ਰਾਜ ਵਿਚ 2 ਪੁਲਿਸ ਅਫਸਰਾਂ ਨੂੰ ਗੋਲੀਆਂ ਮਾਰ ਕੇ ਕੀਤਾ ਜ਼ਖਮੀ, ਪੁਲਿਸ ਨੂੰ ਨੈਸ਼ਵਿਲੇ ਦੇ ਪੁਲਿਸ ਮੁਖੀ ਦੇ ਪੁੱਤਰ ਦੀ ਸ਼ੱਕੀ ਦੋਸ਼ੀ ਵਜੋਂ ਤਲਾਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਟੈਨੇਸੀ ਰਾਜ ਵਿਚ 2 ਪੁਲਿਸ ਅਫਸਰਾਂ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਦੀ ਖਬਰ ਹੈ। ਪੁਲਿਸ ਇਸ ਮਾਮਲੇ ਵਿਚ ਨੈਸ਼ਵਿਲੇ ਦੇ ਪੁਲਿਸ ਮੁਖੀ ਦੇ ਪੁੱਤਰ 38 ਸਾਲਾ ਜੌਹਨ ਡਰੇਕ ਜੂਨੀਅਰ ਦੀ ਸ਼ੱਕੀ ਦੋਸ਼ੀ ਵਜੋਂ ਭਾਲ ਕਰ ਰਹੀ ਹੈ। ਟੈਨੇਸੀ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਰਾਜ ਭਰ ਵਿਚ 'ਬਲੀਊ ਅਲਰਟ' ਜਾਰੀ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੌਹਨ ਜੂਨੀਅਰ ਜਿਸ ਦੀ ਪਹਿਲਾ ਦਰਜਾ ਹੱਤਿਆ ਦੀ ਕੋਸ਼ਿਸ਼ ਦੇ ਦੋ ਮਾਮਲਿਆਂ ਵਿਚ ਲੋੜ ਹੈ, ਹਥਿਆਰਬੰਦ ਤੇ ਖਤਰਨਾਕ ਹੈ। ਉਸ ਨੂੰ ਸ਼ੱਕੀ ਦੋਸ਼ੀ ਵਜੋਂ ਅਤਿ ਲੋੜੀਂਦੇ ਸ਼ੱਕੀ ਅਪਰਾਧੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਮੈਟਰੋ ਨੈਸ਼ਵਿਲੇ ਦੇ ਪੁਲਿਸ ਮੁਖੀ ਜੌਹਨ ਡਰੇਕ ਨੇ ਪੁਸ਼ਟੀ ਕੀਤੀ ਹੈ ਕਿ ਸ਼ੱਕੀ ਉਸ ਦਾ ਪੁੱਤਰ ਹੈ। ਪੁਲਿਸ ਮੁਖੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਹ ਜਾਣ ਕੇ ਗਹਿਰਾ ਸਦਮਾ ਪੁੱਜਾ ਹੈ ਕਿ ਮੇਰਾ ਪੁੱਤਰ ਜਿਸ ਨਾਲ ਮੇਰਾ ਪਿਛਲੇ ਸਾਲਾਂ ਦੌਰਾਨ ਬਹੁਤ ਘੱਟ ਸੰਪਰਕ ਰਿਹਾ ਹੈ, ਨੀਮ ਸ਼ਹਿਰੀ ਖੇਤਰ ਲਾ ਵਰਜਨ ਦੇ 2 ਪੁਲਿਸ ਅਫਸਰਾਂ ਉਪਰ ਗੋਲੀ ਚਲਾਉਣ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਹੈ। ਮੇਰੀ ਹਮਦਰਦੀ ਜ਼ਖਮੀ ਹੋਏ ਪੁਲਿਸ ਅਫਸਰਾਂ ਨਾਲ ਹੈ। ਪੁਲਿਸ ਮੁਖੀ ਨੇ ਹੋਰ ਕਿਹਾ ਹੈ ਛੋਟੀ ਉਮਰ ਦੌਰਾਨ ਮੇਰੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਤੇ ਦਿਤੀ ਅਗਵਾਈ ਦੇ ਬਾਵਜੂਦ ਮੇਰਾ ਪੁੱਤਰ ਜੌਹਨ ਡਰੇਕ ਜੂਨੀਅਰ ਜੋ ਹੁਣ 38 ਸਾਲ ਦਾ ਹੈ, ਸਾਲਾਂ ਤੋਂ ਅਪਰਾਧਕ ਗਤੀਵਿਧੀਆਂ ਵਿਚ ਸ਼ਾਮਿਲ ਹੈ ਤੇ ਉਹ ਦੋਸ਼ੀ ਹੈ। ਪਿਛਲੇ ਸਮੇ ਤੋਂ ਉਹ ਮੇਰੇ ਜੀਵਨ ਦਾ ਹਿੱਸਾ ਨਹੀਂ ਰਿਹਾ ਹੈ। ਲਾ



ਵਰਜਨ ਦੇ ਪੁਲਿਸ ਮੁਖੀ ਕ੍ਰਿਸਟੋਫਰ ਮੋਜ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਨੈਸ਼ਵਿਲੇ ਦੇ ਨੀਮ ਸ਼ਹਿਰੀ ਖੇਤਰ ਲਾ ਵਰਜਨ ਵਿਚ ਵਾਪਰੀ। ਮੋਜ ਅਨੁਸਾਰ ਜਦੋਂ ਪੁਲਿਸ ਅਫਸਰ ਚੋਰੀ ਕੀਤੇ ਵਾਹਣ ਦੇ ਇਕ ਮਾਮਲੇ ਦੀ ਜਾਂਚ ਕਰ ਰਹੇ ਸਨ ਤਾਂ ਇਕ ਵਿਅਕਤੀ ਉਨਾਂ ਨਾਲ ਉਲਝ ਪਿਆ। ਇਸ ਦੌਰਾਨ ਉਸ ਵਿਅਕਤੀ ਨੇ ਹੈਂਡਗੰਨ ਨਾਲ ਗੋਲੀ ਚਲਾ ਦਿੱਤੀ। ਇਕ ਪੁਲਿਸ ਅਫਸਰ ਦੇ ਮੋਢੇ ਤੇ ਦੂਸਰੇ ਦੀ ਕੱਛ ਤੇ ਬਾਂਹ ਉਪਰ ਗੋਲੀਆਂ ਵੱਜੀਆਂ ਹਨ। ਪੁਲਿਸ ਮੁਖੀ ਅਨੁਸਾਰ ਜ਼ਖਮੀ ਪੁਲਿਸ ਅਫਸਰਾਂ ਨੂੰ ਵੈਂਡਰਬਿਲਟ ਯੂਨੀਵਰਸਿਟੀ ਮੈਡੀਕਲ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ ਹੈ। ਦੋਨਾਂ ਦੀ ਹਾਲਤ ਸਥਿੱਰ ਹੈ।






# ਇਨਕਲਾਬੀ ਜਥੇਬੰਦੀਆਂ ਵੱਲੋਂ ਫ਼ਲਸਤੀਨੀ ਲੋਕਾਂ ਦੇ ਹੱਕ 'ਚ ਜ਼ਬਰਦਸਤ ਰੋਸ ਮੁਜ਼ਾਹਰਾ

**ਜਲੰਧਰ, (ਦਲਜੀਤ ਕੌਰ)-** ਅੱਜ ਇਨਕਲਾਬੀ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਅਤੇ ਇਨਕਲਾਬੀ ਕੇਂਦਰ ਪੰਜਾਬ ਵਲੋਂ ਸਾਂਝੇ ਤੌਰ 'ਤੇ ਫ਼ਲਸਤੀਨੀ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਅਤੇ ਇਜ਼ਰਾਈਲ ਦੁਆਰਾ ਕੀਤੀ ਜਾ ਰਹੀ ਬੰਬਾਰੀ ਦੇ ਖਿਲਾਫ਼ ਮਾਝਾ-ਦੁਆਬਾ ਜੋਨ ਪੱਧਰੀ ਜਲੰਧਰ ਸ਼ਹਿਰ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਤੋਂ ਪਹਿਲਾਂ ਸੈਂਕੜੇ ਲੋਕਾਂ ਨੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇਕੱਠੇ ਹੋ ਕੇ ਰੈਲੀ ਕੀਤੀ।




ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)ਨਿਊ ਡੈਮੋਕਰੇਸੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕਾਮਰੇਡ ਕੰਵਲਜੀਤ ਖੰਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਦੇਸ਼ ਫ਼ਲਸਤੀਨ ਦੀ ਪ੍ਰਭੂਸੱਤਾ ਲਈ ਲੜ ਰਹੇ ਲੋਕਾਂ ਨਾਲ ਖੜਨ, ਉਹਨਾਂ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਉਣ ਅਤੇ ਇਜ਼ਰਾਈਲੀ ਬੰਬਾਰੀ ਦੇ ਖ਼ਿਲਾਫ਼ ਵਿਸ਼ਾਲ ਲਾਮਬੰਦੀ ਕਰਨ ਦੀ ਅੱਜ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਜ਼ਰਾਈਲ ਵਲੋਂ ਗਾਜ਼ਾ ਪੱਟੀ ਵਿੱਚ ਬਿਜਲੀ-ਪਾਣੀ ਬੰਦ ਕਰਕੇ ਲੋਕਾਂ ਨੂੰ ਮਾਨਵੀ ਸਹੂਲਤਾਂ ਤੋਂ ਵਾਂਝੇ ਕਰਕੇ ਮੌਤ ਦੇ ਮੂੰਹ ਵਿੱਚ ਧੱਕਿਆ ਜਾ ਰਿਹਾ ਹੈ। ਹਸਪਤਾਲਾਂ ਨੂੰ ਨਿਸ਼ਾਨਾ ਬਣਾਉਣ ਨਾਲ ਉਹ ਮੁਰਦਾ-ਘਰ ਬਣੇ ਹੋਏ ਹਨ। ਇਜ਼ਰਾਈਲ ਨੇ ਯੁੱਧ ਦੇ ਸਾਰੇ ਨਿਯਮਾਂ ਨੂੰ ਛਿੱਕੇ ਟੰਗਿਆ ਹੈ ਅਤੇ ਗਾਜ਼ਾ ਪੱਟੀ ਨੂੰ ਖੁੱਲ੍ਹੀ ਜੇਲ੍ਹ ਬਣਾਇਆ ਹੋਇਆ ਹੈ। ਉਹ ਫ਼ਲਸਤੀਨੀਆਂ ਨੂੰ ਉਹਨਾਂ ਦੇ ਆਪਣੇ ਹੀ ਦੇਸ਼ ਵਿੱਚ ਖ਼ਤਮ ਕਰਨ 'ਤੇ ਤੁਲਿਆ ਹੋਇਆ ਹੈ। ਇਜ਼ਰਾਈਲ ਸਰਕਾਰ ਦੇ ਇਹਨਾਂ ਹਮਲਿਆਂ ਦਾ ਇਜ਼ਰਾਈਲ ਦੇ ਅੰਦਰ ਵੀ ਜ਼ੋਰਦਾਰ ਵਿਰੋਧ ਹੋ ਰਿਹਾ ਹੈ।ਲੋਕ ਸਰਕਾਰ ਨੂੰ ਗੈਰ-ਜਮਹੂਰੀ, ਭ੍ਰਿਸ਼ਟ ਤੇ ਜ਼ਾਲਮ ਕਹਿ ਰਹੇ ਹਨ। ਦੁਨੀਆਂ ਭਰ ਵਿੱਚ ਲੋਕਾਂ ਦੀਆਂ ਭੀੜਾਂ ਫ਼ਲਸਤੀਨੀਆਂ ਦੇ ਹੱਕ ਵਿੱਚ ਸੜਕਾਂ ਉੱਪਰ ਉੱਤਰ ਆਈਆਂ ਹਨ। ਉਨ੍ਹਾਂ ਕਿਹਾ ਕਿ ਯੂ।ਐਨ।ਏ।ਦੇ ਜਨਰਲ ਸਕੱਤਰ ਨੇ ਵੀ ਫ਼ਲਸਤੀਨ ਵਿੱਚ ਆਮ ਲੋਕਾਂ ਨੂੰ ਦੱਖਣੀ ਗਾਜ਼ਾ ਵਿੱਚ ਲੋਕਾਂ ਨੂੰ ਘਰ ਛੱਡ ਕੇ ਜਾਣ ਲਈ ਦਿੱਤੇ ਅਲਟੀਮੇਟਮ ਨਾਲ ਬੱਚਿਆਂ, ਬੁੱਢਿਆਂ ਅਤੇ ਔਰਤਾਂ ਨੂੰ ਬੇਘਰ ਕੀਤੇ ਜਾਣ ਨਾਲ ਹੋਣ ਵਾਲੀਆਂ ਮੁਸ਼ਿਕਲਾਂ 'ਤੇ ਯੂ।ਐਨ।ਓ ਨੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਯੂ।ਐਨ।ਓ। 'ਚ ਪਾਸ ਮਤਾ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜਮਹੂਰੀਅਤ ਦੀ ਅਲੰਬਰਦਾਰੀ ਦਾ ਦਾਅਵਾ ਕਰਨ ਵਾਲੀਆਂ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਨੇ ਫ਼ਲਸਤੀਨੀਆਂ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲਿਆਂ ਵਿਰੁੱਧ ਪਾਬੰਦੀਆਂ ਲਾਉਣ ਦੇ ਐਲਾਨ ਕੀਤੇ ਹਨ ਪਰ ਇਹਨਾਂ ਪਾਬੰਦੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਫ਼ਲਸਤੀਨੀਆਂ ਦੇ ਹੱਕ ਵਿੱਚ ਪ੍ਰਦਰਸ਼ਨ ਹੋ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਫ਼ਲਸਤੀਨ ਵਿੱਚ ਹੋ ਰਹੇ ਮਨੁੱਖੀ ਘਾਣ ਸਮੇਂ ਮੋਦੀ ਦੀ ਭਾਰਤ ਸਰਕਾਰ ਫ਼ਲਸਤੀਨ ਦੀ ਸੁਰੱਖਿਆ ਅਤੇ ਪ੍ਰਭੂਸੱਤਾ ਹੱਕ 'ਚ ਤਾਂ ਬੋਲੀ ਹੈ ਪ੍ਰੰਤੂ ਹਕੀਕੀ ਰੂਪ 'ਚ ਦਿੱਲੋਂ ਦਿਮਾਗ ਨਾਲ ਇਸਰਾਇਲ ਨਾਲ ਖੜੀ ਹੈ। ਕੇਂਦਰ ਸਰਕਾਰ ਨੂੰ ਇਸਰਾਇਲ ਵਲੋਂ ਕੀਤੀ ਜਾ ਰਹੀ ਬੰਬਾਰੀ 'ਤੇ ਵਿਰੋਧ ਦਰਜ ਕਰਾਉਣਾ ਚਾਹੀਦਾ ਹੈ। ਇਸ ਮੌਕੇ ਕਾਮਰੇਡ ਸੁਰਿੰਦਰ, ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਇਸਤਰੀ ਜਾਗ੍ਰਿਤੀ ਮੰਚ ਦੇ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੇ ਵੀ ਸੰਬੋਧਨ ਕੀਤਾ।

# ਕੇਂਦਰ ਸਰਕਾਰ ਵੱਲੋਂ ਕਣਕ ਦੇ ਭਾਅ 'ਚ ਕੀਤਾ ਵਾਧਾ ਬੀਕੇਯੂ ਡਕੌਂਦਾ ਵੱਲੋਂ ਨਿਗੂਣਾ ਕਰਾਰ

**ਚੰਡੀਗੜ੍ਹ, (ਦਲਜੀਤ ਕੌਰ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਵੱਲੋਂ ਪਿੱਛਲੇ ਦਿਨੀਂ ਮੋਦੀ ਸਰਕਾਰ ਵੱਲੋਂ ਕਣਕ ਦੇ ਭਾਅ ਨੂੰ ਨਕਾਰਦਿਆਂ ਕਿਹਾ ਕਿ ਮੋਦੀ ਸਰਕਾਰ ਡਾ. ਸਵਾਮੀਨਾਥਨ ਦੀਆਂ ਐਮ.ਐਸ.ਪੀ. ਸੰਬੰਧੀ ਸਿਫਾਰਸ਼ਾਂ ਨੂੰ ਅਣਗੌਲਿਆ ਕਰ ਦੇਸ਼ ਦੀ ਕਿਸਾਨੀ ਨਾਲ ਧ੍ਰੋਹ ਕਮਾ ਰਹੀ ਹੈ। ਉਨ੍ਹਾਂ ਕਿਹਾ ਕਿ ਹਲਾਂਕਿ ਡਾ। ਸਵਾਮੀਨਾਥਨ ਦੇ ਫਾਰਮੂਲੇ ਅਨੁਸਾਰ ਪੰਜਾਬ ਸਰਕਾਰ ਨੇ ਕਣਕ ਦੀ ਫ਼ਸਲ ਦਾ ਖਰਚ (C2) 2051/- ਦੱਸਿਆ ਜਿਸ ਅਨੁਸਾਰ C2+50% ਤਹਿਤ ਕਣਕ ਦਾ ਐਮ.ਐਸ.ਪੀ. 3077 ਰੁਪਏ ਬਣਦਾ ਪਰ ਦਿੱਤਾ 2275 ਰੁਪਏ ਹੈ ਜਿਸ ਨਾਲ ਪੰਜਾਬ ਦੀ ਕਿਸਾਨੀ ਨੂੰ 802 ਪ੍ਰਤੀ ਕੁਇੰਟਲ ਘਾਟਾ ਪੈ ਰਿਹਾ ਹੈ। ਪੰਜਾਬ ਵਿੱਚ ਕੁੱਲ 35 ਲੱਖ ਹੈਕਟੇਅਰ ਤੇ ਕਣਕ ਦੀ ਬਿਜਾਈ ਹੁੰਦੀ ਤੇ ਸੂਬੇ ਵਿੱਚ ਔਸਤ ਝਾੜ 48 ਕੁਇੰਟਲ ਪ੍ਰਤੀ ਹੈਕਟੇਅਰ ਨਿਕਲਦਾ ਜਿਸ ਹਿਸਾਬ ਨਾਲ ਪ੍ਰਤੀ ਹੈਕਟੇਅਰ ਕਿਸਾਨ ਨੂੰ 38,496 ਦਾ ਘਾਟਾ ਪੈਂਦਾ ਅਤੇ ਪੂਰੇ ਪੰਜਾਬ ਦੀ ਕਿਸਾਨੀ ਨੂੰ ਕੁੱਲ ਬਿਜਾਈ ਦੇ ਹਿਸਾਬ ਨਾਲ 13500 ਕਰੋੜ ਦਾ ਘਾਟਾ ਝੱਲਣਾ ਪੈ ਰਿਹਾ ਜਿਸਨੂੰ ਜੱਥੇਬੰਦੀ ਕਦੇ ਬਰਦਾਸ਼ਤ ਨਹੀਂ ਕਰੇਗੀ।



ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ 26, 27 ਅਤੇ 28 ਨਵੰਬਰ ਨੂੰ ਤਿਨ ਰੋਜ਼ਾ ਧਰਨੇ ਸਾਰੇ ਦੇਸ਼ ਅੰਦਰ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਵੱਡੀ ਪੱਧਰ ਤੇ ਧਰਨੇ ਦਿੱਤੇ ਜਾਣਗੇ, ਜਿਹੜੇ ਕਿ ਕੇਂਦਰ ਸਰਕਾਰ ਵਿਰੁੱਧ ਹੋਣਗੇ। ਉਨ੍ਹਾਂ ਮੰਗ ਕੀਤੀ ਕਿ ਸਾਰੇ ਸੰਘਰਸ਼ਾਂ ਦੌਰਾਨ ਕਿਸਾਨਾਂ ਖਿਲਾਫ ਦਰਜ ਕੀਤੇ ਕੇਸ ਰੱਦ ਕੀਤੇ ਜਾਣ, ਲਖਮੀਰ ਖੀਰੀ ਕਤਲੇਆਮ ਦੇ ਸਾਜ਼ਿਸ਼ ਕਰਤਾ ਕੇਂਦਰੀ ਮੰਤਰੀ ਮਿਸ਼ਰਾ ਨੂੰ ਮੰਤਰੀ ਦੇ ਅਹੁਦੇਦਾਰਾਂ ਤੋਂ ਬਰਤਰਫ਼ ਕੀਤਾ ਜਾਵੇ। ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਨੇ ਮੰਗ ਕੀਤੀ ਕਿ ਸਵਾਮੀ ਨਾਥਨ ਦੇ ਵਿਛੋੜੇ ਬਾਅਦ ਤਾਂ ਉਸ ਦੀਆਂ ਸਿਫਾਰਸ਼ਾਂ ਲਾਗੂ ਕਰਕੇ ਫਸਲਾਂ ਦੀਆਂ ਲਾਗਤਾਂ ਕੀਮਤਾਂ ਨਿਯਮਤ ਕੀਤੀਆਂ ਜਾਇਆਂ ਕਰਨ।

ਸੂਬਾ ਪ੍ਰੈਸ ਸਕੱਤਰ ਇੰਦਰਪਾਲ ਸਿੰਘ ਨੇ ਕਿਹਾ ਕਿ ਲੋਕਤੰਤਰ ਦੇ ਚੋਥੇ ਥੰਬ ਵਜੋਂ ਜਾਣੇ ਜਾਂਦੇ ਮੀਡੀਆ ਤੇ ਮੋਦੀ ਸਰਕਾਰ ਵੱਲੋ ਹਮਲਾ ਕਰਨਾ ਬਹੁਤ ਹੀ ਘਨੌਣੀ ਕਰਵਾਈ ਹੈ ਸੰਯੁਕਤ ਮੋਰਚਾ ਦੇ ਫੈਸਲੇ ਅਨੁਸਾਰ ਨਿਊਜ਼ ਕਲਿੱਕ ਦੇ ਪੱਤਰਕਾਰਾਂ ਨੂੰ ਝੂਠੀ ਸਾਜਿਸ਼ ਤਹਿਤ ਫਸਾਉਣ ਖਿਲਾਫ ਭਾਰਤ ਪੱਧਰ ਤੇ 1 ਨਵੰਬਰ ਤੋਂ 5 ਨਵੰਬਰ ਤੱਕ ਪਿੰਡ ਪਿੰਡ ਰੋਸ਼ ਲਹਿਰ ਚਲਾਈ ਜਾਵੇਗੀ ਜਿਸ ਦੀ ਲੜੀ ਤਹਿਤ 6 ਨਵੰਬਰ ਨੂੰ ਤਹਿਸੀਲ ਅਤੇ ਡੀ.ਸੀ. ਦਫ਼ਤਰਾਂ ਅੱਗੇ ਰੋਸ਼ ਪ੍ਰਦਰਸ਼ਨ ਕਰ ਐਫ.ਆਈ.ਆਰ. ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।

ਇੱਥੇ ਦੱਸਣਯੋਗ ਹੈ ਕਿ ਨਿਊਜ਼ ਕਲਿੱਕ ਓਹ ਮੀਡੀਆ ਅਧਾਰਾ ਹੈ ਜਿਸ ਨੇ ਦਿੱਲੀ ਦੀਆਂ ਬਰੂਹਾਂ ਤੇ ਚੱਲੇ ਇਤਿਹਾਸਕ ਕਿਸਾਨੀ ਅੰਦੋਲਨ ਦੀ ਗੂੰਜ ਪੂਰੀ ਦੁਨੀਆਂ ਤੱਕ ਪਹੁੰਚਦੀ ਕੀਤੀ ਸੀ।

# ਸਮੂਹ ਕੈਮਿਸਟਾਂ ਨੂੰ ਨਸ਼ਿਆਂ ਦੀ ਰੋਕਥਾਮ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ





**ਸੰਗਰੂਰ, (ਦਲਜੀਤ ਕੌਰ)** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐਸ।ਐਸ।ਪੀ ਸੁਰੇਂਦਰ ਲਾਂਬਾ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ ਅਤੇ ਐਸ.ਪੀ ਪਲਵਿੰਦਰ ਸਿੰਘ ਚੀਮਾ ਨੇ ਜ਼ਿਲ੍ਹੇ ਦੀਆਂ ਸਮੂਹ ਕੈਮਿਸਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ ਨਸ਼ਿਆਂ ਦੀ ਰੋਕਥਾਮ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ ਮੀਟਿੰਗ ਦੌਰਾਨ ਉਚ ਅਧਿਕਾਰੀਆਂ ਨੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਲਾਈਨ ਦੇ ਖਾਤਮੇ ਵਿੱਚ ਕੈਮਿਸਟਾਂ ਦਾ ਸਹਿਯੋਗ ਮਹੱਤਵਪੂਰਨ ਸਾਬਤ ਹੋਵੇਗਾ ਅਤੇ ਸਭ ਦੇ ਸਾਂਝੇ ਯਤਨਾਂ ਸਦਕਾ ਹੀ ਇਸ ਸਮਾਜਿਕ ਬੁਰਾਈ ਦਾ ਮੁਕੰਮਲ ਤੌਰ 'ਤੇ ਖਾਤਮਾ ਕੀਤਾ ਜਾ ਸਕਦਾ ਹੈ। ਏ.ਡੀ.ਸੀ ਅਨਮੋਲ ਸਿੰਘ ਧਾਲੀਵਾਲ ਨੇ ਕੈਮਿਸਟਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ਼ ਵਿੱਢੀ ਮੁਹਿੰਮ ਵਿੱਚ ਯੋਗਦਾਨ ਪਾਉਂਦੇ ਹੋਏ ਅਜਿਹੇ ਮੁਨਾਫ਼ਾਖੋਰਾਂ ਨੂੰ ਸਲਾਖਾਂ ਪਿੱਛੇ ਪਹੁੰਚਾਉਣ ਵਿੱਚ ਸਹਿਯੋਗ ਦਿੱਤਾ ਜਾਵੇ ਜੋ ਕਿ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਨਸ਼ਿਆਂ ਦੀ ਮੱਕੜ ਜਾਲ ਵਿੱਚ ਧੱਕ ਦਿੰਦੇ ਹਨ। ਉਨ੍ਹਾਂ ਕਿਹਾ ਕਿ ਨਸ਼ੇ ਵਾਲੀਆਂ ਤੇ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ 'ਤੇ ਮੁਕੰਮਲ ਰੋਕ ਲਗਾਈ ਜਾਵੇ ਅਤੇ ਜਦੋਂ ਵੀ ਕੋਈ ਨਸ਼ਾ ਪੀੜਤ ਵਿਅਕਤੀ ਉਨ੍ਹਾਂ ਦੀ ਦੁਕਾਨ 'ਤੇ ਆਉਂਦਾ ਹੈ ਤਾਂ ਉਸ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ ਜਾਂ ਓਟ ਕਲੀਨਿਕ ਵਿੱਚ ਇਲਾਜ ਲਈ ਪ੍ਰੇਰਿਤ ਕੀਤਾ ਜਾਵੇ।

ਇਸ ਮੌਕੇ ਐਸ.ਪੀ ਪਲਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਕੈਮਿਸਟਾਂ ਦੀ ਫੀਡਬੈਕ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੀ ਹੈ ਅਤੇ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ਿਆਂ ਖਿਲਾਫ਼ ਜੰਗ ਵਿੱਚ ਜਾਰੀ ਹੈਲਪਲਾਈਨ ਨੰਬਰ 8054-112-112 'ਤੇ ਕੋਈ ਵੀ ਕੈਮਿਸਟ ਬਿਨਾਂ ਝਿਜਕ ਗੱਲ ਕਰਕੇ ਨਸ਼ਾ ਵਿਕਰੇਤਾਵਾਂ, ਨਸ਼ਾ ਸਪਲਾਇਰਾਂ ਤੇ ਨਸ਼ਾ ਪੀੜਤਾਂ ਬਾਰੇ ਜਾਣਕਾਰੀ ਦੇ ਸਕਦਾ ਹੈ ਅਤੇ ਇਸ ਹੈਲਪਲਾਈਨ 'ਤੇ ਆਉਣ ਵਾਲੀ ਸੂਚਨਾ ਸਬੰਧੀ ਸਾਰੇ ਵੇਰਵੇ ਮੁਕੰਮਲ ਤੌਰ 'ਤੇ ਗੁਪਤ ਰੱਖੇ ਜਾਂਦੇ ਹਨ।

ਇਸ ਮੌਕੇ ਐਸ ਡੀ ਐਮ ਨਵਰੀਤ ਕੌਰ ਸੇਖੋਂ, ਐਸ ਡੀ ਐਮ ਦਿੜ੍ਹਬਾ ਰਾਜੇਸ਼ ਸ਼ਰਮਾ, ਐਸ ਡੀ ਐਮ ਲਹਿਰਾ ਸੂਬਾ ਸਿੰਘ, ਐਸ ਡੀ ਐਮ ਭਵਾਨੀਗੜ੍ਹ ਵਿਨੀਤ ਕੁਮਾਰ, ਐਸ ਡੀ ਐਮ ਧੂਰੀ ਅਮਿਤ ਗੁਪਤਾ, ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਸਿਵਲ ਸਰਜਨ ਡਾ। ਪਰਮਿੰਦਰ ਕੌਰ ਵੀ ਹਾਜ਼ਰ ਸਨ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅਧਿਆਪਕਾਂ ਦੀਆਂ ਬਦਲੀਆਂ ਰੱਦ

**ਚੰਡੀਗੜ੍ਹ, (ਦਲਜੀਤ ਕੌਰ)** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਹੁਕਮ ਜਾਰੀ ਕਰਦੇ ਹੋਏ ਸਕੂਲ ਆਫ ਐਮੀਨੈਂਸ (SOE) ਵਿੱਚ ਕੀਤੀਆਂ 162 ਅਧਿਆਪਕਾਂ, ਲੈਕਚਰਾਰਾਂ ਅਤੇ ਕੰਪਿਊਟਰ ਅਧਿਆਪਕਾਂ ਦੀਆਂ ਬਦਲੀਆਂ/ਤੈਨਾਤੀਆਂ ਦੇ ਹੁਕਮ ਰੱਦ ਕਰ ਦਿੱਤੇ ਗਏ ਹਨ। ਇੱਕ ਪੱਤਰ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਡਾਇਰੈਕਟਰ ਸਕੂਲ ਆਫ ਐਜੂਕੇਸ਼ਨ (ਸੈਕੰਡਰੀ) ਦੇ ਹੁਕਮ ਮਿਤੀ 13-10-2023 ਰਾਹੀਂ ਸਕੂਲ ਆਫ ਐਮੀਨੈਂਸ (SOE) ਵਿੱਚ ਕੀਤੇ 162 ਅਧਿਆਪਕਾਂ, ਲੈਕਚਰਾਰਾਂ ਅਤੇ ਕੰਪਿਊਟਰ ਅਧਿਆਪਕਾਂ ਦੀਆਂ ਬਦਲੀਆਂ/ਤੈਨਾਤੀਆਂ ਦੇ ਹੁਕਮ ਚੱਲ ਰਹੇ ਵਿਦਿਆਕ ਸ਼ੈਸ਼ਨ ਦੌਰਾਨ ਬੱਚਿਆ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਤੁਰੰਤ ਪ੍ਰਭਾਵ ਤੋਂ ਰੱਦ ਕਰ ਦਿੱਤੇ ਹਨ।

# ਖੇਤ ਵਿੱਚ ਪਰਾਲੀ ਨੂੰ ਅੱਗ ਲਾਉਣ ਵਾਲੇ ਪਿੰਡ ਬਡਲਾ ਦੇ ਕਿਸਾਨ ਨੂੰ ਕੀਤਾ ਗਿਆ 15 ਹਜ਼ਾਰ ਰੁਪਏ ਜੁਰਮਾਨਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਲੁਧਿਆਣਾ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਬਡਲਾ ਤਹਿਸੀਲ ਹੁਸ਼ਿਆਰਪੁਰ ਵਿਖੇ ਪਰਾਲੀ ਨੂੰ ਅੱਗ ਲਗਾਉਣ ਦੀ ਘਟਨਾ ਦਾ ਪਤਾ ਲੱਗਾ। ਸੂਚਨਾ ਮਿਲਣ 'ਤੇ ਕਲੱਸਟਰ ਅਫ਼ਸਰ ਡਾ: ਅਧਿਰਾਜ ਸਿੰਘ (ਵੈਟਰਨਰੀ ਅਫ਼ਸਰ), ਨੋਡਲ ਅਫ਼ਸਰ ਗੁਰਿੰਦਰ ਸਿੰਘ (ਪੰਚਾਇਤ ਅਫ਼ਸਰ) ਅਤੇ ਪਟਵਾਰੀ ਕੁਲਵਿੰਦਰ ਸਿੰਘ ਨੇ ਮੌਕੇ ਦਾ ਦੌਰਾ ਕੀਤਾ। ਇਸ ਦੌਰਾਨ ਕਰੀਬ 6 ਏਕੜ ਰਕਬੇ ਵਿੱਚ ਪਰਾਲੀ ਸਾੜਨ ਦੀ ਘਟਨਾ ਦੀ ਪੁਸ਼ਟੀ ਹੋਈ ਹੈ। ਐਸ ਡੀ ਐਮ ਨੇ ਦੱਸਿਆ ਕਿ ਇਸ ਦੌਰਾਨ ਅਧਿਕਾਰੀਆਂ ਵਲੋਂ ਸਬੰਧਤ ਕਿਸਾਨ ਪਰਮਜੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਬਡਲਾ ਨਾਲ ਸੰਪਰਕ ਕੀਤਾ ਗਿਆ। ਕਿਸਾਨ ਵੱਲੋਂ ਤਸੱਲੀਬਖਸ਼ ਸਪੱਸ਼ਟੀਕਰਨ ਨਾ ਦੇਣ ਕਾਰਨ ਕਿਸਾਨ ਨੂੰ 15 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਖੇਤੀਬਾੜੀ ਅਫਸਰ ਹੁਸ਼ਿਆਰਪੁਰ-2 ਦੀਪਕ ਪੁਰੀ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਸੀਆਰਐਮ ਸਕੀਮ ਤਹਿਤ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਸਬਸਿਡੀ 'ਤੇ ਪਰਾਲੀ ਪ੍ਰਬੰਧਨ ਲਈ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ। ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨ ਦੀ ਲੋੜ ਹੈ ਤਾਂ ਉਹ ਬਲਾਕ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰੇ ਪਰ ਕਿਸੇ ਵੀ ਹਾਲਤ ਵਿੱਚ ਪਰਾਲੀ ਨਾ ਸਾੜਨ ਅਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ। ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਧਰਮਵੀਰ ਸ਼ਾਰਦਾ, ਸਰਪੰਚ ਹਰੀਪਾਲ ਸਿੰਘ ਅਤੇ ਹੋਰ ਕਿਸਾਨ ਵੀ ਹਾਜ਼ਰ ਸਨ।



# 1979- 80 ਬੈਚ ਦੇ ਹਮ ਜਮਾਤੀਆਂ ਦੀ ਮੀਟਿੰਗ 29 ਅਕਤੂਬਰ ਨੂੰ ਭਵਾਨੀਪੁਰ 'ਚ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸਮਾਜ ਸੇਵੀ ਸ ਭਾਗ ਸਿੰਘ ਅਟਵਾਲ ਪਿੰਡ ਨੈਣਵਾਂ ਅਤੇ ਸਮਾਜ ਸੇਵੀ ਡਾ ਜਸਵੀਰ ਸਿੰਘ ਕਾਲੇਵਾਲ ਦੇ ਯਤਨਾ ਸਦਕਾ 1979- 80 ਬੈਚ ਦੇ ਜਮਾਤੀਆਂ ਦੀ ਦੂਜੀ ਮੀਟਿੰਗ 29 ਅਕਤੂਬਰ ਦਿਨ ਐਤਵਾਰ ਨੂੰ ਸੀਨੀਅਰ ਸੈਕੰਡਰੀ ਸਕੂਲ ਗੁਰਬਿਸ਼ਨਪੁਰੀ ਭਵਾਨੀਪੁਰ ਵਿਖੇ ਕਰਵਾਈ ਜਾ ਰਹੀ ਹੈ। ਜਿਸ ਵਿੱਚ ਵੱਧ ਤੋਂ ਵੱਧ ਜਮਾਤੀ ਸ਼ਾਮਿਲ ਹੋਣ ਦੀ ਆਸ ਕੀਤੀ ਜਾ ਰਹੀ ਹੈ। ਇਸ ਮੌਕੇ ਉੱਤੇ, ਉਸ ਸਮੇਂ ਦੇ ਅਧਿਆਪਕਾਂ ਨੂੰ ਵੀ ਬੁਲਾਇਆ ਗਿਆ ਹੈ, ਅਤੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਇਲਾਕਾ ਬੀਤ ਦੇ ਸਮੂਹ ਪੱਤਰਕਾਰਾਂ ਨੂੰ ਵੀ ਬੁਲਾ ਕੇ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਕਿਉਂਕਿ ਮੀਡੀਆ ਦਾ ਲੋਕਤੰਤਰ ਵਿੱਚ ਅਹਿਮ ਰੋਲ ਹੁੰਦਾ ਹੈ। ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਸਰਦਾਰ ਭਾਗ ਸਿੰਘ ਅਟਵਾਲ ਜੀ ਨੇ ਦੱਸਿਆ ਹੈ ਕਿ ਪਿਛਲੀ ਮੀਟਿੰਗ ਵਿੱਚ ਮੈਂ ਵਿਦੇਸ਼ ਵਿੱਚ ਹੋਣ ਕਰਕੇ ਹਾਜ਼ਰ ਨਹੀਂ ਹੋ ਸਕਿਆ ਸੀ। ਉਨਾਂ ਨੇ ਦੱਸਿਆ ਹੈ ਕਿ ਅਸੀਂ ਇਸ ਗੱਲ ਦਾ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ ਕਿ ਅਸੀਂ ਆਪਣੇ 1980 ਵਿੱਚ 62 ਜਮਾਤੀਆਂ ਵਿੱਚੋਂ 59 ਦੇ ਨਾਲ ਸੰਪਰਕ ਕਾਇਮ ਕਰ ਲਿਆ ਹੈ। ਬਹੁਤ ਦੁੱਖ ਦੀ ਗੱਲ ਹੈ ਕਿ ਸਾਡੇ ਵਿੱਚੋਂ ਤਿੰਨ ਜਮਾਤੀ ਇਸ ਦੁਨੀਆ ਨੂੰ ਛੱਡ ਚੁੱਕੇ ਹਨ। ਆਪਣੇ ਹਮ ਜਮਾਤੀਆਂ ਅਤੇ ਗੁਰੂ ਸਾਹਿਬਾਨ ਨੂੰ ਮਿਲ ਕੇ ਅਸੀਂ ਬਹੁਤ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਾਂ। ਇਸ ਮੀਟਿੰਗ ਵਿੱਚ ਪੰਜਾਬ ਮੁਲਾਜ਼ਮ ਜਥੇਬੰਦੀ ਦੇ ਪ੍ਰਧਾਨ ਰਾਣਾ ਸਤੀਸ਼ ਕੁਮਾਰ, ਸਮਾਜ ਸੇਵੀ ਅਤੇ ਮੁਲਾਜ਼ਮ ਲੀਡਰ ਰਾਮਜੀ ਦਾਸ ਚੌਹਾਨ ਤੋ ਇਲਾਵਾ ਸਾਰੇ ਹੀ ਹਮ ਜਮਾਤੀਆਂ ਦਾ ਅਹਿਮ ਰੋਲ ਰਹੇਗਾ।



ਦੇਸ਼ ਦੁਆਬਾ

## ਮਹਾਨ ਵਿਗਿਆਨੀ
# ਅਲਫਰਡ ਨੋਬਲ ਨੂੰ ਯਾਦ ਕਰਦਿਆਂ

ਅਲਫਰਡ ਨੋਬਲ ਦਾ ਜਨਮ 21 ਅਕਤੂਬਰ 1833 ਨੂੰ ਹੋਇਆ। ਉਸ ਦਾ ਪਿਤਾ ਜੋ ਉਸ ਸਮੇਂ ਧਮਾਕਾਖੇਜ਼ ਵਸਤਾਂ ਦੇ ਰਸਾਇਣਕ ਸਰੂਪ ਦਾ ਅਧਿਐਨ ਕਰ ਰਿਹਾ ਸੀ, ਇਕ ਤੀਖਣ ਬੁੱਧੀ ਅਤੇ ਉੱਦਮੀ ਸੁਭਾਅ ਵਾਲਾ ਸਤਿਕਾਰਤ ਇੰਜੀਨੀਅਰ ਸੀ। ਜਲਦੀ ਹੀ ਉਹ ਪਾਣੀ ਵਿਚ ਚੱਲਣ ਵਾਲੀ ਬਾਰੂਦੀ ਸੁਰੰਗ ਬਣਾਉਣ ਵਿਚ ਸਫ਼ਲ ਹੋ ਗਿਆ। ਇਹ ਅਜਿਹਾ ਹਥਿਆਰ ਸੀ, ਜਿਸ ਨੇ ਤੁਰੰਤ ਵਿਦੇਸ਼ੀ ਸ਼ਕਤੀਆਂ ਦਾ ਧਿਆਨ ਖਿੱਚਿਆ , ਜੋ ਇਸ ਨੂੰ ਆਪਣੇ ਹਥਿਆਰਾਂ ਦੇ ਭੰਡਾਰ 'ਚ ਸ਼ਾਮਲ ਕਰਨਾ ਚਾਹੁੰਦੀਆਂ ਸਨ।

ਅਲਫਰਡ ਦੇ ਪਿਤਾ ਨੂੰ ਆਈਆਂ ਬਹੁਤ ਸਾਰੀਆਂ ਪੇਸ਼ਕਸ਼ਾਂ 'ਚੋਂ ਇਕ ਰੂਸ ਵੱਲੋਂ ਸੀ। ਉਸ ਨੇ ਇਸ ਨੂੰ ਸਵੀਕਾਰ ਕਰ ਲਿਆ ਤੇ ਪੀਟਰਜ਼ਬਰਗ (ਜਿਸ ਨੂੰ ਹੁਣ ਲੈਨਿਨਗਰਾਦ ਕਿਹਾ ਜਾਂਦਾ ਹੈ) ਵਿਖੇ ਚਲਾ ਗਿਆ , ਜਿੱਥੇ ਉਸ ਨੂੰ ਪਾਣੀਦੋਜ਼ ਬਾਰੂਦੀ ਸੁਰੰਗਾਂ ਦੇ ਵੱਡੇ ਪੈਮਾਨੇ 'ਤੇ ਉਤਪਾਦਨ ਲਈ ਇਕ ਅਸਲੇਖਾਨੇ ਵਿਚ ਰਹਿਣਾ ਪਿਆ। ਅਲਫਰਡ ਦੀ ਪੜ੍ਹਾਈ ਸਟਾਕਹੋਮ ਵਿਚ ਸ਼ੁਰੂ ਹੋਈ, ਪੀਟਰਜ਼ਬਰਗ ਵਿਚ ਜਾਰੀ ਰਹੀ ਤੇ ਅਮਰੀਕਾ ਵਿਚ ਪੂਰੀ ਹੋਈ,ਜਿੱਥੇ ਉਸ ਨੂੰ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਭੇਜਿਆ ਗਿਆ। ਜਲਦੀ ਹੀ ਰਸਾਇਣ ਵਿਗਿਆਨ ਤੇ ਮਕੈਨਿਕਸ ਵੱਲ ਉਸ ਦਾ ਝੁਕਾਅ ਸਪਸ਼ਟ ਹੋ ਗਿਆ ਤੇ ਲੋਕ ਉਸ ਬਾਰੇ ਇਕ ਨਵੀਂ ਕਿਸਮ ਦੇ ਗੈਸੋਮੀਟਰ (ਗੈਸ ਟੈਂਕ 'ਚੋਂ ਬਾਹਰ ਜਾ ਰਹੀ ਗੈਸ ਮਾਪਣ ਦਾ ਯੰਤਰ) ਤੇ ਪਾਣੀ ਦੀ ਮਾਤਰਾ ਮਾਪਣ ਦੇ ਨਵੇਂ ਯੰਤਰ ਦੇ ਨੌਜਵਾਨ ਈਜਾਦਕਾਰ ਵਜੋਂ ਗੱਲਾਂ ਕਰ ਰਹੇ ਸਨ। ਇਸ ਦੌਰਾਨ ਜਿਨ੍ਹਾਂ ਸੈਨਿਕ ਲੋੜਾਂ ਨੇ ਰੂਸ ਨੂੰ ਅਲਫਰਡ ਦੇ ਪਿਤਾ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਮਜਬੂਰ ਕੀਤਾ ਸੀ, ਉਹ ਪ੍ਰਭਾਵੀ ਨਾ ਰਹੀਆਂ। ਜਿਹੜੇ ਇਨਕਲਾਬਾਂ ਨੇ ਯੂਰਪ ਨੂੰ ਇੰਨੇ ਸਾਲਾਂ ਤੋਂ ਸਤਾਇਆ ਹੋਇਆ ਸੀ, ਨੈਪੋਲੀਅਨ ਦੇ ਪਤਨ ਤੋਂ ਬਾਅਦ ਉਨ੍ਹਾਂ ਦਾ ਚੱਕਰ ਪੂਰਾ ਹੋ ਚੁੱਕਾ ਸੀ ਤੇ ਪੀਟਰਜ਼ਬਰਗ ਵਿਚ ਬਾਰੂਦੀ ਸੁਰੰਗਾਂ ਬਣਾਉਣੀਆਂ ਤੇ ਇਨ੍ਹਾਂ ਨੂੰ ਬਣਾਉਣ ਵਾਲੇ ਕਾਰਖਾਨੇ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਗਿਆ। ਨੋਬਲ ਪਰਿਵਾਰ ਅੱਗੇ ਸਵੀਡਨ ਵਿਚ ਵਾਪਸ ਆਉਣ ਅਤੇ ਆਪਣੇ ਦੇਸ਼ ਵਿਚ ਮੁੜ ਆਪਣਾ ਕੰਮ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਆਪਣੇ ਭਰਾ ਤੇ ਪਿਤਾ ਦੇ ਸਹਿਯੋਗ ਨਾਲ ਹੁਣ ਅਲਫਰਡ ਨੋਬਲ ਨੇ ਸਨਅਤੀ ਪੱਧਰ 'ਤੇ ਨਾਈਟਰੋ-ਗਲਿਸਰਿਨ ਦੀ ਇਕ ਸਕੀਮ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਸ ਚੀਜ਼ ਦੀ ਖੋਜ ਸੰਨ 1847 ਵਿਚ ਇਕ ਇਤਾਲਵੀ, ਐਸਕੇਨੀਓ ਸੋਬਰੇਰੋ (1812-88) ਵੱਲੋਂ ਕੀਤੀ ਗਈ ਸੀ ਜਿਸ ਨੇ ਬਾਅਦ ਵਿਚ ਖੇਤੀ ਅਤੇ ਖਾਣ-ਖੁਦਾਈ ਵਿਚ ਡਾਇਨਾਮਾਈਟ ਦੀ ਵਰਤੋਂ ਵਿਕਸਤ ਕਰਨੀ ਸੀ ਪਰ ਇਸ ਧਮਾਕਾਖੇਜ਼ ਵਸਤੂ 'ਤੇ ਕੰਮ ਕਰਨ ਵਿਚ ਛੁਪੇ ਖ਼ਤਰੇ ਕਾਰਨ ਕੋਈ ਵੀ ਨਾਈਟਰੋ-ਗਲਿਸਰਿਨ ਨੂੰ ਸਨਅਤੀ ਪੱਧਰ 'ਤੇ ਪੈਦਾ ਕਰਨ 'ਚ ਸਫ਼ਲ ਨਹੀਂ ਸੀ ਹੋ ਸਕਿਆ । ਪ੍ਰਯੋਗ ਕਾਫ਼ੀ ਅੱਗੇ ਪਹੁੰਚ ਚੁੱਕੇ ਸਨ ਤੇ ਇੰਜ ਲੱਗ ਰਿਹਾ ਸੀ ਕਿ ਸਫ਼ਲਤਾ ਨੇੜੇ-ਤੇੜੇ ਹੈ ਪਰ ਇਕ ਹਾਦਸੇ ਨੇ ਸਾਰੇ ਪਰਿਵਾਰ ਨੂੰ ਅਫਸੋਸ-ਗ੍ਰਸਤ ਕਰ ਦਿੱਤਾ। ਨਵੀਂ ਵਰਕਸ਼ਾਪ ਹਾਲੇ ਸ਼ੁਰੂ ਹੀ ਹੋਈ ਸੀ ਕਿ ਭਿਆਨਕ ਧਮਾਕੇ 'ਚ ਕਈ ਵਿਅਕਤੀ ਮਾਰੇ ਗਏ ਤੇ ਅਲਫਰਡ ਦਾ ਭਰਾ ਮਰਨ ਵਾਲਿਆਂ 'ਚੋਂ ਇਕ ਸੀ। ਸਹਿਯੋਗ ਤੇ ਧਨ ਦੀ ਕਮੀ ਕਾਰਨ ਅਲਫਰਡ ਹੁਣ ਗੰਭੀਰ ਸੰਕਟ 'ਚ ਸੀ। ਉਸ ਨੂੰ ਬਹੁਤ ਹੌਸਲੇ ਦੀ ਲੋੜ ਸੀ। ਜੇ ਉਸ ਨੇ ਆਪਣੇ ਪ੍ਰਯੋਗ ਜਾਰੀ ਰੱਖਣੇ ਸਨ ਤਾਂ ਉਸ ਨੂੰ ਕਿਸੇ ਅਜਿਹੇ ਸਥਾਨ 'ਤੇ ਕੰਮ ਕਰਨਾ ਪੈਣਾ ਸੀ, ਜਿੱਥੇ ਉਸ ਦੇ ਕੰਮ ਕਾਰਨ ਕਿਸੇ ਦੂਜੇ ਦੀ ਜਾਨ ਨੂੰ ਖ਼ਤਰਾ ਨਾ ਹੋਵੇ। ਸੋ ਉਸ ਨੇ ਇਕ ਕਿਸ਼ਤੀ ਭਾੜੇ 'ਤੇ ਲਈ ਤੇ ਆਪਣੀ ਨਾਟੀਟਰੋ-ਗਲਿਸਰਿਨ ਉਸ ਪਾਣੀ 'ਤੇ ਤੈਰਦੀ ਫਿਰਦੀ ਪ੍ਰਯੋਗਸ਼ਾਲਾ 'ਚ ਲੈ ਗਿਆ। ਖ਼ੁਸ਼ਕਿਸਮਤੀ ਨਾਲ ਇੱਥੇ ਕੁਝ ਵੀ ਮੰਦਭਾਗਾ ਨਹੀਂ ਵਾਪਰਿਆ। ਨਤੀਜੇ ਇੰਨੇ ਚੰਗੇ ਸਨ ਕਿ ਅਲਫਰਡ ਨੇ ਜਲਦੀ ਹੀ ਦੋ ਫੈਕਟਰੀਆਂ ਖੋਲ੍ਹ ਲਈਆਂ-ਇਕ ਜਰਮਨੀ 'ਚ ਅਤੇ ਦੂਜੀ ਸਵੀਡਨ 'ਚ ਪਰ ਇਹ ਖ਼ਦਸ਼ਾ ਹਮੇਸ਼ਾ ਕਾਇਮ ਰਿਹਾ ਕਿ ਕਿਸੇ ਵੀ ਸਮੇਂ ਦੁਬਾਰਾ ਫਿਰ ਧਮਾਕਾ ਉਸ ਦਾ ਸਾਰਾ ਕਾਰੋਬਾਰ ਠੱਪ ਕਰ ਸਕਦਾ ਹੈ। ਇਸ ਦੇ ਮੱਦੇਨਜ਼ਰ ਅਲਫਰਡ ਨਾਈਟਰੋ-ਗਲਿਸਰਿਨ ਵਿਚ ਕੋਈ ਅਜਿਹਾ ਪਦਾਰਥ ਮਿਲਾਉਣਾ ਚਾਹੁੰਦਾ ਸੀ, ਜੋ ਅਕਿਰਿਆਸ਼ੀਲ ਹੋਣ ਦੇ ਨਾਲ-ਨਾਲ ਮਿਲਣਸ਼ੀਲ ਵੀ ਹੋਵੇ। ਨਾਈਟਰੋ-ਗਲਿਸਰਿਨ ਨੂੰ ਇਸ ਤਰ੍ਹਾਂ ਬਦਲ ਕੇ ਅਲਫਰਡ ਨੇ ਬਹੁਤ ਸੁਰੱਖਿਅਤ ਧਮਾਕਾਖੇਜ਼ ਤਿਆਰ ਕਰ ਲਿਆ। ਇਸ ਦਾ ਨਾਂ ਡਾਇਨਮਿਕ ਰੱਖਿਆ ਗਿਆ , ਜੋ 10 ਸਤੰਬਰ 1867 ਨੂੰ ਪੇਟੈਂਟ ਕਰਵਾਇਆ ਗਿਆ ਤੇ ਜਿਸ ਦੀ ਜਲਦੀ ਹੀ ਸੰਸਾਰ ਭਰ ਵਿਚ ਹਥਿਆਰ ਨਿਰਮਾਤਾਵਾਂ ਵੱਲੋਂ ਵਰਤੋਂ ਹੋਣ ਲੱਗੀ। ਇਸ ਦੀ ਖੋਜ ਨੇ ਭਾਰੀ ਦਿਲਚਸਪੀ ਪੈਦਾ ਕੀਤੀ। ਸਪਸ਼ਟ ਤੌਰ 'ਤੇ ਇਸ ਦੀ ਵਰਤੋਂ ਸੜਕਾਂ ਬਣਾਉਣ, ਖਾਣਾਂ ਦੀ ਖੁਦਾਈ ਤੇ ਰੇਲ ਮਾਰਗ ਵਿਛਾਉਣ ਵੇਲੇ ਹੋਣ ਲੱਗੀ।ਜਦ ਉਸ ਦੀਆਂ ਖੋਜਾਂ ਨੂੰ ਹਾਲੇ ਫ਼ਲ ਲੱਗਣ ਹੀ ਲੱਗੇ ਸਨ, ਜਿਨ੍ਹਾਂ ਨੇ ਉਸ ਨੂੰ ਆਪਣੇ ਸਮੇਂ ਦੇ ਸਭ ਤੋਂ ਅਮੀਰ ਵਿਅਕਤੀਆਂ 'ਚੋਂ ਇਕ ਬਣਾ ਦੇਣਾ ਸੀ ਤਾਂ ਫਰਾਂਸ ਵਿਚ ਨੋਬਲ ਵਿਰੋਧੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਕੁਝ ਸਿਆਸਤਦਾਨਾਂ ਤੇ ਸਨਅਤਕਾਰਾਂ ਨੇ ਉਸ ਵੱਲੋਂ ਯੁੱਧ ਦੀ ਭਿਅੰਕਰਤਾ ਵਿਚ ਵਾਧਾ ਕੀਤੇ ਜਾਣ ਲਈ ਸਖ਼ਤ ਆਲੋਚਨਾ ਕੀਤੀ। ਉਹ ਭੁੱਲ ਗਏ ਕਿ ਐਲਪਸ ਪਰਬਤ ਦੇ ਹੇਠ ਬਣੀਆਂ ਸਿੰਪਲਨ ਤੇ ਸੈਨ ਗੋਟਹਾਰਡ ਸੁਰੰਗਾਂ ਜਿਨ੍ਹਾਂ 'ਚੋਂ ਇਕ ਬਾਰਾਂ ਮੀਲ ਤੇ ਦੂਜੀ ਲਗਪਗ ਦਸ ਮੀਲ ਲੰਮੀ ਸੀ, ਡਾਇਨਾਮਾਈਟ ਦੀ ਸਹਾਇਤਾ ਤੋਂ ਬਿਨਾਂ ਬਣ ਹੀ ਨਹੀਂ ਸਨ ਸਕਦੀਆਂ। ਉਨ੍ਹਾਂ ਨੇ ਇਹ ਸਭ ਕੁਝ ਨਜ਼ਰਅੰਦਾਜ਼ ਕਰਦਿਆਂ ਨੋਬਲ ਦੇ ਇਸ ਜਵਾਬ ਦਾ ਮਜ਼ਾਕ ਉਡਾਇਆ। ਫਿਰ ਸਾਲ 1891 ਦੀ ਇਕ ਸਵੇਰ ਨੂੰ ਜਦ ਅਲਫਰਡ ਨੋਬਲ ਪੈਰਿਸ ਵਿਚ ਸੀ, ਉਸ ਨੂੰ ਅਖ਼ਬਾਰਾਂ ਦੀਆਂ ਸੁਰਖ਼ੀਆਂ 'ਚ ਆਪਣੀ ਹੀ ਮੌਤ ਦੀ ਖ਼ਬਰ ਪੜ੍ਹ ਕੇ ਬਹੁਤ ਅਚੰਭਾ ਹੋਇਆ। ਜਿਸ ਗੱਲ ਨੇ ਉਸ ਨੂੰ ਸਭ ਤੋਂ ਵੱਧ ਦੁੱਖ ਪਹੁੰਚਾਇਆ, ਉਹ ਸੀ ਫਰਾਂਸ ਦੀ ਸਾਰੀ ਪ੍ਰੈੱਸ ਦੁਆਰਾ ਉਸ ਦੇ ਜੀਵਨ ਭਰ ਦੇ ਕੰਮ ਬਾਰੇ ਕੀਤੀਆਂ ਗਈਆਂ ਚੁਭਵੀਆਂ ਟਿੱਪਣੀਆਂ। ਇਕ ਅਖ਼ਬਾਰ ਨੇ ਉਸ ਨੂੰ 'ਦੁਸ਼ਟ ਪ੍ਰਤਿਭਾ ਦਾ ਮਾਲਕ' ਕਿਹਾ, ਦੂਜੇ ਨੇ ਉਸ ਨੂੰ 'ਤਬਾਹੀ ਦਾ ਸਵੈ-ਸਿੱਖਿਅਤ ਮਾਹਰ' ਗਰਦਾਨਿਆ। ਸਭ ਅਖ਼ਬਾਰਾਂ ਨੇ ਇਸ ਗੱਲ 'ਤੇ ਭਾਰੀ ਰਾਹਤ ਦਾ ਪ੍ਰਗਟਾਵਾ ਕੀਤਾ ਕਿ ਆਖ਼ਰਕਾਰ ਇਹ ਮਨੁੱਖ, ਜਿਸ ਨੇ ਆਪਣਾ ਜੀਵਨ ਯੁੱਧਾਂ ਨੂੰ ਉਤਸ਼ਾਹਿਤ ਕਰਨ ਤੇ ਆਪਣੇ ਸਾਥੀ ਮਨੁੱਖਾਂ ਨੂੰ ਤਬਾਹੀ ਦੇ ਕੰਢੇ 'ਤੇ ਲਿਆਉਣ ਲਈ ਸਮਰਪਿਤ ਕੀਤਾ ਸੀ। ਆਖ਼ਰਕਾਰ ਇਸ ਸੱਭਿਅਕ ਸੰਸਾਰ ਤੋਂ ਦਫਾ ਹੋ ਗਿਆ ਹੈ। ਇਹੋ ਜਿਹੀ ਹਿੰਸਾਤਾਮਕ ਭਾਵਨਾ ਉਸ ਲਈ ਬਰਦਾਸ਼ਤ ਤੋਂ ਬਾਹਰ ਸੀ। ਆਪਣੇ ਵਿਰੁੱਧ ਫਰਾਂਸ ਵਿਚ ਪੈਦਾ ਹੋਈ ਨਫ਼ਰਤ ਦੀ ਲਹਿਰ ਦਾ ਸਾਹਮਣਾ ਕਰਨ ਦੀ ਥਾਂ ਨੋਬਲ ਨੇ ਦੇਸ਼ ਛੱਡਣ ਅਤੇ ਇਟਲੀ ਦੀ ਇਕ ਸ਼ਾਂਤਮਈ ਤੇ ਛੋਟੀ ਜਿਹੀ ਸਮੁੰਦਰੀ ਆਰਾਮਗਾਹ ਸੈਨ ਰੇਮੋ ਵਿਚ ਕੰਮ ਕਰਨ ਦਾ ਫ਼ੈਸਲਾ ਕੀਤਾ। ਇੱਥੇ ਉਸ ਨੇ ਰਸਾਇਣ ਵਿਗਿਆਨ ਤੇ ਭੌਤਿਕ ਵਿਗਿਆਨ ਦੇ ਹੋਰ ਖੇਤਰਾਂ ਵਿਚ ਕਈ ਨਵੀਆਂ ਖੋਜਾਂ ਕੀਤੀਆਂ ਪਰ ਉਹ ਇਸ ਆਰਾਮਗਾਹ ਵਿਚ ਵੀ ਲੋਕਾਂ ਦੀ ਨਫ਼ਰਤ ਤੋਂ ਬਚ ਨਾ ਸਕਿਆ। ਅਲਫਰਡ ਨੂੰ ਪਤਾ ਸੀ ਕਿ ਉਹ ਬਹੁਤ ਲੰਮਾ ਸਮਾਂ ਜੀਵਿਤ ਨਹੀਂ ਰਹੇਗਾ ਤੇ ਉਹ ਸੱਚਮੁੱਚ ਸੰਨ 1896 ਵਿਚ ਇਸ ਸੰਸਾਰ ਤੋਂ ਕੂਚ ਕਰ ਗਿਆ। ਆਪਣੇ ਜੀਵਨ ਦੇ ਇਸ ਆਖ਼ਰੀ ਸਾਲ ਵਿਚ ਉਸ ਨੇ ਆਪਣੇ ਜੀਵਨ ਦਾ ਸਭ ਤੋਂ ਮਹਾਨ ਫ਼ੈਸਲਾ ਲਿਆ। ਆਪਣੀ ਵਸੀਅਤ ਤਿਆਰ ਕਰਦੇ ਸਮੇਂ ਉਸ ਨੇ ਕਾਫ਼ੀ ਸਾਰਾ ਧਨ ਅਲੱਗ ਰੱਖ ਕੇ ਨੋਬਲ ਟਰੱਸਟ ਦੀ ਸਥਾਪਨਾ ਕਰ ਦਿੱਤੀ ਜਿਸ 'ਚੋਂ ਪ੍ਰਸਿੱਧ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ। ਹਰ ਸਾਲ ਪੰਜ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ ਤੇ ਚੋਣ ਕਰਨ ਸਮੇਂ ਉਮੀਦਵਾਰ ਦੀ ਰਾਸ਼ਟਰੀਅਤਾ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ।

**- ਪ੍ਰੋ. ਅੱਛਰੂ ਸਿੰਘ**

# 2024 ਦੀਆਂ ਚੋਣਾਂ ਤੇ ਲੋਕਤੰਤਰ ਦਾ ਭਵਿੱਖ



**ਜਗਰੂਪ ਸਿੰਘ ਸੇਖੋਂ**


ਲੋਕਤੰਤਰ ਵਿਚ ਚੋਣਾਂ ਨਾਗਰਿਕਾਂ ਦੇ ਸਿਆਸੀ ਵਿਹਾਰ ਅਤੇ ਵਿਸ਼ਵਾਸ ਦਾ ਪ੍ਰਤੀਕ ਹੁੰਦੀਆਂ ਹਨ। ਉਹ ਆਪਣੀ ਪਸੰਦ ਦੇ ਉਮੀਦਵਾਰ ਅਤੇ ਪਾਰਟੀਆਂ ਦੀ ਚੋਣ ਕਰਦੇ ਹਨ। ਸਥਾਪਤ ਲੋਕਤੰਤਰ ਵਿਚ ਨਾਗਰਿਕ ਆਪਣੇ ਮਤ ਅਧਿਕਾਰ ਦੀ ਵਰਤੋਂ ਆਪਣੀ ਸੋਚ ਸਮਝ, ਸਿਆਸੀ ਤਰਜੀਹਾਂ ਅਤੇ ਆਪਣੇ ਚੰਗੇਰੇ ਭਵਿੱਖ ਦੀ ਆਸ ਨੂੰ ਸਾਹਮਣੇ ਰੱਖ ਕੇ ਕਰਦੇ ਹਨ ਪਰ ਅੱਜ ਚੋਣਾਂ ਦੀਆਂ ਪ੍ਰਚਾਰ ਸਾਧਨ ਤਕਨੀਕਾਂ ਨੇ ਚੋਣਾਂ ਦੇ ਸਮੇਂ ਕਈ ਸਵਾਲ ਪੈਦਾ ਕੀਤੇ ਹਨ। ਦੂਸਰੇ ਸੰਸਾਰ ਯੁੱਧ ਤੋਂ ਬਾਅਦ ਦੱਖਣੀ ਅਮਰੀਕਾ, ਅਫਰੀਕਾ ਤੇ ਏਸ਼ੀਆ ਦੇ ਨਵੇਂ ਆਜ਼ਾਦ ਦੇਸ਼ਾਂ ਨੇ ਸਾਮਰਾਜ ਤੋਂ ਆਜ਼ਾਦੀ ਪ੍ਰਾਪਤ ਕਰਨ ਪਿੱਛੋਂ ਲੋਕਤੰਤਰੀ ਪ੍ਰਣਾਲੀ ਅਪਣਾਈ ਪਰ ਸਮਾਜਿਕ, ਆਰਥਿਕ ਤੇ ਸਿਆਸੀ ਅਸਮਰੱਥਾ ਅਤੇ ਸਮੇਂ ਸਿਰ ਨਿਰਪੱਖ ਚੋਣਾਂ ਨਾ ਹੋਣ ਕਰ ਕੇ ਉਨ੍ਹਾਂ ਵਿਚੋਂ ਬਹੁਤੇ ਤਾਨਾਸ਼ਾਹੀ ਤੇ ਗ਼ੈਰ-ਜਮਹੂਰੀ ਢਾਂਚੇ ਵਿਚ ਬਦਲ ਗਏ।

ਭਾਰਤ ਵਿਚ ਅਗਲੇ ਸਾਲ 18ਵੀਆਂ ਆਮ ਚੋਣਾਂ ਹੋ ਰਹੀਆਂ ਹਨ। ਆਜ਼ਾਦ ਭਾਰਤ ਵਿਚ 1950 ਵਿਚ ਸੰਵਿਧਾਨ ਲਾਗੂ ਹੋਣ ਤੋਂ ਦੋ ਸਾਲ ਬਾਅਦ ਪਹਿਲੀਆਂ ਆਮ ਚੋਣਾਂ 1951-52 ਵਿਚ ਹੋਈਆਂ। ਉਦੋਂ ਤੋਂ ਅੱਜ ਤਕ ਭਾਰਤੀ ਲੋਕਤੰਤਰ ਨੇ ਬਹੁਤ ਉਤਰਾਅ-ਚੜ੍ਹਾਅ ਦੇਖੇ। ਸਭ ਤੋਂ ਵੱਡਾ ਚੈਲੰਜ 1960 ਦੇ ਦਹਾਕੇ ਵਿਚ ਆਇਆ ਜਦੋਂ ਦੇਸ਼ ਨੂੰ ਵੱਡੇ ਖ਼ਤਰਿਆਂ ਦਾ ਸਾਹਮਣਾ ਕਰਨਾ ਪਿਆ। ਇਸ ਵਿਚ ਚੀਨ (1962) ਤੇ ਪਾਕਿਸਤਾਨ (1965) ਨਾਲ ਯੁੱਧ, ਪ੍ਰਧਾਨ ਮੰਤਰੀ ਨਹਿਰੂ ਤੇ ਲਾਲ ਬਹਾਦਰ ਸ਼ਾਸਤਰੀ ਦੀ ਮੌਤ, ਵੱਡਾ ਸੋਕਾ, ਮੁਦਰਾ ਦੀ ਘਟਦੀ ਕੀਮਤ, ਸਿਆਸੀ ਤੇ ਆਰਥਕ ਅਸਥਿਰਤਾ, ਅਨਾਜ ਦੀ ਘਾਟ ਆਦਿ ਸਨ। ਇਨ੍ਹਾਂ ਹਾਲਾਤ ਨੂੰ ਦੇਖ ਕੇ ਅਮਰੀਕੀ ਵਿਦਵਾਨ ਸੈਲਗ ਹੈਰੀਸਨ ਨੇ ਆਪਣੀ ਕਿਤਾਬ 'ਭਾਰਤ: ਸਭ ਤੋਂ ਖ਼ਤਰਨਾਕ ਦਹਾਕੇ' (ਇਨਦਿਅ: ਠਹੲ ਮੋਸਟ ਧਅਨਗੲਰੋੁਸ ਧੲਚਅਦੲਸ) ਵਿਚ ਦੇਸ਼ ਤੇ ਲੋਕਤੰਤਰ ਦੇ ਜ਼ਿੰਦਾ ਰਹਿਣ ਬਾਰੇ ਆਪਣੇ ਸ਼ੰਕੇ ਜ਼ਾਹਿਰ ਕੀਤੇ ਸਨ ਪਰ ਇਨ੍ਹਾਂ ਚੁਣੌਤੀਆਂ ਦਾ ਲੋਕਾਂ ਨੇ ਬਹੁਤ ਦਲੇਰੀ ਤੇ ਸਮਝਦਾਰੀ ਨਾਲ ਸਾਹਮਣਾ ਕੀਤਾ ਅਤੇ ਸਰਕਾਰ ਤੇ ਕਿਸਾਨਾਂ ਦੀ ਸਫਲ 'ਹਰੀ ਕ੍ਰਾਂਤੀ' ਨੇ ਦੇਸ਼ ਨੂੰ ਇਸ ਵੱਡੇ ਖ਼ਤਰੇ ਤੋਂ ਬਾਹਰ ਕੱਢਿਆ।

ਲੋਕਤੰਤਰ ਨੂੰ ਦੂਜਾ ਵੱਡਾ ਖ਼ਤਰਾ 25 ਜੂਨ 1975 ਵਿਚ ਇੰਦਰਾ ਗਾਂਧੀ ਦੁਆਰਾ ਐਮਰਜੈਂਸੀ ਲਾਉਣ ਨਾਲ ਹੋਇਆ। ਉਸ ਸਮੇਂ ਦੀ ਹਾਕਮ ਜਮਾਤ ਨੇ ਲੋਕਤੰਤਰ ਦੀ ਨੁਮਾਇੰਦਗੀ ਕਰਨ ਵਾਲੀਆਂ ਸੰਸਥਾਵਾਂ ਅਤੇ ਸਰਕਾਰ ਵਿਰੋਧੀ ਵਿਚਾਰ ਰੱਖਣ ਵਾਲੇ ਨੇਤਾਵਾਂ ਤੇ ਲੋਕਾਂ 'ਤੇ ਦਮਨ ਕੀਤਾ ਪਰ ਮੌਕਾ ਮਿਲਣ 'ਤੇ 1977 ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਉਤਰੀ ਭਾਰਤ ਦੇ ਰਾਜਾਂ ਵਿਚੋਂ ਬਿਲਕੁਲ ਗਾਇਬ ਹੋ ਗਈ। ਉਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰਾਏ ਬਰੇਲੀ ਤੋਂ ਜਨਤਾ ਪਾਰਟੀ ਦੇ ਉਮੀਦਵਾਰ ਰਾਜ ਨਰਾਇਣ ਤੋਂ ਹਾਰ ਗਈ। ਇਨ੍ਹਾਂ ਚੋਣਾਂ ਵਿਚ ਦੇਸ਼ ਦੇ ਨਾਗਰਿਕਾਂ ਨੇ ਬਹੁਤ ਹਿੰਮਤ, ਦਲੇਰੀ ਤੇ ਸਮਝ ਨਾਲ ਤਾਨਾਸ਼ਾਹੀ ਨਿਜ਼ਾਮ ਨੂੰ ਟੱਕਰ ਦੇ ਕੇ ਲੋਕਤੰਤਰ ਨੂੰ ਫਿਰ ਲੀਹਾਂ 'ਤੇ ਲਿਆਂਦਾ। ਇਸ ਤੋਂ ਬਾਅਦ ਖ਼ਾਸ ਕਰ ਕੇ 1980 ਤੋਂ ਬਾਅਦ ਭਾਰਤ ਦੀ ਸਿਆਸਤ ਵਿਚ ਪਿਛੜੇ ਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਹੋਣੀ ਸ਼ੁਰੂ ਹੋ ਗਈ। ਇਉਂ ਲੋਕਤੰਤਰ ਦਿਨੋ-ਦਿਨ ਚੁਣੌਤੀਆਂ ਪਾਰ ਕਰਦਾ ਲੋਕਾਂ ਦਾ ਵਿਸ਼ਵਾਸ ਪਾਤਰ ਬਣਿਆ ਰਿਹਾ। ਇਸ ਦੇ ਨਾਲ ਹੀ ਇਸ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਤਗ਼ਮਾ ਹਾਸਿਲ ਕੀਤਾ। ਪੱਛਮੀ ਦੇਸ਼ਾਂ ਦੇ ਬਹੁਤ ਸਾਰੇ ਵਿਦਵਾਨਾਂ ਲਈ ਵੀ ਇਹ ਕਿਸੇ ਪਹੇਲੀ ਤੋਂ ਘੱਟ ਨਹੀਂ ਸੀ ਕਿ ਘੋਰ ਗਰੀਬੀ, ਅਨਪੜ੍ਹਤਾ, ਜਾਤ-ਪਾਤ, ਧਰਮਾਂ, ਖਿੱਤਿਆਂ, ਬੋਲੀਆਂ ਤੇ ਰਹਿਣ ਸਹਿਣ ਦੇ ਵਖਰੇਵੇਂ ਦੇ ਬਾਵਜੂਦ ਲੋਕਤੰਤਰ ਦੀ ਲਗਾਤਾਰਤਾ ਬਣੀ ਰਹੀ।

2014, ਖ਼ਾਸ ਕਰ ਕੇ 2019 ਦੀਆਂ ਚੋਣਾਂ ਤੋਂ ਬਾਅਦ ਭਾਰਤੀ ਲੋਕਤੰਤਰ ਇਕ ਵਾਰ ਫਿਰ ਵੱਡੀਆਂ ਢਾਂਚਾਗਤ ਚੁਣੌਤੀਆਂ ਵਿਚੋਂ ਲੰਘ ਰਿਹਾ ਹੈ। 2014 ਦੀਆਂ ਚੋਣਾਂ ਤੋਂ ਬਾਅਦ ਲੋਕਤੰਤਰ ਅਤੇ ਗਣਰਾਜ ਦੀ ਨਵੀਂ ਪਰਿਭਾਸ਼ਾ ਨੇ ਲੋਕਤੰਤਰ ਨੂੰ ਸੋਚੀ ਸਮਝੀ ਸਿਆਸਤ ਹੇਠ ਕਮਜ਼ੋਰ ਕਰਨ ਤੇ ਅਖ਼ੀਰ ਇਕ ਬਹੁਲਤਾ ਆਧਾਰਿਤ ਰਾਜ ਕਾਇਮ ਕਰਨ ਵਾਲੇ ਪਾਸੇ ਤੋਰਾ ਪਾਇਆ ਹੈ। ਹਾਲਾਤ ਇਥੋਂ ਤਕ ਪਹੁੰਚ ਗਏ ਹਨ ਕਿ ਹੁਣ ਬਹੁਤ ਸਾਰੇ ਚਿੰਤਕਾਂ ਦਾ ਖ਼ਿਆਲ ਹੈ ਕਿ ਜੇ 2024 ਦੀਆਂ ਚੋਣਾਂ ਵਿਚ ਹਾਕਮ ਪਾਰਟੀ ਦੁਬਾਰਾ ਸੱਤਾ ਵਿਚ ਆਉਂਦੀ ਹੈ ਤਾਂ ਮੌਜੂਦਾ ਲੋਕਤੰਤਰ ਬਚਾਉਣ ਲਈ ਬਹੁਤ ਵੱਡੀ ਜਦੋ-ਜਹਿਦ ਕਰਨੀ ਪਵੇਗੀ।

**2014, ਖ਼ਾਸ ਕਰ ਕੇ 2019 ਦੀਆਂ ਚੋਣਾਂ ਤੋਂ ਬਾਅਦ ਭਾਰਤੀ ਲੋਕਤੰਤਰ ਇਕ ਵਾਰ ਫਿਰ ਵੱਡੀਆਂ ਢਾਂਚਾਗਤ ਚੁਣੌਤੀਆਂ ਵਿਚੋਂ ਲੰਘ ਰਿਹਾ ਹੈ। 2014 ਦੀਆਂ ਚੋਣਾਂ ਤੋਂ ਬਾਅਦ ਲੋਕਤੰਤਰ ਅਤੇ ਗਣਰਾਜ ਦੀ ਨਵੀਂ ਪਰਿਭਾਸ਼ਾ ਨੇ ਲੋਕਤੰਤਰ ਨੂੰ ਸੋਚੀ ਸਮਝੀ ਸਿਆਸਤ ਹੇਠ ਕਮਜ਼ੋਰ ਕਰਨ ਤੇ ਅਖ਼ੀਰ ਇਕ ਬਹੁਲਤਾ ਆਧਾਰਿਤ ਰਾਜ ਕਾਇਮ ਕਰਨ ਵਾਲੇ ਪਾਸੇ ਤੋਰਾ ਪਾਇਆ ਹੈ। ਹਾਲਾਤ ਇਥੋਂ ਤਕ ਪਹੁੰਚ ਗਏ ਹਨ ਕਿ ਹੁਣ ਬਹੁਤ ਸਾਰੇ ਚਿੰਤਕਾਂ ਦਾ ਖ਼ਿਆਲ ਹੈ ਕਿ ਜੇ 2024 ਦੀਆਂ ਚੋਣਾਂ ਵਿਚ ਹਾਕਮ ਪਾਰਟੀ ਦੁਬਾਰਾ ਸੱਤਾ ਵਿਚ ਆਉਂਦੀ ਹੈ ਤਾਂ ਮੌਜੂਦਾ ਲੋਕਤੰਤਰ ਬਚਾਉਣ ਲਈ ਬਹੁਤ ਵੱਡੀ ਜਦੋ-ਜਹਿਦ ਕਰਨੀ ਪਵੇਗੀ।**



ਅਜਿਹੇ ਹਾਲਾਤ ਸਮਝਣ ਵਾਸਤੇ ਸਾਨੂੰ ਪਿਛਲੇ ਸਮੇਂ ਵਿਚ ਹੋਈਆਂ ਸਿਆਸੀ, ਆਰਥਿਕ, ਸਮਾਜਿਕ ਆਦਿ ਘਟਨਾਵਾਂ 'ਤੇ ਨਜ਼ਰਸਾਨੀ ਕਰਨੀ ਪਵੇਗੀ। ਸਭ ਤੋਂ ਪਹਿਲਾਂ ਇਸ ਸਮੇਂ ਵਿਚ ਲੋਕਤੰਤਰ ਦੇ ਮੰਦਰ ਪਾਰਲੀਮੈਂਟ ਦੀ ਕਾਰਗੁਜ਼ਾਰੀ ਵਿਚ ਵੱਡੀ ਗਿਰਾਵਟ ਦੇਖਣ ਨੂੰ ਮਿਲਦੀ ਹੈ। ਇਸ ਦਾ ਵੱਡਾ ਕਾਰਨ ਰਾਜ ਕਰਨ ਵਾਲੀ ਧਿਰ ਵਿਚ ਸ਼ਾਮਲ ਲੋਕਾਂ ਦਾ ਵਿਹਾਰ ਤੇ ਕਿਰਦਾਰ ਹੈ। ਸਦਨ ਵਿਚ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਮੈਂਬਰ ਵੱਲੋਂ ਵਿਰੋਧੀ ਪਾਰਟੀ ਦੇ ਘੱਟ ਗਿਣਤੀ ਨਾਲ ਸਬੰਧਿਤ ਮੈਂਬਰ ਬਾਰੇ ਕੀਤੀਆਂ ਟਿੱਪਣੀਆਂ ਤੇ ਧਮਕੀਆਂ ਨੇ ਤਾਂ ਸਾਰੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਧਨਾਢ, ਜਰਾਇਮ ਪੇਸ਼ਾ ਰਿਕਾਰਡ ਵਾਲੇ ਲੋਕ, ਬਾਹੂਬਲੀ ਆਦਿ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ ਵਿਚ ਪਹੁੰਚ ਗਏ ਹਨ। ਇਹ ਵਰਤਾਰਾ ਪਿੰਡ ਦੀ ਪੰਚਾਇਤ ਤੋਂ ਸ਼ੁਰੂ ਹੋ ਕੇ ਦੇਸ਼ ਦੀ ਪਾਰਲੀਮੈਂਟ ਤੱਕ ਹੈ। ਇਉਂ ਨਾ ਕੇਵਲ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ ਦੀ ਮਰਿਆਦਾ ਭੰਗ ਹੋਈ ਹੈ, ਬਹੁਤੀ ਵਾਰ ਪਾਰਲੀਮੈਂਟ ਦਾ ਸੈਸ਼ਨ ਬਿਨਾ ਕੋਈ ਸਾਰਥਕ ਕੰਮ ਕੀਤੇ ਖ਼ਤਮ ਹੋ ਜਾਂਦਾ ਹੈ। ਰਾਜ ਕਰ ਰਹੀ ਧਿਰ ਦੇ ਮੈਂਬਰਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਵਿਹਾਰ ਤੇ ਆਚਰਨ ਮੁਤਾਬਕ ਵਿਰੋਧੀ ਧਿਰਾਂ ਦੇ ਮੈਂਬਰਾਂ ਨਾਲ ਨਜਿੱਠਣ। ਵਿਰੋਧੀ ਧਿਰ ਦੀ ਆਵਾਜ਼ ਹਰ ਤਰੀਕੇ ਦਬਾਈ ਜਾਂਦੀ ਹੈ। ਬਿਨਾ ਬਹਿਸ ਬਿੱਲ ਪਾਸ ਕਰਵਾ ਕੇ ਕਾਨੂੰਨ ਬਣਾਏ ਅਤੇ ਲਾਗੂ ਕੀਤੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਨਾਗਰਿਕਤਾ, ਜੰਮੂ ਕਸ਼ਮੀਰ, ਲੇਬਰ ਕੋਡ, ਸੂਚਨਾ ਦੇ ਹੱਕ, ਕਿਸਾਨੀ ਬਿੱਲ, ਨਵੀਂ ਵਿਦਿਆ ਨੀਤੀ, ਦੇਸ਼ ਦੇ ਕੀਮਤੀ ਸਾਧਨਾਂ ਦੀ ਵੇਚ ਵੱਟ, ਵਿੱਤੀ ਸੰਸਥਾਵਾਂ ਤੇ ਸਰਕਾਰੀ ਸਾਧਨਾਂ ਦੇ ਨਿੱਜੀਕਰਨ ਆਦਿ ਨਾਲ ਸਾਰੇ ਕਾਨੂੰਨ ਬਿਨਾ ਸਾਰਥਕ ਬਹਿਸ ਤੇ ਵਿਰੋਧੀ ਧਿਰਾਂ ਦੇ ਸੁਝਾਅ ਤੋਂ ਪਾਸ ਕਰ ਦਿੱਤੇ।

ਇਸ ਦੌਰਾਨ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਵਿਦਿਆਰਥੀਆਂ ਆਦਿ 'ਤੇ ਸਰਕਾਰੀ ਦਮਨ ਵਧਿਆ ਹੈ। ਵੱਡੀ ਗਿਣਤੀ ਲੋਕ ਬਿਨਾ ਕਿਸੇ ਠੋਸ ਸਬੂਤ ਸਖ਼ਤ ਕਾਨੂੰਨਾਂ ਤਹਿਤ ਮੁਕੱਦਮੇ ਦਰਜ ਕਰ ਕੇ ਅਦਾਲਤਾਂ ਵਿਚ ਕੇਸ ਚਲਾਏ ਬਿਨਾ ਜੇਲ੍ਹਾਂ ਵਿਚ ਹਨ। ਇਸ ਦੇ ਉਲਟ ਸਰਕਾਰ ਦੀ ਸ਼ਹਿ 'ਤੇ ਕੰਮ ਕਰਨ ਵਾਲਿਆਂ ਦੀ ਪੁਸ਼ਤ ਪਨਾਹ ਕੀਤੀ ਜਾਂਦੀ ਹੈ। ਅਜਿਹੇ ਵਰਤਾਰੇ ਨਾਲ ਰਾਜ ਕਰਦੀ ਧਿਰ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਜਿਸ ਨਾਲ ਹਰ ਉਹ ਸ਼ਖ਼ਸ ਜਿਹੜਾ ਹਾਕਮ ਜਮਾਤ ਦੀ ਸੁਰ ਵਿਚ ਸੁਰ ਨਹੀਂ ਮਿਲਾਉਂਦਾ, ਡਰਿਆ ਤੇ ਸਹਿਮਿਆ ਹੋਇਆ ਹੈ। ਸਟੀਵਨ ਲੈਵਿਟਸਕੀ ਤੇ ਡੈਨੀਅਲ ਜਬਿਲਾਟ ਦੀ ਕਿਤਾਬ 'ਜਮਹੂਰੀਅਤਾਂ ਕਿਵੇਂ ਮਰਦੀਆਂ ਹਨ' (How democraices die) ਵਿਚੋਂ ਲੋਕਤੰਤਰ ਦੇ ਖ਼ਤਮ ਹੋਣ ਦੇ ਸਾਰੇ ਅੰਸ਼ ਇਸ ਵੇਲੇ ਦੇਸ਼ ਵਿਚ ਦਿਖਾਈ ਦਿੰਦੇ ਹਨ। ਇਹ ਸਭ ਦੇ ਸਾਹਮਣੇ ਹੈ ਕਿ ਕਿਵੇਂ ਲੋਕਾਂ ਦੁਆਰਾ ਚੁਣੇ ਨੁਮਾਇੰਦੇ ਲੋਕਤੰਤਰੀ ਸੰਸਥਾਵਾਂ ਦਾ ਘਾਣ ਕਰਦੇ ਹਨ।

ਇਸ ਤੋਂ ਇਲਾਵਾ ਸੰਵਿਧਾਨ ਵਿਚ ਦਿੱਤੇ ਮੌਲਿਕ ਅਧਿਕਾਰਾਂ ਦੀ ਮਹੱਤਤਾ ਦਿਨੋ-ਦਿਨ ਘਟ ਰਹੀ ਹੈ। ਇਸ ਦੇ ਨਾਲ ਹੀ ਭਾਗ ਚੌਥੇ ਵਿਚ ਦਿੱਤੇ 'ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ' ਵਿਚ ਲੋਕ ਕਲਿਆਣਕਾਰੀ ਰਾਜ ਦੀ ਸਥਾਪਨਾ ਦੇ ਉਲਟ ਸੰਸਥਾਵਾਂ ਦਾ ਘਾਣ ਕਰ ਕੇ 'ਏਕੇ ਅਧਿਕਾਰ ਵਾਲਾ ਨਿਜ਼ਾਮ' ਸਿਰਜਿਆ ਜਾ ਰਿਹਾ ਹੈ। ਸੰਵਿਧਾਨ ਦੇ ਆਰਟੀਕਲ 324 ਵਿਚ ਚੋਣ ਕਮਿਸ਼ਨ ਦੁਆਰਾ ਨਿਆਂ ਪੂਰਨ ਤੇ ਨਿਰਪੱਖ ਚੋਣਾਂ ਕਰਾਉਣ ਬਾਰੇ ਵੀ ਬਹੁਤ ਕਿੰਤੂ ਪ੍ਰੰਤੂ ਉੱਠ ਰਹੇ ਹਨ। ਦੱਸਣਾ ਬਣਦਾ ਹੈ ਕਿ ਨਿਰਪੱਖ ਤੇ ਨਿਆਂ ਪੂਰਨ ਚੋਣਾਂ ਨਾਲ ਹੀ ਲੋਕਤੰਤਰ ਦੀਆਂ ਨੀਂਹਾਂ ਮਜ਼ਬੂਤ ਹੁੰਦੀਆਂ ਹਨ। ਭਾਰਤੀ ਰਿਜਰਵ ਬੈਂਕ, ਮਨੁੱਖੀ ਅਧਿਕਾਰ ਕਮਿਸ਼ਨ, ਨਸ਼ੇ ਤੇ ਆਰਥਿਕ ਅਪਰਾਧ ਕੰਟਰੋਲ ਕਰਨ ਦੀਆਂ ਸੰਸਥਾਵਾਂ, ਸੀਬੀਆਈ, ਪੁਲੀਸ, ਹੇਠਲੇ ਪੱਧਰ ਦੀ ਨਿਆਇਕ ਅਵਸਥਾ 'ਤੇ ਸਿਆਸੀ ਦਬਾਅ, ਲੇਖਾ ਅਨੁਦਾਨ ਵਿਭਾਗ, ਯੂਨੀਵਰਸਿਟੀਆਂ ਤੇ ਸਬੰਧਿਤ ਸੰਸਥਾਵਾਂ ਆਦਿ ਬਹੁਤ ਹੀ ਸੰਕਟਕਾਲੀ ਹਾਲਾਤ ਵਿਚੋਂ ਨਿਕਲ ਰਹੀਆਂ ਹਨ; ਇਥੋਂ ਤੱਕ ਕਿ ਸਰਕਾਰ ਉੱਤੇ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਪੇਗਾਸਸ ਵਰਗੇ ਖ਼ਤਰਨਾਕ ਜਾਸੂਸੀ ਯੰਤਰਾਂ ਦੀ ਵਰਤੋਂ ਦੇ ਦੋਸ਼ ਲੱਗੇ ਹਨ। ਅੰਗਰੇਜ਼ੀ ਸਾਮਰਾਜ ਵਿਚ ਬਣੇ ਲੋਕ ਵਿਰੋਧੀ ਕਾਨੂੰਨਾਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਕਾਨੂੰਨ ਬਣਾ ਕੇ ਇਨ੍ਹਾਂ ਦੀ ਵਰਤੋਂ ਸਰਕਾਰ ਖਿਲਾਫ ਉਠੀ ਕਿਸੇ ਵੀ ਆਵਾਜ਼ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਹੁਣੇ ਹੁਣੇ 'ਨਿਊਜ਼ ਕਲਿਕ' ਦੀ ਲੋਕ ਪੱਖੀ ਪੱਤਰਕਾਰੀ 'ਤੇ ਸਰਕਾਰੀ ਦਮਨ ਇਸ ਦੀ ਮਿਸਾਲ ਹਨ।

ਹੱਦ ਤਾਂ ਉਦੋਂ ਹੋ ਗਈ ਜਦੋਂ ਨੀਤੀ ਆਯੋਗ ਦੇ ਵੱਡੇ ਅਫਸਰ ਨੇ ਕਿਹਾ ਕਿ "ਭਾਰਤ ਵਿਚ ਬਹੁਤ ਸਾਰਾ ਲੋਕਤੰਤਰ ਹੈ, ਇਸ ਲਈ ਸਾਨੂੰ ਸਾਰਿਆਂ ਦੀ ਮਦਦ ਕਰਨੀ ਪੈਂਦੀ ਹੈ।" ਕੁਝ ਦਿਨ ਪਹਿਲਾਂ ਭਾਰਤੀ ਜਨਤਾ ਪਾਰਟੀ ਸਮਰਥਕ ਰਾਜ ਸਭਾ ਵਿਚ ਮਨੋਨੀਤ ਵੱਡੇ ਨਿਆਇਕ ਅਫਸਰ ਨੇ ਤਾਂ ਮੌਜੂਦਾ ਸੰਵਿਧਾਨ ਦੀ ਹੁਣ ਦੇ ਸਮੇਂ ਵਿਚ ਸਾਰਥਕਤਾ 'ਤੇ ਹੀ ਸਵਾਲ ਕਰ ਦਿੱਤਾ। ਅਜਿਹੇ ਬਿਆਨਾਂ ਦਾ ਮਤਲਬ ਵੱਖਰੀ ਤਰ੍ਹਾਂ ਦਾ ਲੋਕਤੰਤਰ ਸਥਾਪਤ ਕਰਨ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਖ਼ਾਸ ਫਿਰਕੇ ਜਾਂ ਧਰਮ ਨਾਲ ਸਬੰਧਿਤ ਲੋਕਾਂ ਦਾ ਸਿਆਸੀ, ਸਭਿਆਚਾਰ, ਸਮਾਜਿਕ, ਆਰਥਿਕ ਆਦਿ ਏਕਾਧਿਕਾਰ ਸਥਾਪਤ ਕੀਤਾ ਜਾ ਸਕੇ।

ਭਾਰਤੀ ਲੋਕਤੰਤਰ ਵਿਚ ਪਿਛਲੇ ਦਸ ਸਾਲ ਵਿਚ ਹੋਈਆਂ ਤਬਦੀਲੀਆਂ ਦਾ ਕੌਮਾਂਤਰੀ ਸੰਗਠਨਾਂ ਤੇ ਹੋਰਨਾਂ ਨੇ ਵੀ ਨੋਟਿਸ ਲਿਆ ਹੈ। ਉਨ੍ਹਾਂ ਮੁਤਾਬਕ ਭਾਰਤੀ ਲੋਕਤੰਤਰ ਬਹੁਸੰਖਿਅਕ ਲੋਕਤੰਤਰ ਵੱਲ ਵਧ ਰਿਹਾ ਹੈ। ਜਿਸ ਤਰੀਕੇ ਨਾਲ ਰਾਜ ਕਰ ਰਹੀ ਪਾਰਟੀ ਦੀ ਸ਼ਹਿ 'ਤੇ ਗ਼ੈਰ-ਸੰਵਿਧਾਨਕ ਹਿੰਦੂ ਸਿਆਸੀ ਤੇ ਧਾਰਮਿਕ ਸੰਗਠਨ ਪੈਰ ਪਸਾਰ ਰਹੇ ਹਨ ਤੇ ਘੱਟ ਗਿਣਤੀਆਂ ਪ੍ਰਤੀ ਨਫ਼ਰਤ ਫੈਲਾ ਰਹੇ ਹਨ, ਭੜਕਾਊ ਭਾਸ਼ਣ ਦਿੱਤੇ ਜਾ ਰਹੇ ਹਨ, ਇਸ ਨਾਲ ਘੱਟ ਗਿਣਤੀਆਂ ਤੇ ਅਵਾਮ ਵਿਚ ਭੈਅ ਹੈ।

ਸਰਕਾਰੀ ਤੇ ਗ਼ੈਰ-ਸਰਕਾਰੀ ਦਮਨ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਨੂੰ ਪੂਰੀ ਤਾਕਤ ਨਾਲ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਸਰਕਾਰ ਦੇ ਕੰਮਾਂ 'ਤੇ ਲਗਾਤਾਰ ਸਵਾਲ ਉਠਾਏ ਜਾ ਰਹੇ ਹਨ ਪਰ ਸਰਕਾਰ ਆਪਣੇ ਤਰੀਕੇ ਨਾਲ ਟਾਲ-ਮਟੋਲ ਕਰ ਦਿੰਦੀ ਹੈ। ਕੁਲ ਮਿਲਾ ਕੇ ਦੇਸ਼ ਵੱਡੇ ਇਮਤਿਹਾਨ ਵਿਚੋਂ ਗੁਜ਼ਰ ਰਿਹਾ ਹੈ।

2024 ਦੀਆਂ ਚੋਣਾਂ ਦੇਸ਼ ਅਤੇ ਨਾਗਰਿਕਾਂ ਦਾ ਭਵਿੱਖ ਤੈਅ ਕਰਨਗੀਆਂ। ਹੁਣ ਇਹ ਨਾਗਰਿਕਾਂ ਨੇ ਦੇਖਣਾ ਹੈ ਕਿ ਉਹ ਕਿਸ ਕਿਸਮ ਦੇ ਭਾਰਤੀ ਲੋਕਤੰਤਰ 'ਤੇ ਆਪਣਾ ਭਵਿੱਖ ਦੇਖਣਾ ਚਾਹੁੰਦੇ ਹਨ। ਲੱਗਦਾ ਹੈ, ਇਨ੍ਹਾਂ ਚੋਣਾਂ ਵਿਚ ਲੋਕਾਂ ਦਾ ਫ਼ੈਸਲਾ ਪਿਛਲੇ ਸਮਿਆਂ ਵਾਂਗ ਲੋਕਤੰਤਰ ਨੂੰ ਬਚਾਉਣ ਤੇ ਤਕੜਾ ਕਰਨ ਵਾਲੇ ਪਾਸੇ ਹੋਵੇਗਾ ਅਤੇ ਵਨਿਾਸ਼ਕਾਰੀ ਤਾਕਤਾਂ ਦੀ ਵੱਡੀ ਹਾਰ ਹੋਵੇਗੀ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪਰਾਲੀ ਨੂੰ ਅੱਗ ਲਗਾ ਕੇ ਕਿਸਾਨ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਦੇ ਉਲਟ ਜਾ ਰਹੇ ਹਨ: ਕੈਬਨਿਟ ਮੰਤਰੀ ਅਮਨ ਅਰੋੜਾ

**ਖੇੜੀ/ਸੰਗਰੂਰ (ਦਲਜੀਤ ਕੌਰ)** ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਥਾਨਕ ਪਿੰਡ ਖੇੜੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਫ਼ਾਰਮ ਵਿਖੇ ਲਗਾਏ ਗਏ ਅੰਤਰ ਜ਼ਿਲ੍ਹਾ ਕਿਸਾਨ ਮੇਲੇ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਲਹਿਰਾ ਬਰਿੰਦਰ ਗੋਇਲ ਅਤੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੀ ਹਾਜ਼ਰ ਸਨ।

ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਕਿਸਾਨਾਂ ਨੂੰ ਖੇਤੀ ਦੀਆਂ ਨਵੀਆਂ ਤਕਨੀਕਾਂ ਅਤੇ ਫ਼ਸਲਾਂ ਦੇ ਬੀਜਾਂ ਬਾਰੇ ਜਾਗਰੂਕ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਅਗਵਾਈ ਵਿੱਚ ਲਗਾਏ ਜਾਂਦੇ ਅਜਿਹੇ ਮੇਲੇ ਬਹੁਤ ਲਾਹੇਵੰਦ ਹੁੰਦੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਯਤਨਾਂ ਤਹਿਤ ਹੀ ਕਿਸਾਨਾਂ ਨੂੰ ਖੇਤੀਬਾੜੀ ਲਈ ਹਰ ਸੰਭਵ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਕਿਸਾਨਾਂ ਵੱਲੋਂ ਝੋਨੇ ਦੀ ਵਾਢੀ ਤੋਂ ਬਾਅਦ ਬਚਦੀ ਪਰਾਲੀ ਨੂੰ ਅੱਗ ਲਗਾਈ ਜਾ ਰਹੀ ਸੀ ਜਿਸਨੂੰ ਰੋਕਣ ਲਈ ਹੁਣ ਪੰਜਾਬ ਸਰਕਾਰ ਵੱਲੋਂ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਲੋੜੀਂਦੀ ਮਸ਼ੀਨਰੀ ਵੀ ਸਬਸਿਡੀ ਉੱਪਰ ਮੁਹੱਈਆ ਕਰਵਾਈ ਜਾ ਰਹੀ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਮਾੜੇ ਰੁਝਾਨ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਹਵਾ ਤੇ ਮਿੱਟੀ ਦੇ ਨਾਲ-ਨਾਲ ਪੂਰਾ ਵਾਤਾਵਰਨ ਹੀ ਪਲੀਤ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ



ਇਸ ਤਰ੍ਹਾਂ ਪਰਾਲੀ ਨੂੰ ਅੱਗ ਲਗਾ ਕੇ ਕਿਸਾਨ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਉਲਟ ਕੰਮ ਕਰਦੇ ਹਨ ਜਿਸ ਤੋਂ ਸਾਨੂੰ ਹਰ ਤਰੀਕੇ ਬਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਹਵਾ ਨੂੰ ਗੁਰੂ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ ਅਤੇ ਪਰਾਲੀ ਸਾੜਨ ਨਾਲ ਇਨ੍ਹਾਂ ਦੋਵਾਂ ਦਾ ਬਹੁਤ ਵੱਡੇ ਪੱਧਰ ਉੱਪਰ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਕਿਸਾਨਾਂ ਨੂੰ ਵੀ ਅਪੀਲ ਹੈ ਕਿ ਉਹ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਆਪ ਮੁਹਾਰੇ ਅੱਗੇ ਆਉਣ।

ਇਸ ਮੌਕੇ ਵਿਧਾਇਕ ਬਰਿੰਦਰ ਗੋਇਲ ਅਤੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧ ਲਈ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣ ਲਈ ਖੇਤੀਬਾੜੀ ਅਤੇ ਸਹਿਕਾਰਤਾ ਵਿਭਾਗ ਦੇ ਨਾਲ-ਨਾਲ ਸੈਕਟਰ ਅਫ਼ਸਰਾਂ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾ ਕੇ ਕਿਸਾਨ ਕਈ ਤਰ੍ਹਾਂ ਦੇ ਸੂਖਮ ਤੱਤ ਅਤੇ ਮਿੱਤਰ ਕੀੜਿਆਂ ਨੂੰ ਵੀ ਸਾੜ ਕੇ ਸੁਆਹ ਕਰ ਦਿੰਦੇ ਹਨ ਜੋ ਕਿ ਉਪਜਾਊ ਸ਼ਕਤੀ ਘਟਣ ਦਾ ਵੱਡਾ ਕਾਰਨ ਹਨ।

ਇਸ ਕਿਸਾਨ ਮੇਲੇ ਦੌਰਾਨ ਵੱਖ-ਵੱਖ ਵਿਸ਼ਿਆਂ ਦੇ ਮਾਹਰਾਂ ਵੱਲੋਂ ਕਿਸਾਨਾਂ ਨੂੰ ਖੇਤੀਬਾੜੀ ਦੀਆਂ ਆਧੁਨਿਕ ਤਕਨੀਕਾਂ ਅਤੇ ਸਾਉਣੀ ਦੀਆਂ ਫ਼ਸਲਾਂ ਦੇ ਉੱਤਮ ਅਤੇ ਵਿਕਸਿਤ ਬੀਜਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ। ਇਸ ਮੌਕੇ ਪਰਾਲੀ ਨਾ ਸਾੜਨ ਵਾਲੇ 103 ਕਿਸਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸਨਮਾਨਤ ਵੀ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਪਨਸੀਡ ਮਹਿੰਦਰ ਸਿੰਘ ਸਿੱਧੂ, ਸੀਨੀਅਰ ਆਗੂ ਮਨਦੀਪ ਸਿੰਘ ਲੱਖੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਪੀਏਯੂ ਡਾ. ਗੁਰਮੀਤ ਸਿੰਘ ਬੁੱਟਰ, ਸਹਿਯੋਗੀ ਨਿਰਦੇਸ਼ਕ ਕੇਵੀਕੇ ਡਾ. ਮਨਦੀਪ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ, ਡਾਇਰੈਕਟਰ ਆਈਸੀਏਆਰ ਅਟਾਰੀ ਡਾ. ਪਰਵੇਂਦਰ ਸ਼ੋਰੇਨ, ਸੀਨੀਅਰ ਪਸਾਰ ਵਿਗਿਆਨੀ ਡਾ। ਬੂਟਾ ਸਿੰਘ ਰੋਮਾਣਾ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਕੈਨੇਡਾ ਦੇ ਓਂਟਾਰੀਓ 'ਚ ਗੋ.ਲੀਬਾਰੀ, ਤਿੰਨ ਬੱਚਿਆਂ ਸਮੇਤ ਪੰਜ ਲੋਕਾਂ ਦੀ ਮੌਤ

**ਓਂਟਾਰੀਓ–** ਕੈਨੇਡਾ ਦੇ ਉੱਤਰੀ ਓਂਟਾਰੀਓ ਸ਼ਹਿਰ 'ਚ ਵੱਡੀ ਘਟਨਾ ਸਾਹਮਣੇ ਆਈ ਹੈ। ਇੱਥੇ ਗੋਲੀਬਾਰੀ ਵਿਚ ਤਿੰਨ ਬੱਚਿਆਂ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ। ਖ਼ਬਰਾਂ ਮੁਤਾਬਿਕ ਇਹ ਘਟਨਾ ਸੋਮਵਾਰ ਰਾਤ ਦੀ ਦੱਸੀ ਜਾ ਰਹੀ ਹੈ। ਸਥਾਨਕ ਪੁਲਿਸ ਨੇ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਨੁਸਾਰ ਉਨ੍ਹਾਂ ਨੂੰ ਟੈਂਕਰੇਡ ਸਟਰੀਟ ਦੇ 200 ਬਲਾਕ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ 41 ਸਾਲਾ ਵਿਅਕਤੀ ਦੀ ਲਾਸ਼ ਬਰਾਮਦ ਕੀਤੀ, ਜਿਸ ਨੂੰ ਗੋਲੀ ਮਾਰੀ ਗਈ ਸੀ। 10 ਮਿੰਟ ਬਾਅਦ ਫਿਰ ਗੋਲੀਬਾਰੀ ਦੀ ਖ਼ਬਰ ਮਿਲੀ। ਪੁਲਿਸ ਨੇ ਕਿਹਾ ਕਿ ਜਦੋਂ ਅਸੀਂ ਮੌਕੇ 'ਤੇ ਪਹੁੰਚੇ ਤਾਂ ਸਾਨੂੰ 45 ਸਾਲਾ ਵਿਅਕਤੀ ਦੀ ਲਾਸ਼ ਮਿਲੀ। ਇਸ ਤੋਂ ਇਲਾਵਾ 6 ਸਾਲ, 7 ਸਾਲ ਅਤੇ 12 ਸਾਲ ਦੇ ਬੱਚਿਆਂ ਦੀਆਂ ਲਾਸ਼ਾਂ ਵੀ ਮਿਲੀਆਂ ਹਨ। ਪੰਜਾਂ ਨੂੰ



ਗੋਲੀ ਲੱਗੀ ਸੀ। ਪੰਜ ਲਾਸ਼ਾਂ ਦੋ ਵੱਖ-ਵੱਖ ਘਰਾਂ 'ਚੋਂ ਮਿਲੀਆਂ ਹਨ। ਜਾਂਚਕਰਤਾਵਾਂ ਨੇ ਕਿਹਾ ਕਿ ਉਨ੍ਹਾਂ ਨੇ ਇਕ ਛੇ ਸਾਲਾ ਲੜਕੇ ਅਤੇ ਇਕ 12 ਸਾਲ ਦੇ ਲੜਕੇ ਦੀਆਂ ਲਾਸ਼ਾਂ ਵੀ ਬਰਾਮਦ ਕੀਤੀਆਂ ਹਨ, ਜਿਨ੍ਹਾਂ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਵੀ ਗੋਲੀ ਮਾਰ ਕੇ ਮਾਰਿਆ ਗਿਆ ਸੀ। ਮੀਡੀਆ ਰਿਪੋਰਟਾਂ ਮੁਤਾਬਿਕ ਪਿਛਲੇ ਮਹੀਨੇ ਓਟਾਵਾ ਵਿਚ ਇਕ ਵਿਆਹ ਦੀ ਰਿਸੈਪਸ਼ਨ 'ਚ ਹੋਈ ਗੋਲੀਬਾਰੀ ਦੌਰਾਨ ਦੋ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਛੇ ਹੋਰ ਜ਼ਖ਼ਮੀ ਹੋ ਗਏ ਸਨ। ਰਿਪੋਰਟ ਮੁਤਾਬਿਕ ਪੀੜਤ ਓਟਾਵਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਹੰਟ ਕਲੱਬ ਰੋਡ ਨੇੜੇ ਗਿਬਫੋਰਡ ਡਰਾਈਵ ਦੇ 2900 ਬਲਾਕ 'ਤੇ ਇਨਫਿਨਿਟੀ ਕਨਵੈਨਸ਼ਨ ਸੈਂਟਰ ਵਿਖੇ ਇਕ ਰਿਸੈਪਸ਼ਨ 'ਚ ਸ਼ਾਮਲ ਹੋਣ ਜਾ ਰਹੇ ਸਨ।

# ਬਾਇਡਨ ਨੇ ਭਾਰਤਵੰਸ਼ੀ ਕਮਲਾ ਸ਼ਿਰੀਨ ਨੂੰ ਬਣਾਇਆ ਇੰਡੋਨੇਸ਼ੀਆ ਦੀ ਰਾਜਦੂਤ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤਵੰਸ਼ੀ ਡਿਪਲੋਮੈਟ ਕਮਲਾ ਸ਼ਿਰੀਨ ਲਖਧੀਰ ਨੂੰ ਇੰਡੋਨੇਸ਼ੀਆ 'ਚ ਅਮਰੀਕਾ ਦੀ ਰਾਜਦੂਤ ਨਿਯੁਕਤ ਕੀਤਾ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਕਮਲਾ ਨੇ ਕਰੀਬ 30 ਸਾਲਾਂ ਤੱਕ ਵਿਦੇਸ਼ ਵਿਭਾਗ 'ਚ ਸੇਵਾ ਨਿਭਾਈ ਹੈ। ਉਹ ਸੀਨੀਅਰ ਵਿਦੇਸ਼ ਸੇਵਾ, ਮੰਤਰੀ ਸਲਾਹਕਾਰ ਵਰਗ ਦੀ ਮੈਂਬਰ ਹੈ। ਹਾਲ ਹੀ 'ਚ ਉਹ ਵਿਦੇਸ਼ ਵਿਭਾਗ ਦੀ ਐਗਜ਼ੀਕਿਊਟਿਵ ਸੈਕਟਰੀ ਸੀ।

ਕਮਲਾ ਦੇ ਪਿਤਾ ਨੂਰ 1940 ਦੇ ਦਹਾਕੇ 'ਚ ਮੁੰਬਈ ਤੋਂ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ 'ਚ ਪੜ੍ਹਾਈ ਕਰਨ ਆਏ ਸਨ। ਹਾਰਵਰਡ ਤੋਂ ਗ੍ਰੈਜੂਏਸ਼ਨ ਤੇ ਨੈਸ਼ਨਲ ਵਾਰ ਕਾਲਜ ਤੋਂ ਐੱਮਐੱਸ ਕਮਲਾ 2017 ਤੋਂ 2021 ਤੱਕ ਮਲੇਸ਼ੀਆ 'ਚ ਰਾਜਦੂਤ ਰਹੀ। ਇਸ ਤੋਂ ਪਹਿਲਾਂ 2009 ਤੋਂ 2011 ਤੱਕ ਉੱਤਰੀ ਆਇਰਲੈਂਡ ਦੇ ਬੇਲਫਾਸਟ 'ਚ ਅਮਰੀਕੀ ਮਹਾਵਣਜ ਦੂਤ ਵਜੋਂ ਉਨ੍ਹਾਂ ਨੇ ਕੰਮ ਕੀਤਾ ਸੀ। 1991 'ਚ ਵਿਦੇਸ਼ ਸੇਵਾ 'ਚ ਆਈ ਕਮਲਾ ਨੇ ਮਰੀਨਟਾਈਮ ਦੱਖਣੀ-ਪੂਰਬੀ ਏਸ਼ਿਆਈ ਮਾਮਲਿਆਂ ਦੇ ਦਫ਼ਤਰ ਦੇ ਨਿਰਦੇਸ਼ਕ ਵਜੋਂ ਕੰਮ ਕੀਤਾ। ਇਸ 'ਚ ਇੰਡੋਨੇਸ਼ੀਆ ਨਾਲ ਅਮਰੀਕੀ ਸਬੰਧਾਂ ਦੀ ਜ਼ਿੰਮੇਵਾਰੀ ਵੀ ਸ਼ਾਮਲ ਹੈ।



# ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅਧਿਕਾਰੀਆਂ ਵਲੋਂ ਭਾਖੜਾ ਡੈਮ ਸਮਰਪਣ ਦਿਵਸ ਮਨਾਇਆ ਗਿਆ

**ਨੰਗਲ–** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਧਿਕਾਰੀਆਂ ਵਲੋਂ ਭਾਖੜਾ ਡੈਮ ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਸੀ.ਪੀ.ਸਿੰਘ ਦੀ ਦੇਖ-ਰੇਖ ਹੇਠ 22 ਅਕਤੂਬਰ ਨੂੰ ਭਾਖੜਾ ਡੈਮ ਸਮਰਪਣ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਪ੍ਰੋਗਰਾਮ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਇੰਜਨੀਅਰ ਮਨੋਜ ਤ੍ਰਿਪਾਠੀ ਮੁੱਖ ਮਹਿਮਾਨ ਵਜੋਂ ਅਧਿਕਾਰੀਆਂ ਸਮੇਤ ਪਹੁੰਚੇ।

ਭਾਖੜਾ ਨੰਗਲ ਪ੍ਰੋਜੈਕਟ ਦੇ ਕਰਮਚਾਰੀ ਅਤੇ ਅਧਿਕਾਰੀ ਨੰਗਲ ਤੋਂ ਭਾਖੜਾ ਡੈਮ ਰੇਲ ਗੱਡੀ ਦੁਆਰਾ ਪੁੱਜੇ ਜਿੱਥੇ ਹਿਮਾਚਲ ਪ੍ਰਦੇਸ਼ ਪੁਲਿਸ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਚੇਅਰਮੈਨ ਅਤੇ ਅਧਿਕਾਰੀਆਂ ਨੇ ਭਾਖੜਾ ਡੈਮ ਦੇ ਨਿਰਮਾਣ ਦੌਰਾਨ ਸ਼ਹੀਦ ਹੋਏ ਮਜ਼ਦੂਰਾਂ ਦੀ ਯਾਦ ਵਿੱਚ ਬਣੇ ਸ਼ਹੀਦੀ ਸਮਾਰਕ ਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਚੇਅਰਮੈਨ ਇੰਜਨੀਅਰ ਮਨੋਜ ਤ੍ਰਿਪਾਠੀ ਨੇ ਹਾਜਰ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਖੜਾ ਡੈਮ ਵਿਸ਼ਵ ਪ੍ਰਸਿੱਧ ਰਾਸ਼ਟਰੀ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਭਾਖੜਾ ਡੈਮ ਪ੍ਰੋਜੈਕਟ ਨੇ ਕਈ ਰਿਕਾਰਡ ਕਾਇਮ ਕੀਤੇ ਹਨ। ਭਵਿੱਖ ਵਿੱਚ ਬੀਬੀਐਮਬੀ ਪਰਿਵਾਰ ਮਿਲਕੇ ਮਿਹਨਤ ਕਰਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਵੇਗਾ। ਉਨ੍ਹਾਂ ਕਿਹਾ ਕਿ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਧਾਈ ਜਾਵੇਗੀ। ਉਨ੍ਹਾਂ ਨੇ ਸਭ ਨੂੰ ਭਾਖੜਾ ਸਮਰਪਣ ਦਿਵਸ ਦੀ ਵਧਾਈ ਦਿੱਤੀ।



ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਲੋੜ ਹੈ। ਇਸ ਲਈ ਸਮੇਂ-ਸਮੇਂ ਤੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਮਾਣ ਭੱਤਾ ਦਿੱਤਾ ਜਾਂਦਾ ਹੈ ਅਤੇ ਭਵਿੱਖ ਵਿਚ ਵੀ ਦਿੱਤਾ ਜਾਵੇਗਾ। ਭਾਖੜਾ ਡੈਮ ਦੇ ਚੀਫ ਇੰਜਨੀਅਰ ਸੀ.ਪੀ.ਸਿੰਘ ਨੇ ਆਪਣੇ ਸੰਬੋਧਨ ਵਿੱਚ ਸਾਰਿਆਂ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕਰਦਿਆਂ ਕਰਮਚਾਰੀਆਂ ਨੂੰ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਭਾਖੜਾ ਡੈਮ ਪ੍ਰੋਜੈਕਟ ਨੂੰ ਸਮਰਪਿਤ ਪੇਂਟਿੰਗ ਮੁਕਾਬਲੇ ਵਿੱਚ ਬੀਬੀਐਮਬੀ ਡੀਏਵੀ ਪਬਲਿਕ ਸਕੂਲ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਿਹਤ ਪ੍ਰਤੀ ਸੁਚੇਤ ਰਹਿਣ ਲਈ "ਰਨ ਆਫ ਯੂਨਿਟੀ'' ਦੇ ਨਾਅਰੇ ਨਾਲ ਨੰਗਲ ਵਿਖੇ ਵਾਤਾਵਰਨ ਸੁਰੱਖਿਆ ਤਹਿਤ ਮੈਰਾਥਨ ਦੀ ਸ਼ੁਰੂਆਤ ਮੁੱਖ ਲੇਖਾ ਸਲਾਹਕਾਰ ਸਰਦਾਰ ਜੀਵਨਦੀਪ ਸਿੰਘ ਕਾਹਲੋਂ ਵੱਲੋਂ ਹਰੀ ਝੰਡੀ ਦੇ ਕੇ ਕੀਤੀ ਗਈ ਜਿਸ ਵਿੱਚ ਅਧਿਕਾਰੀਆਂ, ਕਰਮਚਾਰੀਆਂ, ਸਕੂਲੀ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਅੱਜ ਭਾਖੜਾ ਡੈਮ ਦੇ 60 ਸਾਲ ਪੂਰੇ ਹੋਣ ਤੇ 60 ਬੂਟੇ ਲਗਾਏ ਗਏ। ਬੀ.ਬੀ.ਐਮ.ਬੀ ਦੇ ਸਥਾਨਕ ਹਸਪਤਾਲ ਵਿੱਚ ਭਾਖੜਾ ਸਮਰਪਣ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਕਰਮਚਾਰੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਚੇਅਰਮੈਨ ਇੰਜਨੀਅਰ ਮਨੋਜ ਤ੍ਰਿਪਾਠੀ ਵਲੋਂ ਬੀਬੀਐਮਬੀ ਹਸਪਤਾਲ ਦੀ ਲੈਬ ਵਿੱਚ ਨਵੀਂ ਕੰਪਿਊਟਰਾਈਜ਼ਡ ਐਨਾਲਾਈਜ਼ ਟੈਸਟਿੰਗ ਮਸ਼ੀਨ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਨਾਲ ਕਰਮਚਾਰੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਸਹੂਲਤ ਮਿਲੇਗੀ। ਅੱਜ ਦੇ ਪ੍ਰੋਗਰਾਮਾਂ ਵਿੱਚ ਇੰਜਨੀਅਰ ਸਤੀਸ਼ ਸਿੰਗਲਾ, ਵਿਸ਼ੇਸ਼ ਸਕੱਤਰ ਇੰਜਨੀਅਰ ਅਰੁਣ ਸ਼ਰਮਾ, ਇੰਜਨੀਅਰ ਜਗਜੀਤ ਸਿੰਘ, ਇੰਜਨੀਅਰ ਅਰਵਿੰਦ ਸ਼ਰਮਾ, ਇੰਜਨੀਅਰ ਐਚ.ਐਲ ਕੰਬੋਜ, ਇੰਜਨੀਅਰ ਕਸ਼ਮੀਰ ਸਿੰਘ ਠਾਕੁਰ, ਇੰਜਨੀਅਰ ਐਸ.ਕੇ.ਸੰਗਮਾਰ, ਇੰਜਨੀਅਰ ਰਣਜੀਤ ਸਿੰਘ, ਇੰਜਨੀਅਰ ਐਸ.ਕੇ ਬੇਦੀ ਸਮੇਤ ਹੋਰ ਅਧਿਕਾਰੀ, ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ, ਸਕੂਲੀ ਬੱਚੇ ਅਤੇ ਮੁਲਾਜ਼ਮਾਂ ਦੇ ਪਰਿਵਾਰ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**ਕੁਲਦੀਪ ਚੰਦ 91-94175-63054**

# ਐਨਐਫਐਲ ਨੰਗਲ ਇਕਾਈ ਵੱਲੋਂ ਕਰਵਾਇਆ ਗਿਆ ਪੇਂਡੂ ਕਬੱਡੀ ਟੂਰਨਾਮੈਂਟ ਸਮਾਪਤ ਹੋਇਆ

ਨੈਸ਼ਨਲ ਫਰਟੀਲਾਇਜਰ ਲਿਮਿਟੇਡ ਨਵਾਂ ਨੰਗਲ ਨੰਗਲ ਇਕਾਈ ਵੱਲੋਂ ਕਰਵਾਇਆ ਗਿਆ ਪੇਂਡੂ ਕਬੱਡੀ ਟੂਰਨਾਮੈਂਟ ਅੱਜ ਐਨਐਫਐਲ ਸਟੇਡੀਅਮ ਵਿੱਚ ਬੜੇ ਉਤਸ਼ਾਹ ਨਾਲ ਸਮਾਪਤ ਹੋ ਗਿਆ। ਇਸ ਕਬੱਡੀ ਟੂਰਨਾਮੈਂਟ ਵਿੱਚ ਇਲਾਕੇ ਦੇ 16 ਪਿੰਡਾਂ ਦੀਆਂ ਟੀਮਾਂ ਨੇ ਭਾਗ ਲਿਆ। ਫਾਇਨਲ ਮੈਚ ਪਿੰਡ ਦੇਹਲਾਂ ਅਤੇ ਸਹੋੜਾਂ ਦੀਆਂ ਟੀਮਾਂ ਵਿਚਕਾਰ ਹੋਇਆ ਜਿਸ ਵਿੱਚ ਦੇਹਲਾਂ ਪਿੰਡ ਦੀ ਟੀਮ ਜੇਤੂ ਅਤੇ ਰਾਏਪੁਰ ਸਹੋੜਾਂ ਪਿੰਡ ਦੀ ਟੀਮ ਉੱਪ ਜੇਤੂ ਐਲਾਨੀ ਗਈ। ਨੈਸ਼ਨਲ ਫਰਟੀਲਾਇਜਰ ਲਿਮਿਟੇਡ ਨਵਾਂ ਨੰਗਲ ਇਕਾਈ ਦੇ ਨਿਰਦੇਸ਼ਕ ਅਤੁਲ ਕੁਮਾਰ ਜੈਨ ਨੇ ਜੇਤੂ ਟੀਮ ਨੂੰ ਮੋਮੈਂਟੋ ਅਤੇ ਨਕਦ ਇਨਾਮ ਦੇਕੇ ਸਨਮਾਨਿਤ ਕੀਤਾ। ਇਸ ਮੌਕੇ ਨਿਰਦੇਸ਼ਕ ਅਤੁਲ ਕੁਮਾਰ ਜੈਨ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜਕਲ ਦੀ ਭੱਜ ਦੌੜ ਵਾਲ਼ੀ ਜਿੰਦਗੀ ਵਿੱਚ ਖੇਡਾਂ ਦਾ ਵਿਸ਼ੇਸ ਮਹੱਤਵ ਹੈ, ਇਸ ਲਈ ਸਾਨੂੰ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਝਾਨ ਵਧੇ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਸਕਣ। ਟੂਰਨਾਮੈਂਟ ਸਮਾਪਤੀ ਸਮਾਰੋਹ ਵਿੱਚ ਐਨ ਐਫ ਐਲ ਦੇ ਅਧਿਕਾਰੀ ਐਸ ਕੇ ਸ਼ਰਮਾ, ਸੁਮਨ ਸ਼ਰਮਾ, ਸੰਜੀਵ ਬਾਲੀ ਅਤੇ ਵੱਖ ਵੱਖ ਯੂਨੀਅਨਾਂ ਦੇ ਆਗੂ ਤਰਲੋਚਨ ਸਿੰਘ, ਬਲਬੀਰ ਸਿੰਘ, ਵਿਪਨ ਕੁਮਾਰ ਆਦਿ ਹਾਜ਼ਰ ਸਨ।




**ਕੁਲਦੀਪ ਚੰਦ 91-94175-63054**

# ਉਰਦੂ ਹਿੰਦੀ ਤੇ ਪੰਜਾਬੀ ਕਵੀ ਜਨਾਬ ਸਰਦਾਰ ਪੰਛੀ ਦਾ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਹੱਥੋਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਸਨਮਾਨ

**ਲੁਧਿਆਣਾ–** ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਉਰਦੂ, ਹਿੰਦੀ ਤੇ ਪੰਜਾਬੀ ਜ਼ਬਾਨ ਦੇ ਪ੍ਰਮੁੱਖ ਕਵੀ ਜਨਾਬ ਸਰਦਾਰ ਪੰਛੀ ਨੂੰ ਅੱਜ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਸਨਮਾਨਿਤ ਕਰਦਿਆਂ ਪੰਜਾਬ ਦੇ ਪਰਵਾਸੀ ਮਾਮਲਿਆਂ ਸਬੰਧੀ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਦੇਸ਼ ਵੰਡ ਮਗਰੋਂ ਪੰਜਾਬ ਦੀਆਂ ਸਰਕਾਰਾਂ ਨੇ ਉਰਦੂ ਦੀ ਪੜ੍ਹਾਈ ਬੰਦ ਕਰਕੇ ਸਾਨੂੰ ਸਰਬ ਸਾਂਝੀ ਰਹਿਤਲ ਤੋਂ ਤੋੜਿਆ ਹੈ। ਇਸ ਸਬੰਧ ਵਿੱਚ ਵਿਸ਼ੇਸ਼ ਉਪਰਾਲਿਆਂ ਦੀ ਜ਼ਰੂਰਤ ਹੈ ਕਿ ਉਰਦੂ ਜਾਨਣ ਵਾਲਿਆਂ ਦੀ ਗਿਣਤੀ ਵਧੇ। ਭਾਵੇਂ ਭਾਸ਼ਾ ਵਿਭਾਗ ਪੰਜਾਬ ਬੜੀ ਤਨਦੇਹੀ ਨਾਲ ਉਰਦੂ ਦੀਆਂ ਜਮਾਤਾਂ ਜ਼ਿਲ੍ਹਾ ਸਦਰ ਮੁਕਾਮਾਂ ਤੇ ਕਰਵਾ ਰਿਹਾ ਹੈ ਪਰ ਉਰਦੂ ਜਾਨਣ ਵਾਲਿਆਂ ਨੂੰ ਵੀ ਵਾਲੰਟੀਅਰ ਤੌਰ ਤੇ ਉਰਦੂ ਪੜ੍ਹਾਈ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮੇਰੇ ਜੱਦੀ ਪਿੰਡ ਜਗਦੇਵ ਕਲਾਂ ਪੇ ਪੰਜਾਬੀ ਜ਼ਬਾਨ ਨੂੰ ਦੋ ਮਹਾਨ ਕਵੀ ਹਾਸ਼ਮ ਸ਼ਾਹ ਤੇ ਬਾਬਾ ਨਜਮੀ ਦਿੱਤੇ ਹਨ, ਇਸੇ ਕਰਕੇ ਮੇਰੀ ਇੱਛਾ ਹੈ ਕਿ ਵੱਧ ਤੋਂ ਵੱਧ ਉਰਦੂ ਤੇ ਸ਼ਾਹਮੁਖੀ ਵਿੱਚ ਛਪੀਆਂ ਕਿਤਾਬਾਂ ਦਾ ਉਤਾਰਾ ਗੁਰਮੁਖੀ ਲਿਪੀ ਵਿੱਚ ਹੋਵੇ। ਉਨ੍ਹਾਂ ਆਖਿਆ ਕਿ ਫ਼ਰਵਰੀ ਮਹੀਨੇ ਵਿੱਚ ਹਾਸ਼ਮ ਸ਼ਾਹ ਯਾਦਗਾਰੀ ਸਾਹਿੱਤਕ ਮੇਲਾ ਜਗਦੇਵ ਕਲਾਂ(ਅੰਮ੍ਰਿਤਸਰ) ਵਿੱਚ ਕਰਵਾਇਆ ਜਾਵੇਗਾ, ਜਿਸ ਵਿੱਚ ਭਾਸ਼ਾ ਵਿਭਾਗ ਦੀ ਮਦਦ ਨਾਲ ਸਕੂਲਾਂ ਕਾਲਜਾਂ ਦੇ ਬੱਚਿਆਂ ਦੇ ਜ਼ਿਲ੍ਹੇਵਾਰ ਮੁਕਾਬਲੇ ਵੀ ਕਰਵਾਏ ਜਾਣਗੇ।


ਸਾਹਨੇਵਾਲ ਹਲਕੇ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਇਸ ਮੌਕੇ ਜਨਾਬ ਸਰਦਾਰ ਪੰਛੀ ਜੀ ਨੂੰ ਲੋਕ ਪੀੜਾਂ ਦਾ ਪੇਸ਼ਕਾਰ ਕਿਹਾ ਅਤੇ ਉਨ੍ਹਾਂ ਦੀ ਲੰਮੀ ਉਮਰ ਦੀ ਦੁਆ ਕੀਤੀ। ਇਸ ਮੌਕੇ ਅਮਰੀਕਾ ਤੋਂ ਆਏ ਪਰਵਾਸੀ ਭਾਰਤੀ ਸ. ਜਸਜੀਤ ਸਿੰਘ ਨੱਤ, ਪੰਜਾਬੀ ਕਵੀ ਜ਼ੋਰਾਵਰ ਸਿੰਘ ਪੰਛੀ, ਗੁਰਿੰਦਰਜੀਤ ਸਿੰਘ ਤੇ ਸਰਦਾਰਨੀ ਜਸਵਿੰਦਰ ਕੌਰ ਗਿੱਲ ਵੀ ਹਾਜ਼ਰ ਸਨ।



ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਜਨਾਬ ਸਰਦਾਰ ਪੰਛੀ ਜੀ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ 1984 ਵਿੱਚ ਦੇਸ਼ ਭਰ ਚ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਝੰਬੇ ਉਹ ਰਾਏ ਬਰੇਲੀ (ਯੂ ਪੀ) ਤੋਂ ਪੰਜਾਬ ਆ ਗਏ ਸਨ। "ਏਕ ਚਾਦਰ ਮੈਲੀ ਸੀ" ਤੇ "ਵਾਰਿਸ" ਫ਼ਿਲਮਾਂ ਦੇ ਕੁਝ ਗੀਤ ਲਿਖਣ ਤੋਂ ਇਲਾਵਾ ਉਹ ਹੁਣ ਤੀਕ ਹਿੰਦੀ, ਪੰਜਾਬੀ ਤੇ ਉਰਦੂ ਵਿੱਚ 34ਕਿਤਾਬਾਂ ਲਿਖ ਤੇ ਛਪਵਾ ਚੁਕੇ ਹਨ। ਹਿੰਦੀ ਵਿੱਚ ਮਜ਼ਦੂਰ ਕੀ ਪੁਕਾਰ, ਸਰੇ ਰਾਹ ਚਲਤੇ ਚਲਤੇ, ਅਨੁਕ੍ਰਿਤੀ, ਨਯਾ ਦਰਪਨ, ਕੁਰਬਾਨੀਓਂ ਕੇ ਵਾਰਿਸ, ਸ਼ਿਵਰੰਜਿਨੀ, ਜਯੋਤੀ ਕਲਸ਼ ਤੇ ਰੰਗ ਬਰੰਗੇ ਮੋਤੀ, ਉਰਦੂ ਵਿੱਚ ਸਾਂਵਲੇ ਸੂਰਜ, ਸੂਰਜ ਕੀ ਸ਼ਾਖੇਂ, ਟੁਕੜੇ ਟੁਕੜੇ ਆਈਨਾ, ਦਰਦ ਕਾ ਤਰਜ਼ੁਮਾਂ, ਅਧੂਰੇ ਬੁੱਤ, ਕਦਮ ਕਦਮ ਤਨਹਾਈ, ਨਕਸ਼ ਏ ਕਦਮ, ਪੰਛੀ ਕੀ ਪਰਵਾਜ਼, ਗੁਲਸਤਾਨੇ ਅਕੀਦਤ,ਬੋਸਤਾਨੇ ਅਕੀਦਤ, ਆਸਤਾਨੇ ਅਕੀਦਤ, ਮੇਰੀ ਨਜ਼ਰ ਮੇ ਆਪ, ਉਜਾਲੋਂ ਕੇ ਹਮਸਫ਼ਰ, ਖ਼ਾਕੇ ਰੰਗ ਔਰ ਮੈਂ, ਆਜ਼ਰ ਕੀ ਬੁੱਤਪ੍ਰਸਤੀ, ਜ਼ਾਅਫ਼ਰਾਨੀ ਰੰਗ-ਓ-ਬੂ, ਕਹਿਕਸ਼ਾਂ ਕੇ ਰੰਗ, ਅਬ੍ਰ-ਏ-ਰਵਾਂ ਕੀ ਬਾਜ਼ਗਸ਼ਤ, ਪੰਜਾਬੀ ਵਿੱਚ ਵੰਝਲੀ ਗੇ ਸੁਰ, ਪਿੱਛੇ ਰਹੀਆਂ ਪੈੜਾਂ, ਭਰ ਵਗਦਾ ਦਰਿਆ, ਪੰਛੀ ਦੀਆਂ ਝੱਲ ਵਲੱਲੀਆਂ, ਕੁਰਬਾਨੀਆਂ ਦੇ ਵਾਰਿਸ, ਵਿਹੜਾ ਗ਼ਜ਼ਲਾਂ ਦਾ ਤੇ ਰੰਗ ਬਰੰਗੇ ਮੋਤੀ ਮਹੱਤਵਪੂਰਨ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਵੀ ਆਪ ਨੂੰ ਸ਼੍ਰੋਮਣੀ ਉਰਦੂ ਕਵੀ ਵਜੋਂ ਸਨਮਾਨਿਤ ਕੀਤਾ ਜਾ ਚੁਕਾ ਹੈ। ਇਸ ਮੌਕੇ ਜਨਾਬ ਸਰਦਾਰ ਪੰਛੀ ਜੀ ਨੇ ਆਪਣਾ ਚੋਣਵਾਂ ਕਲਾਮ ਵੀ ਸੁਣਾਇਆ ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦਾ ਇੱਜ਼ਤ ਅਫ਼ਜ਼ਾਈ ਲਈ ਧੰਨਵਾਦ ਕੀਤਾ।

## ਲੋਕ ਗਾਇਕ ਐਸ ਰਿਸ਼ੀ ਦਾ ਨਵਾਂ ਗੀਤ "ਕਿਸਮਤ" ਰਿਲੀਜ਼ - ਰਾਮ ਭੋਗਪੁਰੀਆ ਯੂ ਐਸ ਏ

**ਕਨੇਡਾ/ ਵੈਨਕੂਵਰ, (ਕੁਲਦੀਪ ਚੁੰਬਰ)–** ਅੱਜ ਲੋਕ ਗਾਇਕ ਐਸ ਰਿਸ਼ੀ ਦਾ ਨਵਾਂ ਗੀਤ "ਕਿਸਮਤ" ਟਾਈਟਲ ਹੇਠ ਸੰਗੀਤਕ ਸਾਈਟਾਂ ਤੇ ਪੂਰੇ ਧੂਮਧਾਮ ਨਾਲ ਰਿਲੀਜ਼ ਕਰ ਦਿੱਤਾ ਗਿਆ ਹੈ । ਇਸ ਨਵੇਂ ਗੀਤ ਦੀ ਲਾਂਚਿੰਗ ਸਮੇਂ ਆਰ ਜੇ ਬੀਟਸ ਦੇ ਐਮ ਡੀ ਪ੍ਰੋਡਿਊਸਰ ਰਾਮ ਭੋਗਪੁਰੀਆ ਯੂ-ਐਸਏ ਨੇ ਦੱਸਿਆ ਕਿ ਇਸ ਖੂਬਸੂਰਤ




ਟਰੈਕ ਨੂੰ ਗਾਇਕ ਐਸ ਰਿਸ਼ੀ ਨੇ ਆਵਾਜ਼ ਦੇ ਕੇ ਸ਼ਿੰਗਾਰਿਆ ਹੈ, ਜਦਕਿ ਇਸ ਨੂੰ ਕਲਮਬੱਧ ਅਤੇ ਸੰਗੀਤਵੱਧ ਨੌਜਵਾਨ ਸੰਗੀਤਕਾਰ ਸੋਬਿਤ ਵਲੋਂ ਆਫ ਸ਼ੋਰ ਸਟੂਡੀਓ ਵਿੱਚ ਰਿਕਾਰਡ ਕੀਤਾ ਗਿਆ ਹੈ। ਇਸ ਗੀਤ ਦੇ ਲਾਂਚ ਹੋਣ ਤੇ ਗਾਇਕ ਐਸ ਰਿਸ਼ੀ ਨੂੰ ਪ੍ਰਮੋਟਰ ਜਸਵੰਤ ਮਾਨ, ਪ੍ਰਮੋਟਰ ਜੋਤੀ ਸਹੋਤਾ ਕਨੇਡਾ , ਪ੍ਰਵਾਸੀ ਭਾਰਤੀ ਸਤਿੰਦਰ ਸਿੰਘ ਸੁਸਾਣਾਂ (ਯੂਐਸਏ) ਨਰਿੰਦਰ ਬੱਗਾ ਸੰਗੀਤਕਾਰ (ਯੂਐਸਏ), ਗੀਤਕਾਰ ਲਾਡੀ ਸੂਸਾਂ ਵਾਲਾ , ਲੋਕ ਗਾਇਕ ਸੋਹਣ ਸ਼ੰਕਰ , ਅਦਾਕਾਰਾ ਮਨਪ੍ਰੀਤ ਜਵੰਦਾ ,ਗਾਇਕ ਤੇ ਮੰਚ ਸੰਚਾਲਕ ਕੁਲਦੀਪ ਚੁੰਬਰ, ਸੁਖਵਿੰਦਰ ਮੰਡ , ਗਾਇਕ ਓਪਿੰਦਰ ਮਠਾਰੂ , ਚਮਨ ਲਾਲ ਪਟਵਾਰੀ ਸਮੇਤ ਕਈ ਹੋਰ ਸੱਜਣਾਂ ਮਿੱਤਰਾਂ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼੍ਰੋਮਣੀ ਕਮੇਟੀ ਚੋਣਾਂ ਲਈ ਮਤਦਾਤਾ ਬਣਨ ਲਈ ਫ਼ਾਰਮ ਦੇ ਨਾਲ ਪਛਾਣ ਦਸਤਾਵੇਜ਼ ਲਾਉਣਾ ਲਾਜ਼ਮੀ - ਕੋਮਲ ਮਿੱਤਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਮਿਸ਼ਨਰ ਗੁਰਦੁਆਰਾ ਚੋਣਾਂ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਦੇ ਨਿਯਮ 6 ਤੋਂ 12 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀ ਤਿਆਰੀ ਸਬੰਧੀ ਪ੍ਰੋਗਰਾਮ 21 ਅਕਤੂਬਰ, 2023 ਤੋਂ ਸ਼ੁਰੂ ਹੋ ਗਿਆ ਹੈ, ਜਿਸ ਤਹਿਤ 15 ਨਵੰਬਰ 2023 ਤੱਕ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਕਮਿਸ਼ਨਰ ਗੁਰਦੁਆਰਾ ਚੋਣਾਂ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਵੋਟਾਂ ਬਣਾਉਣ ਸਬੰਧੀ ਫਾਰਮ 3(1) (ਸਮੇਤ ਸਵੈ-ਘੋਸ਼ਣਾ) ਨਾਲ 12 ਕਿਸਮ ਦੇ ਦਸਤਾਵੇਜ਼ਾਂ ਵਿਚੋਂ ਕੋਈ ਇਕ ਦਸਤਾਵੇਜ਼ ਪਛਾਣ ਲਈ ਤੇ ਇਕ ਸਵੈ-ਤਸਦੀਕੀ ਤਾਜ਼ਾ ਰੰਗਦਾਰ ਫ਼ੋਟੋ ਲਗਾਉਣੀ ਜ਼ਰੂਰੀ ਹੈ।



ਕਮਿਸ਼ਨਰ ਗੁਰੂਦੁਆਰਾ ਚੋਣਾਂ ਵੱਲੋਂ ਪ੍ਰਵਾਨਿਤ ਅਧਿਕਾਰਿਤ ਪਛਾਣ ਦਸਤਾਵੇਜ਼ਾਂ 'ਚ ਆਧਾਰ ਕਾਰਡ, ਭਾਰਤ ਚੋਣ ਕਮਿਸ਼ਨ ਦੁਆਰਾ ਜਾਰੀ ਵੋਟਰ ਫ਼ੋਟੋ ਪਛਾਣ ਪੱਤਰ, ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੰਸ, ਕੇਂਦਰ/ਰਾਜ ਸਰਕਾਰ/ਪੀ।ਐਸ।ਯੂ/ਪਬਲਿਕ ਲਿਮਟਿਡ ਦੁਆਰਾ ਕਰਮਚਾਰੀਆਂ ਨੂੰ ਜਾਰੀ ਕੀਤੇ ਗਏ ਫ਼ੋਟੋ ਵਾਲੇ ਸੇਵਾ ਪਛਾਣ ਪੱਤਰ, ਬੈਂਕ/ਡਾਕਘਰ ਦੁਆਰਾ ਜਾਰੀ ਕੀਤੀਆਂ ਗਈਆਂ ਫ਼ੋਟੋਆਂ ਵਾਲੀਆਂ ਪਾਸਬੁੱਕਾਂ, ਪੈਨ ਕਾਰਡ, ਆਰ। ਜੀ। ਆਈ ਤਹਿਤ ਐਨ। ਪੀ। ਆਰ ਦੁਆਰਾ ਜਾਰੀ ਸਮਾਰਟ ਕਾਰਡ, ਮਨਰੇਗਾ ਜੌਬ ਕਾਰਡ, ਕਿਰਤ ਮੰਤਰਾਲੇ ਦੀ ਸਕੀਮ ਅਧੀਨ ਜਾਰੀ ਕੀਤੇ ਗਏ ਸਿਹਤ ਬੀਮਾ ਸਮਾਰਟ ਕਾਰਡ, ਫੋਟੋ ਸਮੇਤ ਸਰਕਾਰੀ ਪੈਨਸ਼ਨ ਦਸਤਾਵੇਜ਼, ਸੰਸਦ ਮੈਂਬਰਾਂ/ਵਿਧਾਇਕਾਂ/ਐਮ।ਐਲ।ਸੀ ਨੂੰ ਜਾਰੀ ਕੀਤਾ ਗਿਆ ਅਧਿਕਾਰਿਤ ਪਛਾਣ ਪੱਤਰ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਬਿਨੇਕਾਰ ਦੀ ਉਮਰ 21।10। 2023 ਨੂੰ 21 ਸਾਲ ਜਾਂ ਉਸ ਤੋਂ ਵੱਧ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਜ਼ਿਲ੍ਹੇ 'ਚ ਇਸ ਸਬੰਧੀ ਲਗਾਏ ਰਿਵਾਈਜ਼ਿੰਗ ਅਥਾਰਟੀ ਅਫਸਰਾਂ (ਐਸ। ਡੀ। ਐਮਜ਼) ਨੂੰ ਇਸ ਸਬੰਧੀ ਕਮਿਸ਼ਨਰ ਗੁਰਦੁਆਰਾ ਚੋਣਾਂ ਦੀਆਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਹੈ। ਉਨ੍ਹਾਂ ਮਤਦਾਤਾ ਬਣਨ ਦੇ ਚਾਹਵਾਨ ਲੋਕਾਂ ਨੂੰ ਵੀ 15 ਨਵੰਬਰ ਤੱਕ ਆਪਣੇ ਫ਼ਾਰਮ ਉਕਤ ਪਛਾਣ ਪੱਤਰਾਂ ਦੇ ਨਾਲ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ ਹੈ।

# ਸੀ ਐਚ ਸੀ ਸੜੋਆ ਵਿਖੇ ਦੰਦਾਂ ਦਾ 36 ਵਾਂ ਪੰਦਰਵਾੜਾ ਮਨਾਇਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਸੀ ਐਚ ਸੀ ਸੜੋਆ ਵਿਖੇ ਸਿਵਲ ਸਰਜਨ ਡਾਕਟਰ ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਗੁਰਿੰਦਰਜੀਤ ਸਿੰਘ ਦੀ ਅਗਵਾਈ ਹੇਠ ਸੀ ਐਚ




ਸੀ ਸੜੋਆ ਵਿਖੇ ਦੰਦਾ ਦਾ 36 ਵਾਂ ਪੰਦਰਵਾੜਾ ਮਨਾਇਆ ਗਿਆ। ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਵਲੋਂ ਮੁੱਖ ਮਹਿਮਾਨ ਤੇ ਤੌਰ ਤੇ ਹਾਜਰੀ ਲਗਵਾਈ ਗਈ। ਮੁੱਖ ਮਹਿਮਾਨ ਵਲੋਂ 39 ਲੋੜਵੰਦਾਂ ਨੂੰ 39 ਡੈਂਚਰ ਵੰਡੇ ਗਏ। ਮੁੱਖ ਮਹਿਮਾਨ ਵਲੋਂ ਸੰਬੋਧਨ ਕਰਦਿਆਂ ਆਏ ਹੋਏ ਹਾਜ਼ਰੀਨ ਨੂੰ ਸਰਕਾਰ ਵਲੋਂ ਚੱਲਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ ਤੇ ਜਨਤਾ ਨੂੰ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ। ਸੀਨੀਅਰ ਮੈਡੀਕਲ ਅਫਸਰ ਡਾਕਟਰ ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਪੰਦਰਵਾੜੇ ਦੌਰਾਨ 790 ਦੇ ਕਰੀਬ ਮਰੀਜਾਂ ਦੀ ਡਾਕਟਰਾਂ ਦੀ ਟੀਮ ਵਲੋਂ ਬਰੀਕੀ ਨਾਲ ਜਾਂਚ ਕੀਤੀ ਗਈ ਤੇ ਮਰੀਜਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਦੰਦਾਂ ਦੇ ਡਾਕਟਰ ਅਵਤਾਰ ਸਿੰਘ ਨੇ ਮਰੀਜਾਂ ਨੂੰ ਆਪਣੇ ਦੰਦਾਂ ਦੀ ਸੰਭਾਲ ਤੇ ਸਮੇਂ ਸਮੇਂ ਸਿਰ ਸਫਾਈ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਤੇ ਪਵਨ ਕੁਮਾਰ ਰੀਠੂ, ਗੁਰਚੈਨ ਰਾਮ ਬੇਗਮਪੁਰ, ਸਤਨਾਮ ਸਹੂੰਗੜਾ, ਚੇਅਰਮੈਨ ਨਰੇਸ਼ ਕੁਮਾਰ ਨੀਟਾ, ਰਾਜ ਕੁਮਾਰ, ਗੁਰਕ੍ਰਿਪਾਲ ਸਿੰਘ ਸੰਧੂ, ਬਲਜੀਤ ਕੌਰ, ਪ੍ਰਵੀਨ ਕੁਮਾਰ, ਸ਼ਿਵ ਕੁਮਾਰ ਤੇ ਪਰਮਜੀਤ ਕੌਰ ਵੀ ਹਾਜ਼ਰ ਸਨ।


‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਆਯੁਸ਼ਮਾਨ ਕਾਰਡ ਬਣਾਉਣ 'ਤੇ ਜਿੱਤੋ ਇੱਕ ਲੱਖ ਰੁਪਏ ਦਾ ਇਨਾਮ - ਸਿਵਲ ਸਰਜਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਸਰਜਨ ਡਾ ਜਸਪ੍ਰੀਤ ਕੌਰ ਦੀ ਪ੍ਰਧਾਨਗੀ ਹੇਠ ਸਿਵਲ ਸਰਜਨ ਦਫਤਰ, ਵਿਖੇ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਤੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਆਯੋਜਿਤ ਰੀਵਿਊ ਵਿਚ ਸਤੰਬਰ ਮਹੀਨੇ ਵਿਚ ਰਾਸ਼ਟਰੀ/ਸੂਬਾਈ ਸਿਹਤ ਪ੍ਰੋਗਰਾਮਾਂ ਅਧੀਨ ਕੀਤੇ ਕੰਮਾਂ ਨੂੰ ਰੀਵਿਊ ਕੀਤਾ ਗਿਆ।



ਇਸ ਮੌਕੇ ਸਿਵਲ ਸਰਜਨ ਡਾ ਜਸਪ੍ਰੀਤ ਕੌਰ ਨੇ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਯੋਗ ਲਾਭਪਾਤਰੀਆਂ ਦੇ ਕਾਰਡ ਬਣਾਉਣ ਦੇ ਕੰਮਕਾਜ ਦੀ ਸਮੀਖਿਆ ਕਰਦੇ ਹੋਏ ਦੱਸਿਆ ਕਿ ਜ਼ਿਲ੍ਹੇ ਵਿਚ ਆਯੂਸ਼ਮਾਨ ਕਾਰਡ ਦਾ ਕੰਮ ਵਧੀਆ ਚੱਲ ਰਿਹਾ ਹੈ। ਸ਼ਹੀਦ ਭਗਤ ਸਿੰਘ ਨਗਰ ਆਯੂਸ਼ਮਾਨ ਕਾਰਡ ਬਣਾਉਣ ਦੇ ਕੰਮ ਵਿੱਚ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਯੋਗ ਲਾਭਪਾਤਰੀਆਂ ਦੀ ਕਵਰੇਜ ਦੀ ਫੀਸਦੀ ਦੇ ਹਿਸਾਬ ਨਾਲ ਪਹਿਲੇ ਸੱਤ ਜ਼ਿਲ੍ਹਿਆਂ ਵਿੱਚ ਸ਼ਾਮਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਯੋਗ ਲਾਭਪਾਤਰੀਆਂ ਨੂੰ ਕਾਰਡ ਬਣਾਉਣ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਦੀਵਾਲੀ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਮੌਕੇ ’ਤੇ ਬੰਪਰ ਡਰਾਅ ਕੱਢਿਆ ਜਾਵੇਗਾ। ਮਿਤੀ 16 ਅਕਤੂਬਰ ਤੋਂ 30 ਨਵੰਬਰ, 2023 ਤੱਕ ਕਾਰਡ ਬਣਵਾਉਣ ਵਾਲੇ ਵਿਅਕਤੀਆਂ ਵਿਚੋਂ 10 ਲੋਕਾਂ ਨੂੰ ਲੱਕੀ ਡਰਾਅ ਜ਼ਰੀਏ ਚੁਣਿਆ ਜਾਵੇਗਾ ਅਤੇ ਨਕਦ ਇਨਾਮ ਦਿੱਤੇ ਜਾਣਗੇ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਸਕੀਮ ਬਾਰੇ ਯੋਗ ਲਾਭਪਾਤਰੀਆਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਯੋਗ ਵਿਅਕਤੀਆਂ ਨੂੰ ਆਪਣੇ ਆਯੁਸ਼ਮਾਨ ਕਾਰਡ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ।

ਉਨ੍ਹਾਂ ਅੱਗੇ ਦੱਸਿਆ ਕਿ ਜੇ ਕੋਈ ਵੀ ਵਿਅਕਤੀ 16 ਅਕਤੂਬਰ ਤੋਂ 30 ਨਵੰਬਰ, 2023 ਤੱਕ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਆਪਣੇ-ਆਪ ਨੂੰ ਰਜਿਸਟਰ ਕਰਦਾ ਹੈ, ਉਸ ਕੋਲ ਇੱਕ ਲੱਖ ਰੁਪਏ ਤੱਕ ਦਾ ਇਨਾਮ ਜਿੱਤਣ ਦਾ ਸੁਨਹਿਰੀ ਮੌਕਾ ਹੋਵੇਗਾ। ਜ਼ਿਲ੍ਹਾ ਸਿਹਤ ਮੁਖੀ ਨੇ ਡਰਾਅ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਰਾਅ ਦੌਰਾਨ 10 ਜੇਤੂਆਂ ਦੀ ਚੋਣ ਕੀਤੀ ਜਾਵੇਗੀ ਅਤੇ ਇਸ ਲਈ ਪਹਿਲਾ ਇਨਾਮ ਇੱਕ ਲੱਖ ਰੁਪਏ, ਦੂਜਾ ਇਨਾਮ 50,000 ਰੁਪਏ ਅਤੇ ਤੀਜਾ ਇਨਾਮ 25000 ਰੁਪਏ ਹੋਵੇਗਾ। ਇਸੇ ਤਰ੍ਹਾਂ ਚੌਥਾ ਇਨਾਮ 10000 ਰੁਪਏ ਅਤੇ ਪੰਜਵਾਂ ਇਨਾਮ 8000 ਰੁਪਏ ਰੱਖਿਆ ਗਿਆ ਹੈ ਜਦਕਿ ਛੇਵੇਂ ਤੋਂ ਦਸਵਾਂ ਇਨਾਮ 5000 ਰੁਪਏ ਹੋਵੇਗਾ। ਇਹ ਡਰਾਅ 4 ਦਸੰਬਰ, 2023 ਨੂੰ ਕੱਢਿਆ ਜਾਵੇਗਾ। ਡਾ ਜਸਪ੍ਰੀਤ ਕੌਰ ਨੇ ਕਿਹਾ ਕਿ ਇਹ ਵਿਸ਼ੇਸ਼ ਮੁਹਿੰਮ ਲੋਕਾਂ ਨੂੰ ਆਯੁਸ਼ਮਾਨ ਕਾਰਡ ਬਣਾਉਣ ਵਾਸਤੇ ਉਤਸ਼ਾਹਿਤ ਕਰਦਿਆਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਰਜਿਸਟਰ ਕਰਨ ਲਈ ਪੰਜਾਬ ਸਰਕਾਰ ਦੀ ਇੱਕ ਹੋਰ ਵਿਲੱਖਣ ਪਹਿਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਲਾਭਪਾਤਰੀ "ਆਯੁਸ਼ਮਾਨ ਐਪ" ਦੀ ਵਰਤੋਂ ਕਰਕੇ ਜਾਂ beneificary.nha.gov.in ਵੈਬਸਾਈਟ 'ਤੇ ਜਾ ਕੇ ਜਾਂ ਆਪਣੇ ਨਜ਼ਦੀਕੀ ਆਸ਼ਾ ਵਰਕਰ ਜਾਂ ਸੂਚੀਬੱਧ ਹਸਪਤਾਲਾਂ ਤੱਕ ਪਹੁੰਚ ਕਰਕੇ ਆਪਣੇ ਕਾਰਡ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਇਹ ਸਕੀਮ ਸੂਬੇ ਭਰ ਦੇ 800 ਤੋਂ ਵੱਧ ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ ਹਰੇਕ ਪਰਿਵਾਰ ਲਈ ਪ੍ਰਤੀ ਸਾਲ 5 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸਹੂਲਤ ਪ੍ਰਦਾਨ ਕਰਦੀ ਹੈ, ਜਿਸ ਵਿੱਚ ਗੋਡੇ ਬਦਲਣ, ਦਿਲ ਦੀ ਸਰਜਰੀ, ਕੈਂਸਰ ਦੇ ਇਲਾਜ ਆਦਿ ਸਮੇਤ ਲਗਭਗ 1600 ਕਿਸਮਾਂ ਦੇ ਇਲਾਜ ਦੀ ਸੁਵਿਧਾ ਦਿੱਤੀ ਜਾ ਰਹੀ ਹੈ।

ਯੋਗ ਲਾਭਪਾਤਰੀ ਪਰਿਵਾਰਾਂ ਵਿੱਚ ਐਨ।ਐਫ।ਐਸ।ਏ। ਰਾਸ਼ਨ ਕਾਰਡ ਧਾਰਕ, ਜੇ-ਫਾਰਮ ਧਾਰਕ ਕਿਸਾਨ, ਰਜਿਸਟਰਡ ਮਜ਼ਦੂਰ, ਰਜਿਸਟਰਡ ਛੋਟੇ ਵਪਾਰੀ, ਮਾਨਤਾ ਪ੍ਰਾਪਤ ਅਤੇ ਪੀਲੇ ਕਾਰਡ ਧਾਰਕ ਪੱਤਰਕਾਰ ਅਤੇ ਸਮਾਜਿਕ-ਆਰਥਿਕ ਜਾਤੀ ਜਨਗਣਨਾ ਡੇਟਾ- 2011 ਦੇ ਤਹਿਤ ਕਵਰ ਪਰਿਵਾਰ ਸ਼ਾਮਲ ਹਨ।

# ਐਨਆਰਆਈ, ਵੋਟ ਬਣਾਉਣ ਲਈ ਐਨਆਰਆਈ ਸਭਾ ਜਲੰਧਰ ਵਿਖੇ ਕਰ ਸਕਦੇ ਹਨ ਅਪਲਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਐਨਆਰਆਈ ਸਭਾ ਪੰਜਾਬ ਦੀ ਇਲੈਕਸ਼ਨ 5 ਜਨਵਰੀ 2024 ਨੂੰ ਹੋਣ ਜਾ ਰਹੀ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਨਾਲ ਸਬੰਧਤ ਜਿਹੜੇ ਵੀ ਐਨਆਰਆਈ ਦੀਆਂ ਵੋਟਾਂ ਨਹੀਂ ਬਣੀਆਂ ਹਨ, ਉਹ ਆਪਣੀ ਵੋਟ ਬਣਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਐਨਆਰਆਈ ਦੇ ਪੁਰਾਣੇ ਕਾਰਡ ਬਣੇ ਹੋਏ ਹਨ ਜਾਂ ਉਨ੍ਹਾਂ ਦੀ ਵੈਲਡਿਟੀ ਖਤਮ ਹੋ ਚੁੱਕੀ ਹੈ, ਉਹ ਐਨ।ਆਰ।ਆਈ ਸਭਾ ਦੇ ਰੂਲਾਂ/ਨਿਯਮਾਂ ਅਨੁਸਾਰ ਐਨ।ਆਰ।ਆਈ ਸਭਾ ਜਲੰਧਰ ਵਿਖੇ ਅਪਲਾਈ ਕਰਕੇ ਨਵੇਂ ਫੋਟੋ ਵਾਲੇ ਇੰਡੈਂਟੀਕਾਰਡ ਬਣਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਐਨਆਰਆਈ ਦੇ ਕਾਰਡ ਬਣੇ ਹਨ, ਉਨ੍ਹਾਂ ਦੀ ਐਨਆਰਆਈ ਰੂਲਾਂ ਮੁਤਾਬਿਕ 5 ਸਾਲ ਦੀ ਮਿਆਦ ਕਰ ਦਿੱਤੀ ਗਈ ਹੈ। ਉਨ੍ਹਾਂ ਐਨਆਰਆਈਜ਼ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਕਾਰਡਾਂ ਦੀ ਮਿਆਦ ਖਤਮ ਹੋ ਚੁੱਕੀ ਹੈ, ਉਹ ਐਨਆਰਆਈ ਸਭਾ ਵਿਖੇ ਅਪਲਾਈ ਕਰਕੇ ਨਵੇਂ ਕਾਰਡ ਬਣਾ ਸਕਦੇ ਹਨ।



# ਦਾਦਰ ਪੰਡੋਰਵੀ ਦਾ .ਗ਼ਜ਼ਲ ਸੰਗ੍ਰਹਿ "ਪਾਣੀ ਉੱਤੇ ਤਰਦੀ ਅੱਗ" ਲੋਕ ਅਰਪਣ

**ਫਗਵਾੜਾ** ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ।) ਦੇ ਦਫ਼ਤਰ ਸਕੱਤਰ ਤੇ ਨਾਮਵਰ ਸ਼ਾਇਰ ਜਗਦੀਸ਼ ਰਾਣਾ ਨੇ ਮੀਡੀਆ ਨਾ.ਲ ਗੱਲ ਕਰਦਿਆਂ ਦੱਸਿਆ ਕਿ ਬੀਤੇ ਦਿਨੀਂ ਬਾਬਾ ਸ਼ੇਖ਼ ਫ਼ਰੀਦ ਮੇਲਾ, ਫ਼ਰੀਦਕੋਟ ਵਿਖੇ ਵਿਦੇਸ਼ ਵੱਸਦੇ ਚਰਚਿਤ ਗ਼ਜ਼ਲਕਾਰ ਦਾਦਰ ਪੰਡੋਰਵੀ ਦਾ ਨਵਾਂ ਗ਼ਜ਼ਲ ਸੰਗ੍ਰਹਿ 'ਪਾਣੀ ਉੱਤੇ ਤਰਦੀ ਅੱਗ' ਆਟਮ ਆਰਟ, ਪਟਿਆਲਾ ਦੀ ਸਟਾਲ ਸਾਹਮਣੇ ਬੜੇ ਹੀ ਸਾਦੇ ਪਰ ਪ੍ਰਭਾਵਸ਼ਾਲੀ ਢੰਗ ਨਾ.ਲ ਲੋਕ ਅਰਪਣ ਕੀਤਾ ਗਿਆ।ਲੋਕ ਅਰਪਣ ਦੀ ਰਸਮ ਵਿੱਚ ਮੁੱਖ ਤੌਰ ਤੇ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ, ਪੁਸਤਕ ਦੇ ਪ੍ਰਕਾਸ਼ਕ ਪ੍ਰੀਤੀ ਸ਼ੈਲੀ ਵਾਲੀਆ, ਸਤਪਾਲ ਢੰਡੀਵਾਲ, ਡਾ ਸਟਾਲਿਨਵੀਰ ਸਿੰਘ, ਪ੍ਰਿੰ ਜਸਵੰਤ ਸਿੰਘ ਬਰਾੜ, ਸੁੰਦਰ ਸਿੰਘ ਅਤੇ ਸੁਰਿੰਦਰ ਸਿੰਘ ਆਦਿ ਸ਼ਾਮਿਲ ਰਹੇ।




ਜਗਦੀਸ਼ ਰਾਣਾ ਨੇ ਦੱਸਿਆ ਕੇ ਇਸ ਤੋਂ ਪਹਿਲਾਂ ਦਾਦਰ ਪੰਡੋਰਵੀ ਦੇ ਤਿੰਨ ਗ਼ਜ਼ਲ ਸੰਗ੍ਰਹਿ 'ਅੰਦਰ ਦਾ ਸਫ਼ਰ, 'ਆਲ੍ਹਣਿਆਂ ਦੀ ਚਿੰਤਾ' ਅਤੇ 'ਖੰਭਾਂ ਥੱਲੇ ਅੰਬਰ' ਵੀ ਸਾਹਿਤ ਜਗਤ ਵਿੱਚ ਖ਼ੂਬ ਚਰਚਿਤ ਰਹੇ ਤੇ ਬੇਹੱਦ ਸਲਾਹੇ ਗਏ।

# ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ 5 ਨਵੰਬਰ ਨੂੰ ਕਰਵਾਏ ਜਾਣਗੇ

**ਮਾਹਿਲਪੁਰ (ਹਰਵੀਰ ਮਾਨ)–** ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਪੰਜਾਬੀ ਦੇ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਵੱਲੋਂ ਬੱਚਿਆਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਮੰਤਵ ਨਾਲ ਹਰ ਸਾਲ ਕਰਵਾਏ ਜਾਂਦੇ ਸਾਹਿਤ ਸਿਰਜਣਾ ਮੁਕਾਬਲੇ ਇਸ ਵਾਰ 5 ਨਵੰਬਰ ਐਤਵਾਰ ਨੂੰ ਕਰੂੰਬਲਾਂ ਭਵਨ ( ਗੜਸ਼ੰਕਰ ਰੋਡ ਬੈਕ ਸਾਈਡ ਆਈ ਸੀ ਆਈ ਸੀ ਆਈ ਬੈਂਕ) ਮਹਿਲਪੁਰ ਵਿੱਚ ਸਵੇਰੇ 10 ਵਜੇ ਕਰਵਾਏ ਜਾਣਗੇ ਲ ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਅਤੇ ਸਰਪ੍ਰਸਤ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਇਹਨਾਂ ਮੁਕਾਬਲਿਆਂ ਵਿੱਚ ਛੇਵੀਂ ਤੋਂ ਪਲੱਸ ਟੂ ਤੱਕ ਦੇ ਇਕ ਸਕੂਲ ਦੇ ਤਿੰਨ ਵਿਦਿਆਰਥੀ ਭਾਗ ਲੈ ਸਕਦੇ ਹਨਲ ਇਸ ਮੁਕਾਬਲੇ ਦੇ ਸਾਰੇ ਭਾਗੀਦਾਰਾਂ ਨੂੰ ਪੁਸਤਕਾਂ ਦੇ ਸੈੱਟ ਤੋਹਫੇ ਵਜੋਂ ਦਿੱਤੇ ਜਾਣਗੇ। ਪੰਜਾਬੀ ਭਾਸ਼ਾ ਵਿੱਚ ਲੇਖ, ਕਹਾਣੀ ਅਤੇ ਕਵਿਤਾ ਦਾ ਵਿਸ਼ਾ ਮੌਕੇ ਤੇ ਦਿੱਤਾ ਜਾਵੇਗਾ। ਜੇਤੂ ਰਚਨਾਵਾਂ ਨੂੰ ਨਗਦ ਇਨਾਮ ਤੋਂ ਇਲਾਵਾ ਨਿੱਕੀਆਂ ਕਰੂੰਬਲਾਂ ਰਸਾਲੇ ਵਿੱਚ ਪ੍ਰਕਾਸ਼ਿਤ ਵੀ ਕੀਤਾ ਜਾਵੇਗਾ। ਮੁਕਾਬਲੇ ਦੀ ਐਂਟਰੀ ਮੁਫਤ ਹੈ ਅਤੇ ਚਾਹਵਾਨ ਸਕੂਲ ਮੁਖੀ ਬੱਚਿਆਂ ਦੇ ਵੇਰਵੇ 30 ਅਕਤੂਬਰ ਤੱਕ ਸੰਪਾਦਕ ਨੂੰ ਭੇਜ ਸਕਦੇ ਹਨ। ਸੁਰ ਸੰਗਮ ਵਿਦਿਅਕ ਟਰਸਟ ਦਾ ਫੈਸਲਾ ਆਖਰੀ ਹੋਵੇਗਾ। ਟਰਸਟ ਦੀ ਹੋਈ ਇਸ ਬੈਠਕ ਵਿੱਚ ਪ੍ਰਿੰਸੀਪਲ ਮਨਜੀਤ ਕੌਰ, ਹਰਮਨਪ੍ਰੀਤ ਕੌਰ, ਹਰਵੀਰ ਮਾਨ, ਸੁਖਮਨ ਸਿੰਘ, ਮਨਜਿੰਦਰ ਸਿੰਘ, ਪਵਨ ਸਕਰੂਲੀ ਚੈਂਚਲ ਸਿੰਘ ਬੈਂਸ, ਕੁਲਦੀਪ ਕੌਰ ਬੈਂਸ ਹਾਜ਼ਰ ਹੋਏ।

# ਗੀਤਾਂ ਦੇ ਵਣਜਾਰੇ ਮੰਗਲ ਹਠੂਰ ਦਾ ਵੱਖ ਵੱਖ ਥਾਈ ਕਨੇਡਾ 'ਚ ਸਨਮਾਨ

**ਕਨੇਡਾ, ਟੋਰਾਂਟੋ /ਵੈਨਕੂਵਰ, ( ਕੁਲਦੀਪ ਚੁੰਬਰ )–** ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦਾ ਵੱਖ ਵੱਖ ਸੱਭਿਆਚਾਰਕ ਸੰਸਥਾਵਾਂ ਵੱਲੋਂ ਕਨੇਡਾ ਫੇਰੀ ਮੌਕੇ ਸਨਮਾਨ ਕੀਤਾ ਗਿਆ। ਜਿਸ ਕੜੀ ਵਿੱਚ ਬੀਤੇ ਕੱਲ੍ਹ ਸਾਊਥ ਫੀਲਡ ਸੀਨੀਅਰ ਕਲੱਬ ਕਾਲਡਨ



ਵੈਸਟ ਵਲੋਂ ਉਕਤ ਗੀਤਕਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬਲਦੇਵ ਸਿੰਘ ਚੰਨੂਵਾਲ, ਸਰਪ੍ਰਸਤ ਕੈਪਟਨ ਕੁਲਵੰਤ ਸਿੰਘ ਬੱਲ, ਪ੍ਰਧਾਨ ਗੁਰਨਾਮ ਸਿੰਘ ਧਾਲੀਵਾਲ, ਖ਼ਜ਼ਾਨਚੀ ਹਰਬੰਸ ਸਿੰਘ ਗਿੱਲ, ਮੇਜ਼ਰ ਸਿੰਘ ਗੁਦਾਰਾ, ਜਸਪ੍ਰੀਤ ਸਿੰਘ ਗਿੱਲ, ਮਾਸਟਰ ਰਘਬੀਰ ਸਿੰਘ, ਗੁਰਸੇਵਕ ਸਿੰਘ ਗਿੱਲ, ਗੁਣਗੀਤ ਮੰਗਲ, ਅਮਰਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ । ਇਸੇ ਹੀ ਤਰ੍ਹਾਂ ਲੰਡਨ (ਕਨੇਡਾ) ਵਿਖੇ ਵੀ ਸ਼੍ਰੀਮਾਨ ਗੁਰਪ੍ਰੀਤ ਕੋਹਾੜ ਵਲੋਂ ਰੱਖੇ ਗਏ ਇੱਕ ਪ੍ਰੋਗਰਾਮ ਦੌਰਾਨ ਗੀਤਕਾਰ ਮੰਗਲ ਹਠੂਰ ਨੂੰ ਸਤਿਕਾਰਿਆ ਗਿਆ । ਇਸ ਸਮੇਂ ਪ੍ਰਸਿੱਧ ਗਾਇਕ ਹੈਰੀ ਸੰਧੂ, ਗੁਰਪ੍ਰੀਤ ਕੋਹਾੜ, ਗੁਣਗੀਤ ਮੰਗਲ, ਗਾਇਕ ਹੀਰ ਸੱਜਣ ਮਿੱਤਰ ਅਤੇ ਹੋਰ ਆਖਰ ਆਖਰ ਮੈਂਬਰ ਹਾਜ਼ਰ ਸਨ। ਆਖਰ ਵਿੱਚ ਗੀਤਕਾਰ ਮੰਗਲ ਨੇ ਆਪਣੇ ਰਵਾਇਤੀ ਸ਼ਾਇਰੋ ਸ਼ਾਇਰੀ ਦੇ ਅੰਦਾਜ਼ ਵਿੱਚ ਸਭ ਸੱਜਣਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਪੰਜਾਬੀ ਗੀਤਕਾਰੀ ਬਦਲੇ ਮਾਣ ਸਨਮਾਨ ਬਖਸ਼ਦੇ ਰਹਿਣ ਦੀ ਆਸ ਜਤਾਈ।

# ਸਕਾਟਲੈਂਡ ਦੇ ਸਿਆਸਤਦਾਨਾਂ ਨੇ ਭਾਰਤ ਫੇਰੀ ਦੌਰਾਨ ਨਵੇਂ ਬਣੇ ਪਾਰਲੀਮੈਂਟ ਦਾ ਕੀਤਾ ਦੌਰਾ

## ਐਮਐਸਪੀ ਪਾਮ ਗੋਸਲ ਦੀ ਅਗਵਾਈ ’ਚ ਫਿਨਟੈਕ ਡੈਲੀਗੇਸ਼ਨ ਪਹੁੰਚਿਆ ਭਾਰਤ







**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਿਸ਼ ਸਿਆਸਤਦਾਨਾਂ ਦੇ ਡੈਲੀਗੇਸ਼ਨ ਨੇ ਨਵੇਂ ਬਣੇ ਦਿੱਲੀ ਸੰਸਦ ਦਾ ਦੌਰਾ ਕੀਤਾ ਅਤੇ ਇਸ ਵਫਦ ਦੀ ਅਗਵਾਈ ਪਾਮ ਗੋਸਲ (ਐਮਐਸਪੀ) ਵੱਲੋਂ ਕੀਤੀ ਗਈ। ਜ਼ਿਕਰਯੋਗ ਹੈ ਕਿ ਪਾਮ ਗੋਸਲ 2021 ਵਿੱਚ ਸਕਾਟਿਸ਼ ਸੰਸਦ ਲਈ ਚੁਣੀ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਐੱਮ ਐੱਸ ਪੀ ਬਣੀ ਸੀ। ਜਾਣਕਾਰੀ ਮੁਤਾਬਕ ਸਕਾਟਿਸ਼ ਸੰਸਦ ਦੇ ਵਫ਼ਦ ਨੇ ਫਿਨਟੈਕ ਵਪਾਰਕ ਸਬੰਧਾਂ ਨੂੰ ਹੁਲਾਰਾ ਦੇਣ ਦੇ ਟੀਚੇ ਨਾਲ ਭਾਰਤ ਦਾ ਦੌਰਾ ਕੀਤਾ। ਸਕਾਟਲੈਂਡ ਅਤੇ ਭਾਰਤ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਸਕਾਟਲੈਂਡ ਦੀ ਸੰਸਦ ਵਿਚ ਕ੍ਰਾਸ-ਪਾਰਟੀ ਗਰੁੱਪ ਦੀ ਸਥਾਪਨਾ ਕੀਤੀ, ਜਿਸ ਵਿਚ ਵਪਾਰ, ਸੱਭਿਆਚਾਰ ਅਤੇ ਸਿੱਖਿਆ ਦੇ ਤਿੰਨ ਮੁੱਖ ਵਿਸ਼ਿਆਂ ’ਤੇ ਧਿਆਨ ਦਿੱਤਾ ਗਿਆ ਸੀ। ਇਸ ਡੈਲੀਗੇਸ਼ਨ ਦੇ ਹੋਰ ਐਮਐਸਪੀਜ਼ ਵਿੱਚ ਸਕਾਟਿਸ਼ ਕੰਜ਼ਰਵੇਟਿਵਜ਼ ਦੇ ਸ਼ੈਰਨ ਡੋਵੀ ਐਮਐਸਪੀ ਅਤੇ ਅਲੈਗਜ਼ੈਂਡਰ ਸਟੀਵਰਟ ਐਮਐਸਪੀ, ਸਕਾਟਿਸ਼ ਨੈਸ਼ਨਲ ਪਾਰਟੀ ਦੇ ਕੇਨੇਥ ਗਿਬਸਨ ਅਤੇ ਸਕਾਟਿਸ਼ ਲੇਬਰ ਪਾਰਟੀ ਦੇ ਫੋਇਸੋਲ ਆਦਿ ਸ਼ਾਮਲ ਸਨ। ਦੌਰੇ ਦੌਰਾਨ ਉਨ੍ਹਾਂ ਨੇ ਕਈ ਸੀਨੀਅਰ ਭਾਰਤੀ ਸਿਆਸਤਦਾਨਾਂ ਅਤੇ ਸੰਗਠਨਾਂ ਨਾਲ ਮੁਲਾਕਾਤ ਕੀਤੀ ਅਤੇ ਦਿੱਲੀ ਵਿੱਚ ਭਾਰਤ ਦੀ ਨਵੀਂ ਸੰਸਦ ਦੀ ਇਮਾਰਤ ਦਾ ਦੌਰਾ ਕੀਤਾ। ਇਸ ਦੌਰੇ ਮੌਕੇ ਸਕਾਟਲੈਂਡ ਦੇ ਕ੍ਰਾਸ-ਪਾਰਟੀ ਗਰੁੱਪ ਨੇ ਭਾਰਤ ਦੇ ਉਪ ਰਾਸ਼ਟਰਪਤੀ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਸਮੇਤ ਭਾਰਤੀ ਸਿਆਸਤਦਾਨਾਂ ਨਾਲ ਮੁਲਾਕਾਤ ਕੀਤੀ। ਭਾਰਤ ਦੇ ਉਪ ਰਾਸ਼ਟਰਪਤੀ, ਜਗਦੀਪ ਧਨਖੜ ਨਾਲ ਮੁਲਾਕਾਤ ਕਰਦੇ ਹੋਏ, ਉਪ ਰਾਸ਼ਟਰਪਤੀ ਨੇ ਯੂ.ਕੇ. ਅਤੇ ਭਾਰਤ ਵਿਚਕਾਰ ਸਬੰਧਾਂ ਅਤੇ ਸਕਾਟਲੈਂਡ ਲਈ ਆਪਣੇ ਪਿਆਰ ਬਾਰੇ ਐਮਐਸਪੀਜ਼ ਨਾਲ ਨਿੱਘੇ ਸ਼ਬਦ ਸਾਂਝੇ ਕੀਤੇ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੀ ਵਫ਼ਦ ਦਾ ਸੁਆਗਤ ਕੀਤਾ ਅਤੇ ਇਹ ਵਿਚਾਰ-ਵਟਾਂਦਰਾ ਕਰਕੇ ਖੁਸ਼ ਹੋਏ ਕਿ ਸਕਾਟਲੈਂਡ ਖੇਤੀ, ਸੈਰ-ਸਪਾਟਾ, ਵਿੱਤ ਸਮੇਤ ਹੋਰ ਮੁੱਦਿਆਂ ’ਤੇ ਭਾਰਤ ਨਾਲ ਕਿਵੇਂ ਬਿਹਤਰ ਕੰਮ ਕਰ ਸਕਦਾ ਹੈ। ਅੰਤ ਵਿੱਚ, ਵਫ਼ਦ ਦਾ ਵਣਜ ਅਤੇ ਉਦਯੋਗ ਮੰਤਰੀ, ਸ਼੍ਰੀ ਪੀਯੂਸ਼ ਗੋਇਲ ਦੁਆਰਾ ਸਵਾਗਤ ਕੀਤਾ ਗਿਆ, ਜਿੱਥੇ ਉਹਨਾਂ ਨੇ ਬ੍ਰਿਟੇਨ-ਭਾਰਤ ਵਪਾਰ ਸੌਦੇ ਲਈ ਚੱਲ ਰਹੀ ਗੱਲਬਾਤ ਦੇ ਨਾਲ-ਨਾਲ ਭਾਰਤੀ ਵਿੱਤ ਅਤੇ ਫਿਨਟੈਕ ਸੈਕਟਰਾਂ ਬਾਰੇ ਸੰਖੇਪ ਵਿੱਚ ਗੱਲ ਕੀਤੀ। ਇਸ ਮੌਕੇ ਵਫਦ ਨੇ ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ), ਟਾਟਾ ਗਰੁੱਪ ਅਤੇ ਇਨਵੈਸਟ ਇੰਡੀਆ ਨਾਲ ਵੀ ਮੁਲਾਕਾਤ ਕੀਤੀ ਅਤੇ ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼ (ਆਈ.ਸੀ.ਸੀ.ਆਰ.) ਨਾਲ ਵੀ ਮੁਲਾਕਾਤ ਕੀਤੀ, ਜਿੱਥੇ ਸੱਭਿਆਚਾਰ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਹੋਰ ਸਹਿਯੋਗ ਲਈ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਗਿਆ, ਜਿਸ ਵਿੱਚ ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚ ਵਧੇਰੇ ਸਕੌਟਿਸ਼ ਵਿਦਿਆਰਥੀਆਂ ਦੀ ਪੜ੍ਹਾਈ ਕਰਨ ਦੀ ਸੰਭਾਵਨਾ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਵਫ਼ਦ ਦੇ ਬਾਅਦ, ਕਰਾਸ-ਪਾਰਟੀ ਗਰੁੱਪ ਹਫ਼ਤੇ ਭਰ ਵਿੱਚ ਹੋਈਆਂ ਲਾਭਕਾਰੀ ਮੀਟਿੰਗਾਂ ਕਰੇਗਾ, ਜਿਸ ਵਿੱਚ ਸਕਾਟਲੈਂਡ ਅਤੇ ਭਾਰਤ ਦੀਆਂ ਫਿਨਟੈਕ ਕੰਪਨੀਆਂ ਨੂੰ ਜੋੜਨ ਵਾਲੇ ਵਫ਼ਦ ਦੇ ਮੁੱਖ ਉਦੇਸ਼ਾਂ ਨੂੰ ਪੂਰਾ ਕੀਤਾ ਜਾਵੇਗਾ। ਸਕਾਟਿਸ਼ ਪਾਰਲੀਮੈਂਟ ਕਰਾਸ-ਪਾਰਟੀ ਗਰੁੱਪ ਭਾਰਤ ਦੇ ਕਨਵੀਨਰ, ਪਾਮ ਗੋਸਲ ਐਮਐਸਪੀ ਨੇ ਕਿਹਾ ਕਿ ਇਹ ਸਕਾਟਲੈਂਡ ਤੋਂ ਭਾਰਤ ਲਈ ਐਮਐਸਪੀਜ਼ ਦਾ ਪਹਿਲਾ ਡੈਲੀਗੇਸ਼ਨ ਸੀ, ਅਤੇ ਇਹ ਇੱਕ ਬਹੁਤ ਹੀ ਲਾਭਕਾਰੀ ਹਫ਼ਤਾ ਰਿਹਾ ਹੈ। ਮੈਂ ਆਸ਼ਾਵਾਦੀ ਹਾਂ ਕਿ ਇਹ ਯਾਤਰਾ ਹਰੇਕ ਦੇਸ਼ ਵਿੱਚ ਕਾਰੋਬਾਰਾਂ ਵਿਚਕਾਰ ਹੋਰ ਵੀ ਨਜ਼ਦੀਕੀ ਵਪਾਰਕ ਸਬੰਧਾਂ ਵੱਲ ਪਹਿਲਾ ਕਦਮ ਹੋ ਸਕਦੀ ਹੈ।

## ਸਹਾਇਕ ਪ੍ਰੋਫੈਸਰ ਖ਼ੁਦਕੁਸ਼ੀ ਮਾਮਲੇ ’ਚ ਪਰਿਵਾਰ ਤੇ ਜਥੇਬੰਦੀਆਂ ਦਾ ਹਸਪਤਾਲ ਅੱਗੇ ਧਰਨਾ ਜਾਰੀ

**ਰੂਪਨਗਰ–** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ, ਮ੍ਰਿਤਕਾ ਦੀ ਜਥੇਬੰਦੀ ਦੇ ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਵੱਲੋਂ ਤੜਕੇ ਪੌਣੇ ਤਿੰਨ ਵਜੇ ਤੱਕ ਧਰਨਾ ਦੇਣ ਦੇ ਬਾਵਜੂਦ ਪੁਲੀਸ ਵੱਲੋਂ ਮ੍ਰਿਤਕਾ ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਦੇ ਖੁਦਕੁਸ਼ੀ ਨੋਟ ਮੁਤਾਬਕ ਕਾਰਵਾਈ ਨਹੀਂ ਕੀਤੀ ਗਈ। ਇਸ ਮਗਰੋਂ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਅਤੇ ਜਥੇਬੰਦਕ ਸਾਥੀਆਂ ਵੱਲੋਂ ਅੱਜ ਹਸਪਤਾਲ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਮ੍ਰਿਤਕਾ ਦੇ ਭਰਾ ਹਰਦੇਵ ਸਿੰਘ ਨੇ ਦੋਸ਼ ਲਗਾਇਆ ਕਿ ਲੋਕ ਰੋਹ ਨੂੰ ਦੇਖਦੇ ਹੋਏ ਬੀਤੀ ਰਾਤ ਪੁਲੀਸ ਨੇ ਉਨ੍ਹਾਂ ਦੇ ਬਿਆਨ ਤਾਂ ਕਲਮਬੱਧ ਕਰ ਲਏ ਹਨ ਪਰ ਉਸ ਵੱਲੋਂ ਆਪਣੀ ਭੈਣ ਦੇ ਖੁਦਕੁਸ਼ੀ ਨੋਟ ਅਨੁਸਾਰ ਲਿਖਵਾਏ ਬਿਆਨ ’ਚ ਸਿੱਖਿਆ ਮੰਤਰੀ ਦਾ ਨਾਮ ਮੁਕੱਦਮੇ ਵਿੱਚ ਸ਼ਾਮਲ ਨਹੀਂ ਕੀਤਾ।

ਪੁਲਿਸ ਨੇ ਉਨ੍ਹਾਂ ਨੂੰ ਕਥਿਤ ਇੰਟਰਨੈੱਟ ਨਾ ਹੋਣ ਦਾ ਬਹਾਨਾ ਮਾਰ ਕੇ ਇਹ ਕਹਿੰਦਿਆਂ ਘਰ ਚਲੇ ਜਾਣ ਲਈ ਕਿਹਾ ਤੇ ਨਾਲ ਹੀ ਕਥਿਤ ਤੌਰ ’ਤੇ ਭਰੋਸਾ ਦਿੱਤਾ ਕਿ ਸਵੇਰੇ ਇੰਟਰਨੈੱਟ ਦੀ ਬਹਾਲੀ ਹੁੰਦਿਆਂ ਸਿੱਖਿਆ ਮੰਤਰੀ ਦਾ ਨਾਮ ਮੁਕੱਦਮੇ ਵਿੱਚ ਸ਼ਾਮਲ ਕਰਕੇ ਉਸ ਦੀ ਕਾਪੀ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ ਪਰ ਪੁਲਿਸ ਮੰਤਰੀ ਦਾ ਨਾਮ ਮੁਕੱਦਮੇ ਵਿੱਚ ਸ਼ਾਮਲ ਕਰਨ ਤੋਂ ਕਥਿਤ ਤੌਰ ’ਤੇ ਕਤਰਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਪੁਲੀਸ ਉਨ੍ਹਾਂ ਦੀ ਭੈਣ ਵੱਲੋਂ ਲਿਖੇ ਖੁਦਕੁਸ਼ੀ ਨੋਟ ਮੁਤਾਬਕ ਕਾਰਵਾਈ ਨਹੀਂ ਕਰਦੀ, ਉਦੋਂ ਤੱਕ ਉਹ ਪੋਸਟਮਾਰਟਮ ਨਹੀਂ ਕਰਵਾਉਣਗੇ। ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਸਿਵਲ ਹਸਪਤਾਲ ਰੂਪਨਗਰ ਦੇ ਮੁਰਦਾਘਰ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਧਰਨੇ ਵਿੱਚ 1158 ਸਹਾਇਕ ਪ੍ਰਫੈਸਰ ਅਤੇ ਲਾਇਬ੍ਰੇਰੀਅਨ ਫਰੰਟ ਜਥੇਬੰਦੀ ਤੋਂ ਇਲਾਵਾ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ ਹੈ।







# ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਨੇ ਫ਼ਲਸਤੀਨੀਆਂ ਦੇ ਹੱਕ 'ਚ ਆਵਾਜ਼ ਉਠਾਉਣ ਦਾ ਦਿੱਤਾ ਸੱਦਾ

## .ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਕਲਾ ਵੰਨਗੀਆਂ ਨੂੰ ਦਿੱਤੀਆਂ ਅੰਤਿਮ ਛੋਹਾਂ





**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਨੇ 30, 31 ਅਕਤੂਬਰ ਅਤੇ 1 ਨਵੰਬਰ ਨੂੰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋ ਰਹੇ ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਵੱਖ-ਵੱਖ ਪੇਸ਼ਕਾਰੀਆਂ, ਕਲਾ ਵੰਨਗੀਆਂ ਅਤੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ।

ਜਨਰਲ ਬਾਡੀ ਨੇ ਦੇਸ਼ ਭਗਤ ਯਾਦਗਾਰ ਹਾਲ ਦੇ ਬਾਹਰ ਜੀ.ਟੀ.ਰੋਡ ਵਾਲੇ ਪਾਸੇ ਵੱਖ-ਵੱਖ ਇਤਿਹਾਸਕ ਸੰਘਰਸ਼ਾਂ, ਸ਼ਹਾਦਤਾਂ, ਘਟਨਾਵਾਂ ਅਤੇ ਆਜ਼ਾਦੀ ਸੰਗਰਾਮ ਦੇ ਨਾਇਕਾਂ ਦੀਆਂ ਆਮ ਲੋਕਾਂ ਦੀ ਜਾਣਕਾਰੀ ਲਈ ਫਲੈਕਸਾਂ ਅੱਜ ਲੋਕ ਅਰਪਣ ਕੀਤੀਆਂ ਤਾਂ ਜੋ ਸ਼ਹਿਰ ਨਿਵਾਸੀਆਂ ਅਤੇ ਦੇਸ਼ ਭਗਤ ਯਾਦਗਾਰ ਹਾਲ ਦਾ ਮਿਊਜ਼ੀਅਮ, ਲਾਇਬ੍ਰੇਰੀ, ਥੀਏਟਰ ਅਤੇ ਸਰਗਰਮੀਆਂ ਵੇਖਣ ਜੁੜਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਸਕੇ।

30 ਅਕਤੂਬਰ ਸ਼ਾਮ: ਪੁਸਤਕ ਸਭਿਆਚਾਰ ਦੇ ਨਾਮ ਕਰਦੇ ਹੋਏ ਵਿਸ਼ਾਲ ਪੁਸਤਕ ਪ੍ਰਦਰਸ਼ਨੀ ਵਾਲੀ ਪੰਡਾਲ 'ਚ ਪਿਛਲੇ ਦਿਨੀਂ ਵਿਛੜੇ ਕਵੀਆਂ, ਸਾਹਿਤਕਾਰਾਂ, ਲੇਖਕਾਂ, ਪੱਤਰਕਾਰਾਂ, ਜਾਣੇ-ਪਹਿਚਾਣੇ ਕਵੀ ਗ਼ਦਰ, ਹਰਭਜਨ ਹੁੰਦਲ, ਬਾਰੂ ਸਤਵਰਗ, ਮਾਸਟਰ ਤਰਲੋਚਨ ਸਮਰਾਲਾ, ਦੇਸ ਰਾਜ ਕਾਲੀ, ਸ਼ਿਵ ਨਾਥ, ਡਾ. ਜਸਵੰਤ ਬੇਗੋਵਾਲ ਅਤੇ ਪ੍ਰੋ. ਅਨੂਪ ਵਿਰਕ ਨੂੰ ਸਿਜਦਾ ਕਰਨ ਉਪਰੰਤ ਹਰ ਚੁੱਲ੍ਹੇ ਚੌਂਕੇ, ਹਰ ਪਿੰਡ, ਸ਼ਹਿਰ ਵਿਦਿਅਕ ਸੰਸਥਾਵਾਂ ਤੱਕ ਸਿਹਤਮੰਦ, ਵਿਗਿਆਨਕ, ਲੋਕ-ਪੱਖੀ ਸਾਹਿਤ ਕਿਵੇਂ ਪੁੱਜ ਸਕੇ ਉਪਰ ਗੰਭੀਰ ਵਿਚਾਰਾਂ ਹੋਣਗੀਆਂ।

31 ਅਕਤੂਬਰ ਕੁਇਜ਼, ਪੇਂਟਿੰਗ ਮੁਕਾਬਲਾ, ਵਿਚਾਰ-ਚਰਚਾ ਜਿਸ ਵਿੱਚ ਤੀਸਤਾ ਸੀਤਲਵਾੜ, ਵਿਨੀਤ ਤਿਵਾੜੀ ਮੁੱਖ ਵਕਤਾ ਹੋਣਗੇ, ਸਨਮਾਨ ਸਮਾਰੋਹ ਮੌਕੇ ਕਮੇਟੀ ਮੈਂਬਰ ਰਮਿੰਦਰ ਪਟਿਆਲਾ ਅਤੇ ਤਰਕਸ਼ੀਲ ਆਗੂ ਰਾਜਿੰਦਰ ਭਦੌੜ ਵਿਚਾਰ ਸਾਂਝੇ ਕਰਨਗੇ। ਉਪਰੰਤ ਕਵੀ-ਦਰਬਾਰ ਹੋਏਗਾ। ਸ਼ਾਮ ਨੂੰ ਫ਼ਿਲਮ ਸ਼ੋਅ ਅਤੇ ਮਾਨਵਤਾ ਕਲਾ ਮੰਚ ਨਗਰ ਵੱਲੋਂ ਹੋਏਗਾ ਨਾਟਕ 'ਚਿੜੀਆਂ ਦਾ ਚੰਬਾ'। ਪਹਿਲੀ ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਸੁਰਿੰਦਰ ਕੁਮਾਰੀ ਕੋਛੜ, ਜਨਰਲ ਸਕੱਤਰ ਅਤੇ ਪ੍ਰਧਾਨ ਸੰਬੋਧਨ ਕਰਨਗੇ। ਅਮੋਲਕ ਸਿੰਘ ਦੇ ਲਿਖਿਆ, ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਨ ਸੰਗੀਤਕ ਓਪੇਰਾ ਝੰਡੇ ਦਾ ਗੀਤ 'ਚਾਨਣ ਦੇ ਵਣਜਾਰੇ', ਗੀਤ-ਸੰਗੀਤ, ਇਕੱਤਰ ਦਾ ਨਾਟਕ 'ਠੱਗੀ' ਹੋਏਗਾ। ਵਿਚਾਰ-ਚਰਚਾ 'ਚ ਕਮੇਟੀ ਮੈਂਬਰ ਹਰਦੇਵ ਅਰਸ਼ੀ, ਮੰਗਤ ਰਾਮ ਪਾਸਲਾ, ਡਾ. ਪਰਮਿੰਦਰ, ਦਰਸ਼ਨ ਖਟਕੜ, ਸੁਖਮਿੰਦਰ ਸੇਖੋਂ ਸ਼ਿਰਕਤ ਕਰਨਗੇ ਅਤੇ ਪ੍ਰੋ. ਤੇਜਿੰਦਰ ਵਿਰਲੀ ਮੰਚ ਸੰਚਾਲਨ ਦੀ ਭੂਮਿਕਾ ਅਦਾ ਕਰਨਗੇ।

ਪਹਿਲੀ ਨਵੰਬਰ ਦਿਨ-ਰਾਤ ਸਮਾਂ-ਸਾਰਣੀ ਮੁਤਾਬਕ ਗੀਤ ਸੰਗੀਤ ਦੀਆਂ ਸੇਵਾਵਾਂ ਹਰਿੰਦਰ ਸੋਹਲ ਅੰਮ੍ਰਿਤਸਰ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਸੰਗੀਤ ਵਿਭਾਗ, ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ), ਦਰਸਤਕ ਮੰਚ, ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਮਾਨਵਤਾ ਕਲਾ ਮੰਚ ਨਗਰ ਦੀ ਅਦਾਕਾਰ ਨਰਗਿਸ, ਅੰਮ੍ਰਿਤਪਾਲ ਬੰਗਾ ਆਦਿ ਅਦਾ ਕਰਨਗੇ। ਪਹਿਲੀ ਨਵੰਬਰ ਦੀ ਰਾਤ ਇਪਟਾ ਛਤੀਸ਼ਗੜ੍ਹ, ਅਨੀਤਾ ਸ਼ਬਦੀਸ਼, ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਵਿੱਕੀ ਮਹੇਸ਼ਰੀ ਅਤੇ ਅਵਤਾਰ ਚੜਿੱਕ (ਇਪਟਾ) ਨਾਟਕ ਪੇਸ਼ ਕਰਨਗੇ। ਅਵਤਾਰ ਚੜਿਕ ਅਤੇ ਇਕਬਾਲ ਭੰਡਾਂ ਦੀ ਜੋੜੀ ਵੀ ਇਸ ਰਾਤ ਮੇਲੇ 'ਤੇ ਆਪਣੀ ਕਲਾ ਦਾ ਰੰਗ ਪੇਸ਼ ਕਰੇਗੀ। ਨਾਟਕਾਂ ਅਤੇ ਗੀਤਾਂ ਭਰੀ ਇਹ ਸ਼ਾਮ ਕਮੇਟੀ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਦੇ ਸ਼ਬਦਾਂ ਨਾਲ ਸ਼ੁਰੂ ਹੋਏਗੀ।

ਤਿੰਨੇ ਦਿਨ ਦੇਸ਼ ਭਗਤ ਯਾਦਗਾਰ ਹਾਲ ਨੂੰ ਪ੍ਰੋ. ਬਰਕਤ ਉੱਲਾ ਹਾਲ ਅਤੇ ਪ੍ਰਮੁੱਖ ਪੰਡਾਲ ਨੂੰ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਪੰਡਾਲ ਦਾ ਨਾਂਅ ਦਿੱਤਾ ਜਾਏਗਾ। ਅੱਜ ਦੀ ਮੀਟਿੰਗ ਦਾ ਆਗਾਜ਼ ਉੱਘੇ ਕਵੀ ਪ੍ਰੋ. ਅਨੂਪ ਵਿਰਕ ਅਤੇ ਲੋਕ-ਪੱਖੀ ਲਹਿਰ ਨਾਲ ਜੁੜੇ ਰਹੇ ਸਦੀਵੀ ਵਿਛੋੜਾ ਦੇ ਗਏ ਕਨੇਡਾ ਵਸਦੇ ਗੁਰਮੁੱਖ ਸਿੰਘ ਰਾਏਪੁਰ ਡੱਬਾ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਦੇਣ ਨਾਲ ਹੋਇਆ। ਅੱਜ ਦੀ ਮੀਟਿੰਗ 'ਚ ਫ਼ਲਸਤੀਨ ਦੇ ਮਾਰੇ ਜਾ ਰਹੇ ਨਿਹੱਥੇ ਅਤੇ ਬੇਦੋਸ਼ੇ ਲੋਕਾਂ ਦੇ ਪਰਿਵਾਰਾਂ ਨਾਲ ਗਹਿਰੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਫ਼ਲਸਤੀਨ ਦੇ ਲੋਕਾਂ ਖਿਲਾਫ਼ ਛੇੜੀ ਨਿਹੱਕੀ ਜੰਗ ਤੁਰੰਤ ਬੰਦ ਕਰਨ ਦਾ ਮਤਾ ਪਾਇਆ ਗਿਆ।

ਮੀਟਿੰਗ 'ਚ ਇਹ ਮੰਗ ਵੀ ਕੀਤੀ ਗਈ ਕਿ 'ਨਿਊਜ਼ ਕਲਿਕ' ਦੇ ਪੱਤਰਕਾਰਾਂ, ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਉਪਰੋਕਤ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਦੀ ਜਨਰਲ ਬਾਡੀ ਮੀਟਿੰਗ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਡਾ. ਪਰਮਿੰਦਰ, ਮੰਗਤ ਰਾਮ ਪਾਸਲਾ, ਪ੍ਰਗਟ ਸਿੰਘ ਜਾਮਾਰਾਏ, ਕੁਲਬੀਰ ਸੰਘੇੜਾ, ਬਲਬੀਰ ਕੌਰ ਬੁੰਡਾਲਾ, ਮਨਜੀਤ ਸਿੰਘ, ਸੁਖਮਿੰਦਰ ਸੇਖੋਂ, ਕ੍ਰਿਸ਼ਨਾ, ਵਿਜੈ ਬੰਬੇਲੀ, ਹਰਮੇਸ਼ ਮਾਲੜੀ, ਡਾ. ਸੈਲੇਸ਼, ਪ੍ਰੋ. ਤੇਜਿੰਦਰ ਵਿਰਲੀ ਅਤੇ ਐਡਵੋਕੇਟ ਰਾਜਿੰਦਰ ਮੰਡ ਹਾਜ਼ਰ ਸਨ।

# ਪਿੰਡ ਸਹੀਦਪੁਰ ਦੇ 37 ਲਾਭਪਾਤਰੀਆਂ ਨੂੰ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵੰਡੇ 5-5 ਮਰਲੇ ਦੇ ਪਲਾਟ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਪੰਜਾਬ ਦੇ ਅੰਦਰ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਸਰਕਾਰ ਨੇ ਪਿਛਲੇ ਕਰੀਬ 18-19 ਮਹੀਨਿਆਂ ਦਾ ਸਫਰ ਤੈਅ ਕੀਤਾ ਹੈ ਇਸ ਸਫਰ ਦੇ ਦੋਰਾਨ ਵੱਖ ਵੱਖ ਵਰਗਾਂ ਦੇ ਸਵਾਲਾਂ ਦਾ ਹੱਲ ਕਰਨ ਦਾ ਉਪਰਾਲਾ ਕੀਤਾ ਗਿਆ ਹੈ, ਵਿਸੇਸ ਤੋਰ ਤੇ ਗ੍ਰਾਮੀਣ ਖੇਤਰ ਨਾਲ ਸਬੰਧਤ ਜਿਨ੍ਹਾਂ ਲੋਕਾਂ ਕੋਲ ਅਪਣੇ ਰਹਿਣ ਲਈ ਘਰ ਨਹੀਂ ਹੈ ਉਨ੍ਹਾਂ ਯੋਗ ਲਾਭਪਾਤਰੀਆਂ ਨੂੰ 5-5 ਮਰਲੇ ਪਲਾਟਾਂ ਦੀ ਯੋਜਨਾ ਤਹਿਤ ਅੱਜ ਜਿਲ੍ਹਾ ਪਠਾਨਕੋਟ ਦੇ ਘਰੋਟਾ ਬਲਾਕ ਦੇ ਪਿੰਡ ਸਹੀਦਪੁਰ ਦੇ 37 ਪਰਿਵਾਰਾਂ ਨੂੰ ਪਲਾਟਾਂ ਦੀ ਵੰਡ ਕੀਤੀ ਗਈ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸਹੀਦਪੁਰ ਵਿਖੇ ਬੇਘਰੇ ਲੋਕਾਂ ਨੂੰ ਪਲਾਟਾਂ ਦੀ ਵੰਡ ਲਈ ਆਯੋਜਿਤ ਕੀਤੇ ਇੱਕ ਸਮਾਰੋਹ ਤੋਂ ਬਾਅਦ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਕੁਲਦੀਪ ਪ੍ਰਧਾਨ, ਸਰਵਜੀਤ , ਰਵੀ ਬਾਬਾ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਜਿਨ੍ਹਾਂ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਗਏ ਹਨ ਉਨ੍ਹਾਂ ਨੂੰ ਸੁਭਕਾਮਨਾਵਾਂ ਹਨ। ਉਨ੍ਹਾਂ ਬਾਕੀ ਪੰਚਾਇਤਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ ਰਹਿਣ ਦੇ ਲਈ ਘਰ ਨਹੀਂ ਹੈ ਜਮੀਨ ਨਹੀਂ ਹੈ ਉਨ੍ਹਾਂ ਪੰਚਾਇਤਾਂ ਨੂੰ ਵੀ ਚਾਹੀਦਾ ਹੈ ਕਿ ਉਨ੍ਹਾਂ ਯੋਗ ਲਾਭਪਾਤਰੀਆਂ ਨੂੰ ਪਲਾਟਾਂ ਦੀ ਵੰਡ ਕਰਨ ਦੇ ਲਈ ਮਤੇ ਪਾ ਕੇ ਕਾਰਵਾਈ ਨੂੰ ਅੱਗੇ ਤੋਰਨ ਤਾਂ ਜੋ ਉਨ੍ਹਾਂ ਲੋਕਾਂ ਨੂੰ ਵੀ ਘਰ ਦਿੱਤੇ ਜਾਣ। ਉਨ੍ਹਾਂ ਦੱਸਿਆ ਕਿ ਅੱਜ ਪਿੰਡ ਸਹੀਦਪੁਰ ਦੇ ਨਿਵਾਸੀ ਮਨੋਹਰ ਲਾਲ, ਰਵੀ ਕੁਮਾਰ, ਰਾਜੀਵ ਕੁਮਾਰ, ਸਰਜੀਵਨ ਕੁਮਾਰ, ਅਨਿਲ ਕੁਮਾਰ, ਪਵਨ ਕੁਮਾਰ, ਕਮਲ ਕਿਸੋਰ, ਗੋਪਾਲ ਦਾਸ, ਸੁਨੀਤਾ ਦੇਵੀ, ਵਿੱਕੀ, ਸਤਨਾਮ ਸਿੰਘ, ਪਵਨ ਕੁਮਾਰ, ਅਮਰਜੀਤ, ਵਿਜੈ ਕੁਮਾਰ, ਸੁਰਜੀਤ ਕੁਮਾਰ, ਰਮੇਸ ਕੁਮਾਰ, ਜੰਗ ਬਹਾਦੁਰ, ਅਜੇ ਕੁਮਾਰ, ਰਾਹੁਲ, ਬਲਦੇਵ ਰਾਜ, ਰਾਕੇਸ ਕੁਮਾਰ, ਸੁਰੇਸ ਕੁਮਾਰ, ਵਿਨੋਦ ਕੁਮਾਰ, ਸੰਦੀਪ ਕੁਮਾਰ, ਰੋਹਿਤ ਕੁਮਾਰ, ਪੰਕਜ ਸਨਿਆਲ, ਰਾਕੇਸ ਕੁਮਾਰ, ਕਿਸੋਰ ਕੁਮਾਰ, ਅਜੇ ਕੁਮਾਰ, ਕੁਲਦੀਪ ਰਾਜ, ਯਸਪਾਲ, ਰਾਜ ਕੁਮਾਰ, ਅਜੀਤ ਕੁਮਾਰ, ਨਰੇਸ ਕੁਮਾਰ, ਰਾਣੀ, ਚੰਦ ਰਾਣੀ ਅਤੇ ਰਾਮੇਸ ਕੁਮਾਰ ਲਾਭਪਾਤਰੀਆਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਗਏ ਹਨ।

# ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ (ਬੋਰਡ) ਲਈ ਵੋਟ ਲਈ ਫਾਰਮ ਭਰੋ- ਡਿਪਟੀ ਕਮਿਸਨਰ ਪਠਾਨਕੋਟ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸਨਰ ਪਠਾਨਕੋਟ ਸ। ਹਰਬੀਰ ਸਿੰਘ ਨੇ ਐਸ.ਜੀ.ਪੀ.ਸੀ. ਚੋਣਾਂ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਸਮਾਂ ਸਾਰਨੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੋਟਰ ਸੂਚੀ ਵਿਚ ਰਜਿਸਟਰੇਸ਼ਨ 21 ਅਕਤੂਬਰ 2023 ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਇਸ ਸਬੰਧੀ ਫਾਰਮ 15 ਨਵੰਬਰ 2023 ਤੱਕ ਪ੍ਰਾਪਤ ਕੀਤੇ ਜਾਣਗੇ। ਇਸ ਉਪਰੰਤ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 05 ਦਸੰਬਰ 2023 ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਵਿੱਚ ਨਾਮ ਦਰਜ ਕਰਵਾਉਂਣ ਦੇ ਲਈ ਫਾਰਮ ਬਲਕ ਵਿੱਚ ਨਹੀਂ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਮੁੱਢਲੀ ਪ੍ਰਕਾਸ਼ਿਤ ਵੋਟਰ ਸੂਚੀ ਤੇ ਦਾਅਵੇ/ਇਤਰਾਜ਼ 26 ਦਸੰਬਰ 2023 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਮਿਤੀ 16 ਜਨਵਰੀ 2024 ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਜ਼ਿਲ੍ਹਾ ਪਠਾਨਕੋਟ ਵਿੱਚ ਐਸ.ਡੀ.ਐਮ. ਪਠਾਨਕੋਟ ਸ੍ਰੀ ਕਾਲਾ ਰਾਮ ਕਾਂਸਲ ਨੂੰ ਐਸ.ਜੀ.ਪੀ. ਸੀ. ਵੋਟ-110 ਪਠਾਨਕੋਟ ਲਈ ਰਿਵਾਇਜ਼ਿੰਗ ਅਥਾਰਟੀ ਵਜੋਂ ਨਿਯੁਕਤ ਕੀਤਾ ਗਿਆ ਹੈ।



ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਵੋਟਰ ਰਜਿਸਟਰੇਸ਼ਨ ਲਈ ਫਾਰਮ ਨੰਬਰ 1 ਜਿਲ੍ਹਾ ਪ੍ਰਸ਼ਾਸ਼ਨ ਦੀ ਵੈੱਬ ਸਾਈਟ pathankot.inc.in ਉਪਲੱਬਧ ਹੈ। ਜੋ ਵੀ ਵਿਅਕਤੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ (ਬੋਰਡ) ਲਈ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ਼ ਕਰਵਾਉਣਾ ਚਾਹੁੰਦਾ ਹੈ ਉਹ pathankot.inc.in ਵੈੱਬ ਸਾਈਟ ਤੋਂ ਫਾਰਮ ਨੰਬਰ 1 ਡਾਊਨਲੋਡ ਕਰਕੇ ਰਿਵਾਇਜ਼ ਅਥਾਰਟੀ ਦੇ ਦਫਤਰ ਵਿਖੇ ਜਮ੍ਹਾਂ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਬਿਨੈਕਾਰ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ ਨੰਬਰ 3 ਅਧੀਨ ਸਾਰੀ ਸ਼ਰਤਾ ਪੂਰੀਆਂ ਕਰਦੇ ਹਨ ਉਹ ਵਿਅਕਤੀ ਹੀ ਫਾਰਮ ਨੰਬਰ 1 ਭਰ ਸਕਦੇ ਹਨ। ਫਾਰਮ ਭਰਨ ਸਮੇਂ ਜਰੂਰੀ ਹਦਾਇਤਾਂ ਦਾ ਖਾਸ ਧਿਆਨ ਰੱਖਿਆ ਜਾਵੇ। ਬਿਨੈਕਾਰ ਮਿਤੀ 21 ਅਕਤੂਬਰ 2023 ਨੂੰ 21 ਸਾਲ ਜਾਂ ਉਸ ਤੋਂ ਵੱਧ ਉਮਰ ਪੂਰੀ ਕਰਦਾ ਹੋਵੇ, ਬਿਨੈਕਾਰ ਆਪਣੀ ਤਾਜ਼ਾ ਸਵੈ-ਤਸਦੀਕਸ਼ੁਦਾ ਫੋਟੋ ਨਾਲ ਨੱਥੀ ਕਰੇਗਾ, ਫਾਰਮ ਨੰਬਰ 1 ਵਿੱਚ ਦਰਜ਼ ਸਵੈ ਘੋਸ਼ਣਾ ਭਰਨੀ ਲਾਜ਼ਮੀ ਹੈ ਅਤੇ ਆਧਾਰ ਕਾਰਡ, ਵੋਟਰ ਕਾਰਡ, ਪਾਸਪੋਰਟ, ਡਰਾਈਵਿੰਗ ਲਾਇਸੰਸ, ਸਰਵਿਸ ਪਹਿਚਾਣ ਪੱਤਰ ਸਮੇਤ ਫੋਟੋਗ੍ਰਾਫ, ਬੈਂਕ ਜਾਂ ਡਾਕਘਰ ਦੀ ਪਾਸ ਬੁੱਕ ਸਮੇਤ ਫੋਟੋਗ੍ਰਾਫ, ਪੈਨ ਕਾਰਡ, ਸਮਾਰਟ ਕਾਰਡ, ਨੈਸ਼ਨਲ ਪਾਪੂਲੇਸ਼ਨ ਰਜਿਸਟਰਡ ਦਾ ਆਰ।ਜੀ।ਆਈ। ਕਾਰਡ, ਮਗਨਰੇਗਾ ਜਾਬ ਕਾਰਡ, ਸਿਹਤ ਬੀਮਾ ਸਮਾਰਟ ਕਾਰਡ, ਪੈਨਸ਼ਨ ਦਸਤਾਵੇਜ਼ ਸਮੇਤ ਫੋਟੋਗ੍ਰਾਫ, ਐਮ।ਪੀ।, ਐਮ।ਐਲ।ਏ। ਮੈਂਬਰ ਵਿਧਾਨ ਪ੍ਰੀਸ਼ਦ ਨੂੰ ਜਾਰੀ ਦਫ਼ਤਰੀ ਪਹਿਚਾਣ ਪੱਤਰ ਆਦਿ ਦਸਤਾਵੇਜਾ ਵਿੱਚੋਂ ਕੋਈ ਵੀ ਇੱਕ ਦਸਤਾਵੇਜ਼ ਨਾਲ ਨੱਥੀ ਕਰ ਸਕਦਾ ਹੈ।

# ਮਾਸਟਰ ਧਰਮਪਾਲ ਵਲੋਂ ਸੀਹਵਾਂ ਸਕੂਲ ਨੂੰ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਭੇਂਟ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਗੜ੍ਹਸ਼ੰਕਰ ਅਧੀਨ ਪੈਂਦੇ ਸੀਹਵਾਂ ਪਿੰਡ ਦੇ ਜੰਮਪਲ ਸੇਵਾ ਮੁਕਤ ਅਧਿਆਪਕ ਮਾਸਟਰ ਧਰਮਪਾਲ ਵਲੋਂ ਸਰਕਾਰੀ ਐਲੀਮੈਂਟਰੀ



ਸਕੂਲ ਸੀਹਵਾਂ ਦੇ ਵਿਕਾਸ ਕਾਰਜ ਲਈ ਗਿਆਰਾਂ ਹਜ਼ਾਰ ਰੁਪਏ ਭੇਂਟ ਕੀਤੇ। ਇਸ ਮੌਕੇ ਮਾਸਟਰ ਧਰਮਪਾਲ ਅਤੇ ਉਹਨਾਂ ਦੀ ਪਤਨੀ ਸ਼੍ਰੀਮਤੀ ਕਮਲੇਸ਼ ਨੇ ਸਕੂਲ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਸਕੂਲ ਇੰਚਾਰਜ ਨਰਿੰਦਰ ਕੌਰ ਨੇ ਜੀ ਆਇਆਂ ਨੂੰ ਕਿਹਾ ਅਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜਵਿੰਦਰ ਕੌਰ, ਬਲਵੀਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

## ਬਲਾਕ ਪੱਧਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਮਦਾਰਪੁਰ ਦੇ ਵਿਦਿਆਰਥੀਆਂ ਨੇ ਕੀਤੇ 13 ਮੈਡਲ ਹਾਸਲ

**ਪਠਾਨਕੋਟ:(ਰਾਜਿੰਦਰ ਸਿੰਘ ਰਾਜਨ)** ਸਰਕਾਰੀ ਪ੍ਰਾਇਮਰੀ ਸਕੂਲ ਮਦਾਰਪੁਰ ਵਿਖੇ ਬਲਾਕ ਪੱਧਰੀ ਖੇਡਾਂ ਵਿੱਚ ਸਕੂਲ ਦਾ ਨਾਂ ਚਮਕਾਉਣ ਵਾਲੇ ਵਿਦਿਆਰਥੀਆਂ ਨੂੰ ਐਸ।ਐਮ।ਸੀ ਕਮੇਟੀ ਅਤੇ ਸਕੂਲ ਸਟਾਫ਼ ਵੱਲੋਂ ਸਕੂਲ ਮੁਖੀ ਬਲਕਾਰ ਅੱਤਰੀ ਅਤੇ ਚੇਅਰਮੈਨ ਪੂਜਾ ਦੇਵੀ ਦੀ ਅਗਵਾਈ ਹੇਠ ਇੱਕ ਸਾਦਾ ਸਮਰੋਹ ਦਾ ਆਯੋਜਨ ਕਰ ਸਨਮਾਨ ਚਿੰਨ੍ਹ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ



ਗਿਆ। ਇਸ ਮੌਕੇ ਮਾਸਟਰ ਰਾਜੇਸ਼ ਕੁਮਾਰ ਵਲੋਂ ਆਏ ਹੋਏ ਮਹਿਮਾਨਾਂ ਅਤੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਬਲਕਾਰ ਅੱਤਰੀ ਨੇ ਦੱਸਿਆ ਕਿ ਪੰਜਵੀਂ ਜਮਾਤ ਦੇ ਅਬਦੁਲ ਨੇ ਗੋਲਾ ਸੁੱਟਣ ਵਿੱਚ ਬਲਾਕ ਵਿੱਚੋਂ ਪਹਿਲਾਂ, 30 ਕਿਲੋਗ੍ਰਾਮ ਵਰਗ ਦੇ ਕੁਸ਼ਤੀ ਮੁਕਾਬਲੇ ਵਿੱਚ ਪਹਿਲਾ, 400 ਮੀਟਰ ਦੌੜ ਵਿੱਚ ਪਹਿਲਾ, 200 ਮੀਟਰ ਦੌੜ ਵਿੱਚ ਪਹਿਲਾ, ਲੰਬੀ ਛਾਲ ਵਿੱਚ ਦੂਜਾ ਸਥਾਨ ਹਾਸਲ ਕਰਨ ਦੇ ਨਾਲ ਨਾਲ ਕਬੱਡੀ ਦੀ ਟੀਮ ਵਿੱਚ ਜਗ੍ਹਾ ਬਣਾਈ ਹੈ, ਇਸੇ ਤਰ੍ਹਾਂ ਪੰਜਵੀਂ ਜਮਾਤ ਦੀ ਖੁਸ਼ੀ ਨੇ ਕੁੜੀਆਂ ਦੀ 200 ਮੀਟਰ ਦੌੜ ਵਿੱਚ ਪਹਿਲਾਂ, 400 ਮੀਟਰ ਦੌੜ ਵਿੱਚ ਪਹਿਲਾ, ਲੰਬੀ ਛਾਲ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਦੇ ਨਾਲ ਨਾਲ ਬਲਾਕ ਪੱਧਰੀ ਖੋ-ਖੋ ਟੀਮ ਵਿੱਚ ਜਗ੍ਹਾ ਬਣਾਈ ਹੈ। ਪੰਜਵੀਂ ਜਮਾਤ ਦੀ ਮੀਰਾ ਨੇ 100 ਮੀਟਰ ਦੌੜ ਵਿੱਚ ਤੀਜਾ ਸਥਾਨ ਹਾਸਲ ਕੀਤਾ ਹੈ। ਪੰਜਵੀਂ ਜਮਾਤ ਦੀ ਲੀਜਾ ਨੇ ਕੱਬਡੀ ਵਿੱਚ ਮੈਡਲ, ਪੰਜਵੀਂ ਜਮਾਤ ਦੇ ਹਨੀ ਨੇ ਵੀ ਕੱਬਡੀ ਵਿੱਚ ਮੈਡਲ ਪ੍ਰਾਪਤ ਕੀਤਾ ਹੈ, ਜਦਕਿ ਪੰਜਵੀਂ ਜਮਾਤ ਦੀ ਸੁਦਿਕਸਾ ਨੇ ਖੋ-ਖੋ ਵਿੱਚ ਮੈਡਲ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਵਿਦਿਆਰਥੀਆਂ ਦੇ ਵਧੀਆ ਪ੍ਰਦਰਸ਼ਨ ਨੂੰ ਦੇਖਦੇ ਹੋਏ ਐਸਐਮਸੀ ਕਮੇਟੀ ਅਤੇ ਸਕੂਲ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਤੇ ਰਜਨੀ ਦੇਵੀ, ਵੀਰ ਸਿੰਘ, ਕਮਲੇਸ਼ ਦੇਵੀ, ਹੇਮਾ, ਪਰਮਜੀਤ, ਰਿੰਪੀ, ਹੇਮਾ, ਜੀਵਨ ਜੋਤੀ ਆਦਿ ਹਾਜ਼ਰ ਸਨ।

## ਸਰਕਾਰ ਦੀਆਂ ਨੀਤੀਆਂ ਤੋਂ ਤੰਗ ਹੋ ਕੇ ਲੋਕ ਖੁਦਕੁਸੀਆ ਕਰਨ ਲਈ ਮਜਬੂਰ - ਸਤੀਸ਼ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਪਿਛਲੇ ਦਿਨੀਂ ਇਕ ਬਹੁਤ ਹੀ ਮੰਦਭਾਗੀ ਘਟਨਾ ਘਟੀ ਇਕ ਰਾਜਨੀਤਿਕ ਵਿਗਿਆਨ ਦੇ ਪ੍ਰੋਫੈਸਰ ਬਲਵਿੰਦਰ ਕੌਰ ਜੀ ਜੋ ਕਿ ਦਸਮੇਸ਼ ਨਗਰ ਰੋਪੜ ਦੇ ਰਹਿਣ ਵਾਲੇ ਸਨ। ਜਿਨ੍ਹਾਂ ਨੇ ਪਿਛਲੇ ਦਿਨੀਂ ਸਰਕਾਰ ਦੀਆਂ ਗਲਤ ਨੀਤੀਆਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ ਸੀ। ਜੋ ਕਿ ਬਹੁਤ ਹੀ ਮੰਦਭਾਗੀ ਅਤੇ ਨਿੰਦਣਯੋਗ ਘਟਨਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸੰ-ਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਵਾਰਤਾ ਦੌਰਾਨ ਰੱਖੇ। ਉਹਨਾਂ ਕਿਹਾ ਪਿਛਲੇ ਦਿਨੀਂ ਪ੍ਰੋਫੈਸਰ ਸਾਹਿਬਾ ਬਲਵਿੰਦਰ ਕੌਰ ਜੀ ਨੇ ਮੰਦਭਾਗੇ ਹਾਲਤਾਂ ਵਿਚ ਖੁਦਕੁਸ਼ੀ ਕਰ ਲਈ ਸੀ, ਜੋ ਮਾਨਸਿਕ ਤੌਰ ਤੇ ਸਰਕਾਰ ਦੀਆਂ ਨੀਤੀਆਂ ਕਾਰਨ ਪਰੇਸ਼ਾਨ ਸਨ। ਅਤੇ ਪਿਛਲੇ ਕਾਫੀ ਟਾਈਮ ਤੋ ਆਪਣੇ ਹੱਕਾਂ ਪ੍ਰਤੀ ਸੰਘਰਸ਼ ਕਰ ਰਹੇ ਸਨ। ਸਰਕਾਰ ਵਲੋਂ ਉਹਨਾਂ ਦੀਆਂ ਮੰਗਾਂ ਵੱਲ ਤਵੱਜੋ ਨਾ ਦਿੱਤੇ ਜਾਣ ਕਾਰਨ ਅੱਜ ਸਾਡੇ ਪੜ੍ਹੀ ਲਿਖੀ ਕਾਬਿਲ ਬੇਟੀ ਨੂੰ ਆਪਣੀ ਜੀਵਨ ਲੀਲਾ ਖਤਮ ਕਰਨ ਲਈ ਮਜਬੂਰ ਹੋਣਾ ਪਿਆ। ਜਿਸ ਲਈ ਉਹਨਾਂ ਨੇ ਸੂਬਾ ਸਰਕਾਰ ਨੂੰ ਜਿੰਮੇਦਾਰ ਠਹਿਰਾਇਆ ਹੈ। ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਸੂਬਾ ਸਰਕਾਰ ਕੋਲੋ ਮੰਗ ਕਰਦੀ ਹੈ, ਕਿ ਜਿਹੜੇ ਵੀ ਉਹਨਾਂ ਦੇ ਸਾਥੀ ਜੋ ਕਿ ਅੱਜ ਵੀ ਸੰਘਰਸ਼ ਵਿਚ ਹਨ, ਉਹਨਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈ ਕੇ ਹੱਲ ਕਰਨਾ ਚਾਹੀਦਾ ਹੈ। ਉਹਨਾਂ ਦੇ ਬਣਦੇ ਅਧਿਕਾਰ ਅਨੁਸਾਰ ਉਹਨਾਂ ਨੂੰ ਰੈਗੂਲਰ ਕਰਕੇ ਉਹਨਾਂ ਦੀ ਕਾਬਲੀਅਤ ਅਨੁਸਾਰ ਅਹੁਦੇ ਤੇ ਬਿਰਾਜਮਾਨ ਕਰਨਾ ਚਾਹੀਦਾ ਹੈ। ਅਤੇ ਬਲਵਿੰਦਰ ਕੌਰ ਜੀ ਨੂੰ ਖ਼ੁਦਕੁਸ਼ੀ ਕਰਨ ਲਈ ਜੋ ਵੀ ਅਹੁਦੇਦਾਰ ਜਿੰਮੇਵਾਰ ਹਨ, ਉਹਨਾਂ ਨੂੰ ਉਹਨਾਂ ਦੇ ਅਹੁਦੇ ਤੋਂ ਬਰਖਾਸਤ ਕਰਕੇ ਉਹਨਾਂ ਵਿਰੁੱਧ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਖੇਡਾ ਵਤਨ ਪੰਜਾਬ ਦੀਆਂ-2023 ਦੇ ਰਾਜ ਪੱਧਰੀ ਕੈਕਿੰਗ/ਕੈਨੋਇੰਗ ਖੇਡ ਮੁਕਾਬਲੇ ਜਿਲ੍ਹਾ ਪਠਾਨਕੋਟ ਵਿਖੇ ਹੋਏ ਸਮਾਪਤ



**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਅੱਜ ਜਿਲ੍ਹਾ ਪਠਾਨਕੋਟ ਵਿਖੇ ਖੇਡਾਂ ਵਤਨ ਪੰਜਾਬ ਦੀਆਂ-2023 ਸੀਜਨ-2 ਦੇ ਸੂਬਾ ਪੱਧਰੀ ਖੇਡਾਂ ਦਾ ਸਮਾਪਨ ਸਮਾਰੋਹ ਚਮਰੋੜ(ਮਿੰਨੀ ਗੋਆ) ਵਿਖੇ ਕੀਤਾ ਗਿਆ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ ਅਤੇ ਜੇਤੂ ਖਿਡਾਰੀਆਂ ਨੂੰ ਨਕਦ ਇਨਾਮ , ਮੈਡਲ ਅਤੇ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕਾਲਾ ਰਾਮ ਮਾਂਸਲ ਐਸ।ਡੀ।ਐਮ। ਪਠਾਨਕੋਟ, ਜਗਜੀਵਨ ਸਿੰਘ ਜਿਲ੍ਹਾ ਖੇਡ ਅਫਸਰ ਪਠਾਨਕੋਟ, ਸਾਹਿਬ ਸਿੰਘ ਸਾਬਾ ਆਮ ਆਦਮੀ ਪਾਰਟੀ ਕਾਰਜਕਰਤਾ, ਭਾਣੂ ਪਰਤਾਪ ਆਮ ਆਦਮੀ ਪਾਰਟੀ ਕਾਰਜਕਰਤਾ, ਬਲਕਾਰ ਸਿੰਘ ਪਠਾਨਿਆ, ਡਾ। ਕੇਵਲ ਕ੍ਰਿਸਨ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਐਨ।ਡੀ।ਆਰ।ਐਫ। ਟੀਮ ਦੇ ਅਧਿਕਾਰੀ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।

ਜਿਕਰਯੋਗ ਹੈ ਕਿ ਸਭ ਤੋਂ ਪਹਿਲਾ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਖਿਡਾਰੀਆਂ ਨੂੰ ਮਿਲ ਕੇ ਜਾਨ ਪਹਿਚਾਣ ਕੀਤੀ। ਇਸ ਤੋਂ ਬਾਅਦ ਮੁੱਖ ਮਹਿਮਾਨ ਜੀ ਵੱਲੋਂ ਰਾਜ ਪੱਧਰੀ ਕੈਕਿੰਗ ਅਤੇ ਕੈਨੋਇੰਗ ਵਾਟਰ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡ ਕੇ ਸਨਮਾਨਤ ਕੀਤਾ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਬਹੁਤ ਹੀ ਵਧੀਆ ਉਪਰਾਲਾ ਹੈ ਕਿ ਨੌ-



ਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਲਈ ਖੇਡਾਂ ਵਤਨ ਪੰਜਾਬ ਦੀਆਂ-2023 ਸੀਜਨ-2 ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਇਹ ਰਾਜ ਪੱਧਰੀ ਖੇਡਾਂ ਜੋ ਤਿੰਨ ਦਿਨ ਕਰਵਾਈਆਂ ਗਈਆਂ ਹਨ ਅਤੇ ਅੱਜ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਕਰੀਬ 53 ਲੱਖ ਰੁਪਏ ਦੇ ਨਕਦ ਇਨਾਮ ਅਤੇ ਮੈਡਲ ਭੇਂਟ ਕਰਕੇ ਸਨ-ਮਾਨਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਕਰੀਬ 13 ਜਿਲ੍ਹਿਆਂ ਤੋਂ 148 ਖਿਡਾਰੀਆਂ ਨੇ ਇਨ੍ਹਾਂ ਰਾਜ ਪੱਧਰੀ ਖੇਡਾਂ ਵਿੱਚ ਭਾਗ ਲੈ ਕੇ ਹੋਰਨਾਂ ਖਿਡਾਰੀਆਂ ਦਾ ਮਨੋਬਲ ਵਧਾਇਆ ਹੈ। ਉਨ੍ਹਾਂ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਪੰਜਾਬ ਅੰਦਰ ਖੇਡਾਂ ਵਤਨ ਪੰਜਾਬ ਦੀਆਂ-2023 ਸੀਜਨ-2 ਕਰਵਾ ਕੇ ਨੋਜਵਾਨਾਂ ਨੂੰ ਇੱਕ ਨਵੀਂ ਰਾਹ ਦਿੱਤੀ ਹੈ ਖਿਡਾਰੀਆਂ ਦਾ ਮਨੋਬਲ ਹੋਰ ਵੀ ਮਜਬੂਤ ਹੋਇਆ ਹੈ।

ਜਿਲ੍ਹਾ ਖੇਡ ਅਫਸਰ ਸ੍ਰੀ ਜਗਜੀਵਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹਾ ਰੋਪੜ ਓਵਰ ਆਲ ਵਿੱਚ 39 ਗੋਲਡ ਮੈਡਲ ਲੇਕੇ ਪਹਿਲੇ ਨੰਬਰ ਤੇ ਰਿਹਾ , ਜਿਲ੍ਹਾ ਮੋਹਾਲੀ 15 ਗੋਲਡ ਮੈਡਲ ਲੇ ਕੇ ਦੂਸਰੇ ਨੰਬਰ ਤੇ ਰਿਹਾ ਅਤੇ ਜਿਲ੍ਹਾ ਫਾਜਿਲਕਾ 13 ਗੋਲਡ ਮੈਡਲ ਲੇਕੇ ਤੀਸਰੇ ਨੰਬਰ ਤੇ ਰਿਹਾ। ਉਨ੍ਹਾਂ ਦੱਸਿਆ ਕਿ ਕੇ-1 ਵਰਗ-17 ਅਧੀਨ ਮਹਿਲਾਵਾਂ 500 ਮੀਟਰ ਰੇਸ ਵਿੱਚ ਖੁਸਪ੍ਰੀਤ ਕੌਰ ਰੋਪੜ ਪਹਿਲੇ ਨੰਬਰ ਤੇ, ਦੂਸਰੇ ਨੰਬਰ ਤੇ ਰੋਪੜ ਦੀ ਜੈਸਮੀਨ ਕੌਰ ਅਤੇ ਤੀਸਰੇ ਨੰਬਰ ਤੇ ਰੋਪੜ ਦੀ ਜੈਸਮੀਨ ਕੌਰ ਖੁਸੀ ਜੇਤੂ ਰਹੀ । ਇਸੇ ਤਰ੍ਹਾਂ ਕੇ-1 200 ਮੀਟਰ ਵਰਗ-21 ਲੜਕੇ ਵਿੱਚ ਲਕਸਵੀਰ ਸਿੰਘ ਅਤੇ ਜਸਪ੍ਰੀਤ ਸਿੰਘ ਰੋਪੜ ਪਹਿਲੇ ਨੰਬਰ ਤੇ , ਜੁਗੇਸ ਅਤੇ ਏਕਮਜੋਤ ਸਿੰਘ ਰੋਪੜ ਦੂਸਰੇ ਅਤੇ ਸਹਿਜ ਅਤੇ ਜਗਜੋਤ ਰੋਪੜ ਤੀਸਰੇ ਨੰਬਰ ਤੇ, ਕੇ-4 ਲੜਕੇ ਸੀਨੀਅਰ ਗਰੁਪ ਮੋਹਾਲੀ ਪਹਿਲੇ, ਫਾਜਿਲਕਾ ਦੂਸਰੇ ਅਤੇ ਤੀਸਰਾ ਨੰਬਰ ਤੇ ਰੋਪੜ ਰਿਹਾ। ਇਸ ਤਰ੍ਹਾਂ ਕੇ-1 ਲੜਕੀਆਂ ਸੀਨੀਅਰ ਗਰੁਪ ਵਿੱਚ ਨਵਪ੍ਰੀਤ ਕੌਰ ਰੋਪੜ ਪਹਿਲੇ, ਸੰਦੀਪ ਕੌਰ ਮੁਕਤਸਰ ਸਾਹਿਬ ਦੂਸਰੇ ਅਤੇ ਨੇਹਾ ਕੁਮਾਰੀ ਮੋਹਾਲੀ ਤੀਸਰੇ ਨੰਬਰ ਤੇ 'ਰਹੀ, ਸੀ-1 ਲੜਕੇ 500 ਮੀਟਰ ਰੇਸ ਵਿੱਚ ਕਰਨਕੰਬੋਜ ਫਾਜਿਲਕਾ ਪਹਿਲੇ, ਹਰਪ੍ਰੀਤ ਸਿੰਘ ਫਿਰੋਜਪੁਰ ਦੂਸਰੇ ਅਤੇ ਹਰਪ੍ਰੀਤ ਸਿੰਘ ਗੁਰਦਾਸਪੁਰ ਤੀਸਰਾ ਨੰਬਰ ਤੇ, ਕੇ-1 ਲੜਕੀਆਂ 500 ਮੀਟਰ ਰਵਿੰਦਰ ਜੀਤ ਕੌਰ ਰੋਪੜ ਪਹਿਲੇ, ਬਲਜੀਤ ਕੌਰ ਗੁਰਦਾਸਪੁਰ ਦੂਸਰੇ ਅਤੇ ਸੰਦੀਪ ਕੌਰ ਸ੍ਰੀ ਮਕੁਕਤਸਰ ਸਾਹਿਬ ਤੀਸਰਾ ਸਥਾਨ, ਕੇ-1 ਲੜਕੇ ਵਰਗ 17 ਇੱਕ ਕਿਲੋਮੀਟਰ ਜਸਪ੍ਰੀਤ ਸਿੰਘ ਰੋਪੜ ਪਹਿਲੇ, ਯੁਗੇਸ ਸਿੰਘ ਰੋਪੜ ਦੂਸਰੇ ਅਤੇ ਉਧੇ ਮਸੀਹ ਪਠਾਨਕੋਟ ਤੀਸਰੇ ਨੰਬਰ ਤੇ ਰਿਹਾ।

## ਅਧਿਆਪਕ, ਮਾਤਾ ਪਿਤਾ ਅਤੇ ਸਮਾਜ ਨਸ਼ਿਆਂ ਦੇ ਖਾਤਮੇ ਲਈ ਮਿਲ ਕੇ ਮਾਰਨ ਹੰਭਲਾ- ਐਸਐਸਪੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੁਲਿਸ ਪ੍ਰਸ਼ਾਸਨ ਵਲੋਂ ਐਸ।ਐਸ।ਪੀ ਡਾ। ਅਖਿਲ ਚੌਧਰੀ ਦੀ ਅਗਵਾਈ ਹੇਠ ਨਸ਼ਿਆਂ 'ਤੇ ਠੱਲ੍ਹ ਪਾਉਣ ਲਈ 'ਨਸ਼ਾ ਮੁਕਤ ਪੰਜਾਬ' ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 5 ਹਜ਼ਾਰ ਦੇ ਕਰੀਬ ਬੱਚਿਆਂ ਵਲੋਂ ਖਟਕੜ ਕਲਾਂ ਮਿਊਜੀਅਮ ਤੋ ਜਾਗਰੂਕਤਾ ਰੈਲੀ ਕੱਢੀ ਗਈ ਜੋ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਜੀ ਦੇ ਬੁੱਤ ਤੋਂ ਸ਼ੁਰੂ ਹੋ ਕੇ ਜੱਦੀ ਘਰ ਤੋਂ ਹੁੰਦੀ ਹੋਈ ਵਾਪਸ ਖਟਕੜ ਕਲਾਂ ਮਿਊਜ਼ੀਅਮ ਵਿਖੇ ਸਮਾਪਤ ਹੋਈ। ਇਸ ਮੌਕੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਸਹੁੰ ਵੀ ਚੁਕਾਈ ਗਈ। ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਨਸ਼ਿਆਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਵਿੱਚ ਜਿਥੇ ਪੁਲਿਸ ਪ੍ਰਸ਼ਾਸਨ ਅਹਿਮ ਰੋਲ ਨਿਭਾਉਂਦਾ ਹੈ, ਉਥੇ ਸਮਾਜਿਕ ਤੌਰ 'ਤੇ ਵੀ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਮਿਲ ਕੇ ਨਸ਼ਿਆਂ ਨੂੰ ਰੋਕਣ ਲਈ ਕੰਮ ਕਰੀਏ। ਇਸ ਦੌਰਾਨ ਐਸ।ਐਸ।ਪੀ ਡਾ। ਅਖਿਲ ਚੌਧਰੀ ਨੇ ਕਿਹਾ ਕਿ ਅਧਿਆਪਕ ਅਤੇ ਬੱਚਿਆਂ ਦੇ ਮਾਤਾ ਪਿਤਾ ਬੱਚਿਆਂ ਦੇ ਮੁਢਲੇ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਦ ਬੱਚਾ ਸਕੂਲ ਦੇ ਵਿੱਚ ਪੜ੍ਹਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਅਧਿਆਪਕਾਂ ਦੇ ਸੰਪਰਕ ਦੇ ਵਿੱਚ ਆਉਂਦਾ ਹੈ ਅਤੇ ਅਧਿਆਪਕ ਬੱਚੇ ਨੂੰ ਸਮਾਜ ਵਿੱਚ ਰਹਿਣ ਦੇ ਯੋਗ ਬਣਾਉਂਦੇ ਹਨ ਅਤੇ ਬੱਚਿਆਂ ਦੇ ਲਈ ਕੀ ਮਾੜਾ ਅਤੇ ਚੰਗਾ ਹੈ ਸਬੰਧੀ ਜਾਣਕਾਰੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਸਹੀ ਨਾਗਰਿਕ ਬਣਨ ਦੇ ਲਈ ਚੰਗੀ



ਸਿੱਖਿਆ ਦੇਣ ਅਤੇ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਬੱਚਾ ਕਿਸੇ ਮਾੜੀ ਸੰਗਤ ਵਿੱਚ ਫੱਸ ਰਿਹਾ ਹੈ ਤਾਂ ਤੁਰੰਤ ਮਾਤਾ ਪਿਤਾ ਨੂੰ ਸੂਚਿਤ ਕਰਨ। ਇਸ ਤੋਂ ਬਾਅਦ ਮਾਤਾ ਪਿਤਾ ਰਾਹੀਂ ਬੱਚਾ ਸਮਾਜ ਦੇ ਵਿੱਚ ਕਦਮ ਰੱਖਦਾ ਹੈ ਅਤੇ ਸਮਾਜਿਕ ਤੌਰ 'ਤੇ ਸਾਡੀ ਇਹ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਜੇਕਰ ਬੱਚਾ ਕਿਸੇ ਮਾੜੀ ਸੰਗਤ ਵਿੱਚ ਪੈ ਰਿਹਾ ਹੈ, ਤਾਂ ਤੁਰੰਤ ਬੱਚੇ ਨੂੰ ਮਾੜੀ ਸੰਗਤ ਤੋਂ ਸੁਚੇਤ ਕਰਨਾ ਚਾਹੀਦਾ ਹੈ ਅਤੇ ਮਾੜੇ ਅਨਸਰਾਂ 'ਤੇ ਕਾਬੂ ਪਾਉਣ ਲਈ ਪੁਲਿਸ ਪ੍ਰਸ਼ਾਸਨ ਨੂੰ ਸੂਚਨਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੀ ਅਹਿਮ ਰੋਲ ਨਿਭਾਉਂਦੀ ਹੈ ਅਤੇ ਜਦ ਵੀ ਪੁਲਿਸ ਨੂੰ ਕੋਈ ਸੂਚਨਾ ਜਾਂ ਮਾੜੇ ਅਨਸਰਾਂ ਸਬੰਧੀ ਜਾਣਕਾਰੀ ਮਿਲਦੀ ਹੈ ਤਾਂ ਉਹ ਆਪਣੀ ਕਾਰਵਾਈ ਕਰਦੇ ਹੋਏ ਸਪਲਾਈ ਚੇਨ ਨੂੰ ਕੱਟ ਕਰਦੀ ਹੈ ਤਾਂ ਜੋ ਕਿਸੇ ਤਰ੍ਹਾਂ ਦਾ ਨਸ਼ਾ ਰੂਪੀ ਜਹਿਰ ਸਮਾਜ ਦੇ ਵਿੱਚ ਨਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਨਾਲ ਅਧਿਆਪਕ, ਮਾਤਾ ਪਿਤਾ, ਸਮਾਜ, ਪੁਲਿਸ ਪ੍ਰਸ਼ਾਸਨ, ਐਨਜੀਓਜ਼ ਅਤੇ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਭੂਮਿਕਾ ਨਿਭਾਅ ਕੇ ਆਪਸੀ ਤਾਲਮੇਲ ਅਤੇ ਮਿਲ ਕੇ ਨਸ਼ਿਆਂ 'ਤੇ ਠੱਲ੍ਹ ਪਾ ਸਕਦੇ ਹਨ। ਐਸ।ਐਸ।ਪੀ ਨੇ ਕਿਹਾ ਕਿ ਜੇਕਰ ਕਿਸੇ ਇਲਾਕੇ ਵਿੱਚ ਕੋਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦਾ ਹੈ ਜਾਂ ਨਸ਼ੀਲੇ ਪਦਾਰਥ ਵੇਚਦਾ ਹੈ ਤਾਂ ਇਸ ਦੀ ਸੂਚਨਾ ਐਨ।ਟੀ ਡਰੱਗ ਹੈਲਪਲਾਈਨ ਨੰਬਰ 99883-03232 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ 'ਤੇ ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਐਸਡੀਐਮ ਬੰਗਾ ਮਨਰੀਤ ਰਾਣਾ, ਚੇਅਰਮੈਨ ਮਾਰਕੀਟ ਕਮੇਟੀ ਬੰਗਾ ਬਲਵੀਰ ਕਰਨਾਣਾ ਅਤੇ, ਨਰਿੰਦਰ ਰੱਤੂ ਬਲਾਕ ਪ੍ਰਧਾਨ ਬੰਗਾ ਵੀ ਮੌਜੂਦ ਸਨ। ਇਸ ਮੌਕੇ 'ਤੇ ਐਸਪੀਪੀਬੀਆਈ ਇਕਬਾਲ ਸਿੰਘ, ਡੀਐਸਪੀ ਬੰਗਾ ਸਰਵਣ ਸਿੰਘ ਬੱਲ, ਡੀਐਸਪੀ ਸਪੈਸ਼ਲ ਬ੍ਰਾਂਚ ਲਖਵੀਰ ਸਿੰਘ, ਡੀਐਸਪੀ ਸ਼ਹਿਬਾਜ ਸਿੰਘ, ਡੀਐਸਪੀ (ਡੀ) ਪ੍ਰੇਮ ਕੁਮਾਰ, ਸੁਰਿੰਦਰ ਸਿੰਘ ਢੀਨਸਾ, ਪਵਨਜੀਤ ਸਿਧੂ ਗੁਣਾਚੌਰ, ਐਨਆਰਆਈ ਸਭਾ ਦੇ ਪ੍ਰਧਾਲ ਕੇਵਲ ਖਟਕੜ ਕਲਾਂ, ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ, ਅਧਿਕਾਰੀ, ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਭਾਰੀ ਗਿਣਤੀ ਵਿੱਚ ਸਕੂਲੀ ਬੱਚੇ ਮੌਜੂਦ ਸਨ।

# ਜ਼ਿਲ੍ਹਾ ਕਚਹਿਰੀਆਂ ਸੰਗਰੂਰ ਅਤੇ ਉਪ ਮੰਡਲ ਪੱਧਰ ਸੁਨਾਮ, ਮੂਨਕ, ਧੂਰੀ ਅਤੇ ਮਲੇਰਕੋਟਲਾ ਵਿਖੇ ਲੋਕ ਅਦਾਲਤ ਦਾ ਆਯੋਜਨ

**ਸੰਗਰੂਰ, (ਦਲਜੀਤ ਕੌਰ)–** ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ।ਏ।ਐੱਸ। ਨਗਰ ਦੀ ਹਦਾਇਤਾਂ ਅਨੁਸਾਰ ਰਜਿੰਦਰ ਸਿੰਘ ਰਾਏ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਦੀ ਪ੍ਰਧਾਨਗੀ ਅਤੇ ਪੀ.ਐਸ. ਕਾਲੇਕਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਦੀ ਦੇਖ ਰੇਖ ਹੇਠ ਅੱਜ ਜ਼ਿਲ੍ਹਾ ਕਚਹਿਰੀਆਂ, ਸੰਗਰੂਰ ਅਤੇ ਉਪ ਮੰਡਲ ਪੱਧਰ ਸੁਨਾਮ, ਮੂਨਕ, ਧੂਰੀ ਅਤੇ ਮਲੇਰਕੋਟਲਾ ਵਿਖੇ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।

ਇਸ ਲੋਕ ਅਦਾਲਤ ਵਿੱਚ ਅਦਾਲਤਾਂ ਵਿੱਚ ਲੰਬਿਤ ਕੇਸ ਜਿਨ੍ਹਾਂ ਵਿੱਚ ਮੋਟਰ ਐਕਸੀਡੈਂਟ ਕਲੇਮ, ਲੈਂਡ ਐਕੁਜੇਸ਼ਨ ਕੇਸ ਅਤੇ ਪਰਿਵਾਰਕ ਝਗੜੇ ਆਦਿ ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰ ਤੇ ਕੁੱਲ 4 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ ਅਤੇ ਉਪ ਮੰਡਲ ਪੱਧਰਾਂ ਤੇ ਕੁੱਲ 05 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਦੀ ਪ੍ਰਧਾਨਗੀ ਨਿਆਂਇਕ ਅਧਿਕਾਰੀਆਂ ਵੱਲੋਂ ਕੀਤੀ ਗਈ। ਲੋਕ ਅਦਾਲਤ ਬੈਂਚਾਂ ਦੇ ਸਹਿਯੋਗ ਲਈ ਹਰ ਲੋਕ ਅਦਾਲਤ ਬੈਂਚ ਵਿੱਚ ਦੋ ਮੈਂਬਰ ਨਾਮਜ਼ਦ ਕੀਤੇ ਗਏ।

ਅੱਜ ਦੀ ਇਸ ਲੋਕ ਅਦਾਲਤ ਵਿੱਚ ਵਧੀਕ ਜਿਲ੍ਹਾ ਅਤੇ ਸੈਸ਼ਨਜ਼ ਜੱਜ ਬਲਜਿੰਦਰ ਸਿੰਘ, ਬਲਵਿੰਦਰ ਕੁਮਾਰ, ਸ੍ਰੀਮਤੀ ਬਲਜਿੰਦਰ ਸਿੱਧੂ, ਅਤੇ ਸਿਵਲ ਜੱਜ (ਸੀਨੀਅਰ




ਡਿਵੀਜ਼ਨ) ਸ੍ਰੀ ਹਰਵਿੰਦਰ ਸਿੰਘ ਸਿੰਧੀਆ ਨੇ ਲੋਕ ਅਦਾਲਤ ਬੈਂਚਾਂ, ਸੰਗਰੂਰ ਤੋਂ ਇਲਾਵਾ ਸ਼੍ਰੀ ਹਸਨਦੀਪ ਸਿੰਘ, ਸਿਵਲ ਜੱਜ (ਜੂਨੀਅਰ ਡੀਵੀਜ਼ਨ), ਮਲੇਰਕੋਟਲਾ ਨੇ ਲੋਕ ਅਦਾਲਤ ਬੈਂਚ, ਮਲੇਰਕੋਟਲਾ ਦੀ ਪ੍ਰਧਾਨਗੀ ਕੀਤੀ। ਸ੍ਰੀ ਗੁਰਭਿੰਦਰ ਸਿੰਘ ਜੌਹਲ ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਸੁਨਾਮ ਨੇ ਲੋਕ ਅਦਾਲਤ ਬੈਚ ਸੁਨਾਮ ਦੀ ਪ੍ਰਧਾਨਗੀ ਕੀਤੀ। ਸ੍ਰੀਮਤੀ ਨੇਹਾ ਗੋਇਲ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਧੂਰੀ ਨੇ ਲੋਕ ਅਦਾਲਤ ਬੈਂਚ, ਧੂਰੀ ਦੀ ਪ੍ਰਧਾਨਗੀ ਕੀਤੀ ਅਤੇ ਸ੍ਰੀਮਤੀ ਇੰਦੂ ਬਾਲਾ, ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਅਤੇ ਸ੍ਰੀ ਗੁਰਿੰਦਰਪਾਲ ਸਿੰਘ ਸਿਵਲ ਜੱਜ (ਜੁਨੀਅਰ ਡਿਵੀਜ਼ਨ) ਨੇ ਲੋਕ ਅਦਾਲਤ ਬੈਂਚਾਂ, ਮੂਨਕ ਦੀ ਪ੍ਰਧਾਨਗੀ ਕੀਤੀ।

ਅੱਜ ਦੀ ਇਸ ਲੋਕ ਅਦਾਲਤ ਵਿੱਚ ਕੁੱਲ 431 ਕੇਸ ਨਿਪਟਾਰੇ ਲਈ ਰੱਖੇ ਗਏ ਸਨ ਜਿਨ੍ਹਾਂ ਵਿੱਚੋਂ 47 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਵੱਲੋਂ ਕੀਤੇ ਗਏ ਇਸ ਲੋਕ ਅਦਾਲਤ ਦੇ ਪ੍ਰਚਾਰ ਸਦਕਾ ਇਸ ਨੈਸ਼ਨਲ ਲੋਕ ਅਦਾਲਤ ਦੌਰਾਨ 22887152/— ਰੁਪਏ ਦੇ ਅਵਾਰਡ ਪਾਸ ਕੀਤੇ ਗਏ।

ਇਸ ਮੌਕੇ ਤੇ ਸ੍ਰੀ ਰਜਿੰਦਰ ਸਿੰਘ ਰਾਏ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਵੱਲੋਂ ਦੱਸਿਆ ਗਿਆ ਕਿ ਲੋਕ ਅਦਾਲਤ ਵਿੱਚ ਲੋਕਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ। ਲੋਕ ਅਦਾਲਤ ਦੀ ਮਹੱਤਤਾ ਬਾਰੇ ਦੱਸਦੇ ਹੋਏ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਲੋਕ ਅਦਾਲਤ ਰਾਹੀਂ ਨਿਪਟਾਏ ਗਏ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਵਾਪਸ ਕੀਤੀ ਜਾਂਦੀ ਹੈ, ਦੋਵੇ ਧਿਰਾਂ ਦੇ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਧਿਰਾਂ ਵਿੱਚ ਆਪਸੀ ਦੁਸ਼ਮਣੀ ਘਟਦੀ ਹੈ ਅਤੇ ਪਿਆਰ ਵਧਦਾ ਹੈ ਅਤੇ ਲੋਕ ਅਦਾਲਤ ਰਾਹੀਂ ਕੀਤੇ ਗਏ ਫੈਸਲੇ ਦੇ ਖਿਲਾਫ ਅੱਗੇ ਕੋਈ ਅਪੀਲ ਨਹੀਂ ਹੁੰਦੀ ਜਿਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕੀਤਾ ਜਾਵੇ।

# ਗੁਰਦੁਆਰਾ ਵੋਟਰ ਸੂਚੀ ਦੀ ਤਿਆਰੀ ਦਾ ਪ੍ਰੋਗਰਾਮ ਜਾਰੀ: ਰਿਵਾਈਜ਼ਿੰਗ ਅਫ਼ਸਰ

**ਸੰਗਰੂਰ, (ਦਲਜੀਤ ਕੌਰ)–** ਰਿਵਾਈਜ਼ਿੰਗ ਅਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ- 2023 ਸੰਗਰੂਰ ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮਾਂਵਲੀ 1959 ਅਧੀਨ ਗੁਰਦੁਆਰਾ ਵੋਟਰ ਸੂਚੀ ਦੀ ਤਿਆਰੀ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਇਸ ਪ੍ਰੋਗਰਾਮ ਅਨੁਸਾਰ ਅੱਜ ਤੋਂ 15 ਨਵੰਬਰ 2023 ਤੱਕ ਵੋਟਾਂ ਦੀ ਰਜਿਸਟਰੇਸ਼ਨ ਕੀਤੀ ਜਾਣੀ ਹੈ ਅਤੇ 5 ਦਸੰਬਰ 2023 ਨੂੰ ਮੁਢਲੀ ਪ੍ਰਕਾਸ਼ਨਾ ਕੀਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 21 ਸਾਲ ਜਾਂ 21 ਸਾਲ ਤੋਂ ਵੱਧ ਉਮਰ ਦਾ ਵਿਅਕਤੀ ਕੇਸਾਧਾਰੀ ਸਿੱਖ, ਜੋ ਆਪਣੇ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ, ਸ਼ੇਵ ਨਾ ਕਰਦਾ ਹੋਵੇ, ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ, ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿੱਥੇ ਉਹ ਰਹਿੰਦਾ ਹੈ, ਸਬੰਧਿਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰ: 1 (ਕੇਸਧਾਰੀ ਸਿੱਖ ਲਈ) ਭਰ ਕੇ ਪਿੰਡਾਂ ਵਿੱਚ ਪਟਵਾਰੀਆਂ ਅਤੇ ਸ਼ਹਿਰਾਂ ਵਿੱਚ ਸਬੰਧਿਤ ਉਪ ਮੰਡਲ ਮੈਜਿਸਟਰੇਟ ਵਲੋਂ ਨਿਯੁਕਤ ਕਰਮਚਾਰੀਆਂ ਨੂੰ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਫਾਰਮ ਨੂੰ ਸਰਕਾਰ ਵਲੋਂ ਜਾਰੀ ਕੀਤੇ ਆਧਾਰ ਕਾਰਡ ਦੁਆਰਾ ਜਾਂ ਭਾਰਤ ਦੇ ਚੋਣ ਕਮਿਸ਼ਨ ਵਲੋਂ ਜਾਰੀ ਸ਼ਨਾਖਤੀ ਕਾਰਡ ਤੋਂ ਵੋਟਰ ਦਾ ਨਾਮ, ਮਾਤਾ/ਪਿਤਾ/ਪਤੀ ਦਾ ਨਾਮ ਆਦਿ ਦੀ ਤਸਦੀਕ ਅਤੇ ਪੁਸ਼ਟੀ ਕੀਤੀ ਜਾਵੇਗੀ ਅਤੇ ਨੰਬਰ ਲਿਖਿਆ ਜਾਵੇਗਾ। ਵਿਧਾਨ ਸਭਾ ਚੋਣ ਹਲਕਾ 108—ਸੰਗਰੂਰ ਦੇ ਵਿੱਚ ਗੁਰਦੁਆਰਾ ਚੋਣ ਹਲਕਾ 50—ਸੰਗਰੂਰ ਵਿੱਚ ਪੈਂਦਾ ਹੈ।ਇਸ ਲਈ ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮਾਂਵਲੀ 1959 ਅਧੀਨ ਗੁਰਦੁਆਰਾ ਦੀ ਵੋਟਰ ਸੂਚੀ ਵਿੱਚ ਵੋਟ ਬਣਾਉਣ ਲਈ ਨਿਯੁਕਤ ਕੀਤੇ ਕਰਮਚਾਰੀ ਨੂੰ ਆਪਣਾ ਫਾਰਮ ਨੰ: 1 ਭਰਕੇ ਮਿੱਥੇ ਸਮੇਂ ਵਿੱਚ ਦਿੱਤਾ ਜਾਵੇ ਤਾਂ ਜੋ ਗੁਰਦੁਆਰਾ ਵੋਟਰ ਸੂਚੀ ਵਿੱਚ ਵੋਟ ਦਰਜ ਹੋ ਸਕੇ।

# 'ਕੰਪਿਊਟਰ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ' ਵਿਸ਼ੇ ਉੱਪਰ ਵਰਕਸ਼ਾਪ ਦਾ ਆਯੋਜਨ

**ਧੂਰੀ, (ਦਲਜੀਤ ਕੌਰ)** ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ। ਪਰਮਜੀਤ ਕੌਰ ਦੀ ਅਗਵਾਈ ਵਿੱਚ ਕੰਪਿਊਟਰ ਖੇਤਰ ਵਿੱਚ ਰੋਜ਼ਗਾਰ ਮੌਕੇ ਵਿਸ਼ੇ ਉੱਪਰ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਕੈਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਅਮੀਤਾ ਜੈਨ ਨੇ ਕਿਹਾ ਕਿ ਇਹ ਵਰਕਸ਼ਾਪ ਪਲੇਸਮੈਂਟ ਸੈੱਲ ਅਤੇ ਕੰਪਿਊਟਰ ਸਾਇੰਸ ਵਿਭਾਗ ਦੀ ਫੈਕਲਟੀ ਵੱਲੋਂ ਕਰਵਾਈ ਗਈ। ਉਨ੍ਹਾਂ ਕਿਹਾ ਇਸ ਸਮੇਂ ਬੀ.ਸੀ.ਏ. ਭਾਗ ਤੀਜਾ ਦੇ ਵਿਦਿਆਰਥੀ ਹਰਨੂਰ ਸਿੰਘ ਤੇ ਹਰਦੀਪ ਸਿੰਘ ਨੇ ਕੰਪਿਊਟਰ ਨਾਲ ਪਬਲਿਕ ਅਤੇ ਪ੍ਰਾਈਵੇਟ ਖੇਤਰ ਵਿੱਚ ਰੋਜ਼ਗਾਰ ਅਤੇ ਉਚੇਰੀ ਸਿੱਖਿਆ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ।




ਇਸ ਸਮੇਂ ਰੋਜ਼ਗਾਰ ਲਈ ਅਜੋਕੀ ਤਕਨੀਕ ਫਰੀ-ਲਾਂਸਿੰਗ ਬਾਰੇ ਵਿਸ਼ੇਸ ਤੌਰ 'ਤੇ ਜ਼ਿਕਰ ਕੀਤਾ ਗਿਆ। ਜਿਸ ਨਾਲ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ-ਨਾਲ ਆਪਣੇ ਪਸੰਦੀਦਾ ਖੇਤਰ ਵਿੱਚ ਕਿੱਤਾ ਸ਼ੁਰੂ ਕਰ ਸਕਦੇ ਹਨ। ਇਸ ਮੌਕੇ ਵਿਦਿਆਰਥਣ ਕਿਰਨ-ਜੀਤ ਕੌਰ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ ਅਤੇ ਉਸ ਨੇ ਕਿਹਾ ਕਿ ਇਹ ਵਰਕਸ਼ਾਪ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ: ਡਾ. ਬਲਜੀਤ ਕੌਰ

**ਸਤੌਜ/ਸੰਗਰੂਰ, (ਦਲਜੀਤ ਕੌਰ)–** ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸੇ ਵਚਨਬੱਧਤਾ ਤਹਿਤ ਪਹਿਲੀ ਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਬਜ਼ੁਰਗਾਂ ਦੀ ਸਿਹਤ ਜਾਂਚ, ਪੈਨਸ਼ਨ ਰਜਿਸਟ੍ਰੇਸ਼ਨ ਅਤੇ ਹੋਰਨਾਂ ਸਹੂਲਤਾਂ ਲਈ ਪਿੰਡਾਂ ਤੱਕ ਪਹੁੰਚ ਬਣਾਈ ਹੈ। ਕੈਬਨਿਟ ਮੰਤਰੀ ਡਾ। ਬਲਜੀਤ ਕੌਰ ਅੱਜ ਇੱਥੇ ਪਿੰਡ ਸਤੌਜ ਵਿਖੇ 'ਸਾਡੇ ਬਜ਼ੁਰਗ ਸਾਡਾ ਮਾਣ' ਮੁਹਿੰਮ ਤਹਿਤ ਮਨਾਏ ਗਏ ਜ਼ਿਲ੍ਹਾ ਪੱਧਰੀ ਸੀਨੀਅਰ ਸਿਟੀਜਨ ਦਿਵਸ ਦੀ ਪ੍ਰਧਾਨਗੀ ਕਰਨ ਪੁੱਜੇ ਹੋਏ ਸਨ। ਇਸ ਮੌਕੇ ਕੈਬਨਿਟ ਮੰਤਰੀ ਡਾ। ਬਲਜੀਤ ਕੌਰ ਨੇ ਕਿਹਾ ਕਿ ਬਜ਼ੁਰਗ ਸਾਡੇ ਪਰਿਵਾਰਾਂ ਅਤੇ ਸਮਾਜ ਦਾ ਵਡਮੁੱਲਾ ਸਰਮਾਇਆ ਹਨ ਅਤੇ ਇਨ੍ਹਾਂ ਦੇ ਪਾਲਣ ਪੋਸ਼ਣ ਸਦਕਾ ਹੀ ਅਸੀਂ ਹਰ ਖੇਤਰ ਵਿੱਚ ਮੱਲਾਂ ਮਾਰਨ ਦੇ ਯੋਗ ਬਣਦੇ ਹਾਂ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਕੁਝ ਸਮੇ ਲਈ ਮੋਬਾਇਲ ਅਤੇ ਇੰਟਰਨੈੱਟ ਤੋਂ ਦੂਰ ਹੋ ਕੇ ਆਪਣੇ ਬਜ਼ੁਰਗਾਂ ਦੇ ਨਾਲ ਗੱਲਾਂ ਬਾਤਾਂ ਕਰਕੇ ਸਮਾਂ ਗੁਜ਼ਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰੀ ਉਮਰ ਹੰਢਾ ਕੇ ਬਜ਼ੁਰਗ ਸਾਡੇ ਤੋਂ ਕੁਝ ਸਮਾਂ ਹਾਸਲ ਕਰਨ ਦੀ ਤਵੱਕੋ ਰੱਖਦੇ ਹਨ। ਪੰਜਾਬ ਸਰਕਾਰ ਵੱਲੋਂ ਇਸ ਨਿਵੇਕਲੀ ਪਹਿਲ ਕਦਮੀ ਨੂੰ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਦੂਰ-ਅੰਦੇਸ਼ੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 60 ਸਾਲ ਦੀ ਉਮਰ ਹੰਢਾ ਚੁੱਕੇ ਸੂਬੇ ਦੇ ਹਰ ਬਾਸ਼ਿੰਦੇ ਨੂੰ ਮੁੱਢਲੀ ਸਹੂਲਤ ਦੇਣ ਲਈ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ।





ਪੰਜਾਬ ਸਰਕਾਰ ਦੀ ਇਸ ਨਿਵੇਕਲੀ ਮੁਹਿੰਮ ਤਹਿਤ ਅੱਜ ਜਿੱਥੇ ਬੁਢਾਪੇ ਨਾਲ ਸਬੰਧਤ ਬਿਮਾਰੀਆਂ ਦੀ ਮੁਫ਼ਤ ਜਾਂਚ ਕੀਤੀ ਗਈ ਅਤੇ ਅੱਖਾਂ ਲਈ ਨਜ਼ਰ ਦੀਆਂ ਐਨਕਾਂ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਇਸ ਕੈਂਪ ਦੌਰਾਨ ਦੂਰੋਂ-ਨੇੜਿਓ ਚੱਲ ਕੇ ਆਏ ਬਜ਼ੁਰਗਾਂ ਨੂੰ ਦਵਾਈਆਂ ਵੀ ਮੁਫਤ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ 60 ਸਾਲ ਤੋਂ ਉੱਪਰ ਉਮਰ ਦੀਆਂ ਉੱਘੀਆਂ ਸਖਸ਼ੀਅਤਾਂ ਦੇ ਨਾਲ-ਨਾਲ ਬਜ਼ੁਰਗਾਂ ਦੀ ਸਾਂਭ-ਸੰਭਾਲ ਲਈ ਉਪਰਾਲੇ ਕਰਨ ਵਾਲਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ, ਵਿਧਾਇਕ ਲਹਿਰਾ ਬਰਿੰਦਰ ਗੋਇਲ, ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ, ਡਾਇਰੈਕਟਰ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਸ਼ੇਨਾ ਅਗਰਵਾਲ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਜਸਵੀਰ ਸਿੰਘ ਕੁਦਨੀ, ਚੇਅਰਮੈਨ ਪ੍ਰੀਤਮ ਸਿੰਘ ਪੀਤੂ, ਐਸ।ਡੀ।ਐਮ। ਸੁਨਾਮ ਰਾਜੇਸ਼ ਸ਼ਰਮਾ, ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਵਧੀਕ ਡਾਇਰੈਕਟਰ ਚਰਨਜੀਤ ਸਿੰਘ ਮਾਨ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਲੀਨ ਬੜਿੰਗ, ਡੀ.ਐਸ.ਪੀ. ਪ੍ਰਿਥਵੀ ਸਿੰਘ ਚਹਿਲ, ਚੇਅਰਮੈਨ ਸ਼ੀਸ਼ਪਾਲ ਆਨੰਦ ਅਤੇ ਚੇਅਰਮੈਨ ਦਰਸ਼ਨ ਸਿੰਘ ਗੀਤੀ ਮਾਨ ਵੀ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੰਟਰੋਲ ਰੂਮ ਸਥਾਪਤ: ਡਿਪਟੀ ਕਮਿਸ਼ਨਰ

**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿਖੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਐਕਸੀਅਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਦਫ਼ਤਰ ਵਿਖੇ ਸਥਾਪਤ ਇਸ ਕੰਟਰੋਲ ਰੂਮ ਦਾ ਨੰਬਰ 01672-233475 ਹੈ ਅਤੇ ਇਸ ਦਾ ਇੰਚਾਰਜ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਸ।ਡੀ।ਓ ਸਚਿਨ ਕੁਮਾਰ (ਮੋਬਾਇਲ/ਵਟਸਐਪ ਨੰਬਰ: 88474-53406) ਨੂੰ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਅਧਿਕਾਰੀ ਸਮੇਂ 'ਤੇ ਸਟੱਬਲ ਬਰਨਿੰਗ ਸਬੰਧੀ ਪ੍ਰਾਪਤ ਹੋਣ ਵਾਲੀਆਂ ਸੂਚਨਾਵਾਂ ਤੇ ਰਿਪੋਰਟਾਂ ਸਬੰਧੀ ਫੌਰੀ ਕਾਰਵਾਈ ਕਰਨ ਅਤੇ ਪੰਜਾਬ ਸਰਕਾਰ ਨੂੰ ਜਾਣ ਵਾਲੀਆਂ ਰਿਪੋਰਟਾਂ ਸਬੰਧੀ ਕਾਰਵਾਈ ਕਰਨ ਲਈ ਜ਼ਿੰਮੇਵਾਰ ਹੋਣਗੇ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੰਟਰੋਲ ਰੂਮ ਵਿੱਚ ਡਿਊਟੀ 'ਤੇ ਹਾਜ਼ਰ ਕਰਮਚਾਰੀ, ਕਿਸਾਨਾਂ ਵੱਲੋਂ ਆਉਣ ਵਾਲੀਆਂ ਫੋਨ ਕਾਲਾਂ ਤੇ ਵਟਸਐਪ ਮੈਸੇਜ ਪ੍ਰਾਪਤ ਹੋਣ 'ਤੇ ਨਜ਼ਦੀਕ ਦੇ ਏਰੀਏ ਵਿੱਚ ਉਪਲਬਧ ਸਰਫੇਸ ਸੀਡਰ ਮਸ਼ੀਨਾਂ ਅਤੇ ਸੀ।ਆਰ।ਐਮ ਮਸ਼ੀਨਾਂ ਸਬੰਧੀ ਜਾਣਕਾਰੀ ਵੀ ਮੁਹੱਈਆ ਕਰਵਾਉਣਗੇ।

ਡਿਪਟੀ ਕਮਿਸ਼ਨਰ ਨੇ ਸਮੂਹ ਉਪ ਮੰਡਲ ਮੈਜਿਸਟਰੇਟ ਨੂੰ ਹਦਾਇਤ ਕੀਤੀ ਹੈ ਕਿ ਉਨ੍ਹਾਂ ਦੇ ਅਧੀਨ ਪੈਂਦੇ ਪਿੰਡਾਂ ਵਿੱਚ ਜਿੱਥੇ ਵੀ ਪਰਾਲੀ ਨੂੰ ਸਾੜਨ ਦੀਆਂ ਘਟਨਾਵਾਂ ਵਾਪਰਦੀਆਂ ਹਨ ਜਾਂ ਇਸ ਦਫ਼ਤਰ ਦੇ ਕੰਟਰੋਲ ਰੂਮ ਤੋਂ ਪਰਾਲੀ ਸਾੜਨ ਸਬੰਧੀ ਕੋਈ ਸੂਚਨਾ ਸਬੰਧਤ ਐਸ.ਡੀ.ਐਮ ਦੇ ਦਫ਼ਤਰ ਨੂੰ ਭੇਜੀ ਜਾਂਦੀ ਹੈ ਤਾਂ ਅਜਿਹੀ ਸਥਿਤੀ ਵਿੱਚ ਸਬੰਧਤ ਕਲਸਟਰ ਅਫਸਰ ਤੇ ਨੋਡਲ ਅਫਸਰ ਰਾਹੀਂ ਤੁਰੰਤ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com








# ਰਾਜਸਥਾਨ ਵਿਧਾਨ ਸਭਾ ਚੋਣਾਂ ਵਿਚ ਰਾਜੇਸ਼ ਬਾਘਾ ਮੀਤ ਪ੍ਰਧਾਨ ਪੰਜਾਬ ਭਾਜਪਾ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ



**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਜਗਤ ਪ੍ਰਕਾਸ਼ ਨੱਡਾ ਜੀ ਅਤੇ ਰਾਸ਼ਟਰੀ ਸੰਗਠਨ ਮੰਤਰੀ ਸ਼੍ਰੀ ਬੀਐੱਲ ਸੰਤੋਸ਼ ਜੀ ਦੀ ਰਹਿਨੁਮਾਈ ਹੇਠ ਆਉਣ ਵਾਲੀਆਂ ਪੰਜ ਰਾਜਾਂ ਦੀਆਂ ਚੋਣਾਂ ਲਈ ਰਾਜਸਥਾਨ ਦੇ ਜਿਲ੍ਹਾ ਸ਼੍ਰੀਗੰਗਾਨਗਰ ਦੇ ਵਿਧਾਨ ਸਭਾ ਰਾਏਸਿੰਘਨਗਰ, ਵਿਖੇ ਰਾਜੇਸ਼ ਬਾਘਾ ਸਾਬਕਾ ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ (ਐਸਸੀ ਕਮਿਸ਼ਨ) ਪੰਜਾਬ ਤੇ ਸੂਬਾ ਮੀਤ ਪ੍ਰਧਾਨ ਭਾਜਪਾ ਪੰਜਾਬ ਦੀ ਡਿਊਟੀ ਲਗਾਈ ਗਈ ਹੈ।ਰਾਜੇਸ ਬਾਘਾ ਨੇ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਪੰਜੇ ਰਾਜਾਂ ਵਿਚ ਭਾਜਪਾ ਦੀਆਂ ਹੀ ਸਰਕਾਰਾਂ ਬਣਨਗੀਆਂ।

# ਮਗਨਰੇਗਾ ਵਰਕਰਾਂ ਦੇ ਬਕਾਏ ਜਾਰੀ ਕਰਨ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਜਲੰਧਰ, (ਦਲਜੀਤ ਕੌਰ)–** ਪੇਂਡੂ ਮਜ਼ਦੂਰ ਯੂਨੀਅਨ ਵਲੋਂ ਮਗਨਰੇਗਾ ਵਰਕਰਾਂ ਦੇ ਮੰਗਾਂ ਮਸਲਿਆਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਨੂੰ ਮੰਗ ਪੱਤਰ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਿੰਦਰਪਾਲ ਸਿੰਘ ਬਾਜਵਾ ਰਾਹੀਂ ਭੇਜਿਆ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨੂੰ ਭੇਜੇ ਗਏ ਮੰਗ ਪੱਤਰ ਰਾਹੀਂ ਯੂਨੀਅਨ ਨੇ ਮੰਗ ਕੀਤੀ ਕਿ ਪੰਜਾਬ ਭਰ ਵਿੱਚ ਮਨਰੇਗਾ ਵਰਕਰਾਂ ਦਾ ਕਰੋੜਾਂ ਰੁਪਏ ਦਾ ਬਕਾਇਆ ਫੌਰੀ ਜਾਰੀ ਕੀਤਾ ਜਾਵੇ,



ਮਨਰੇਗਾ ਦੇ ਦਫਤਰੀ ਕਾਮਿਆਂ ਅਤੇ ਫੀਲਡ ਵਰਕਰਾਂ ਦੀ ਕਮੀ ਨੂੰ ਫੌਰੀ ਦੂਰ ਕੀਤਾ ਜਾਵੇ, ਮਨਰੇਗਾ ਅਧੀਨ ਕੰਮ ਕਰਦੇ ਤਨਖਾਹਦਾਰ ਕਾਮਿਆਂ ਨੂੰ ਫੌਰੀ ਤਨਖਾਵਾਂ ਜਾਰੀ ਕੀਤੀਆਂ ਜਾਣ, ਮਨਰੇਗਾ ਅਧੀਨ ਕੰਮ ਕਰਦੀਆਂ ਮੇਟਾਂ ਨੂੰ ਸਿੱਖਿਤ ਕਾਮਿਆਂ ਵਾਲੀ ਉਜਰਤ ਦਿੱਤੀ ਜਾਵੇ, ਕੰਮ ਦੀ ਮੰਗ ਕਰਨ ਵਾਲੇ ਮਜ਼ਦੂਰਾਂ ਨੂੰ 100 ਦਿਨ ਰੁਜ਼ਗਾਰ ਦੇਣਾ ਯਕੀਨੀ ਬਣਾਇਆ ਜਾਵੇ, ਜਿਨਾਂ ਮਨਰੇਗਾ ਮਜ਼ਦੂਰ ਨੂੰ ਕੰਮ ਨਹੀਂ ਦਿੱਤਾ ਗਿਆ ਉਹਨਾਂ ਨੂੰ ਕਨੂੰਨ ਅਨੁਸਾਰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ ਅਤੇ 5 ਕਿਲੋਮੀਟਰ ਤੋਂ ਵੱਧ ਦੂਰੀ ਤੇ ਕੰਮ ਕਰਨ ਵਾਲੇ ਮਨਰੇਗਾ ਵਰਕਰਾਂ ਨੂੰ ਕਾਨੂੰਨ ਅਨੁਸਾਰ ਬਣਦਾ ਕਿਰਾਇਆ ਭਾੜਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿੱਚ ਕੰਮ ਕਰਦੇ ਮਨਰੇਗਾ ਵਰਕਰਾਂ ਨੂੰ ਉਹਨਾਂ ਦੇ ਕੀਤੇ ਕੰਮ ਦਾ ਮਿਹਨਤਾਂ ਉਹਨਾਂ ਦੇ ਖਾਤਿਆਂ ਵਿੱਚ ਨਹੀਂ ਭੇਜਿਆ ਜਾ ਰਿਹਾ। ਜਿਸ ਦੇ ਚਲਦਿਆਂ ਮਨਰੇਗਾ ਵਰਕਰ ਦੁਸਹਿਰਾ ,ਦਿਵਾਲੀ, ਮਹਾਰਿਸ਼ੀ ਵਾਲਮੀਕ ਦਾ ਪ੍ਰਗਟ ਦਿਹਾੜਾ ਖਾਲੀ ਜੇਬ ਮਨਾਉਣ ਲਈ ਮਜਬੂਰ ਹਨ। ਜਲੰਧਰ ਜ਼ਿਲ੍ਹੇ ਵਿੱਚ ਹੀ ਵੱਖ ਵੱਖ ਬਲਾਕਾਂ ਚ ਕੰਮ ਕਰਦੇ ਮਨ-ਰੇਗਾ ਵਰਕਰਾਂ ਨਕੋਦਰ ਬਲਾਕ 43।72 ਲੱਖ, ਮਹਿਤਪੁਰ 33.14 ਲੱਖ, ਸ਼ਾਹਕੋਟ 14.90 ਲੱਖ, ਲੋਹੀਆਂ 54.28 ਲੱਖ, ਨੂਰਮਹਿਲ 23।87 ਲੱਖ, ਰੁੜਕਾਂ ਕਲਾਂ 16.55 ਲੱਖ, ਭੋਗਪੁਰ 23.74 ਲੱਖ, ਜਲੰਧਰ ਪੱਛਮੀ 44 ਲੱਖ, ਜਲੰਧਰ ਪੂਰਵੀ 40.99 ਲੱਖ ਰੁਪਏ ਮਨਰੇਗਾ ਵਰਕਰਾਂ ਦੇ ਬਕਾਏ ਹਨ। ਜਿਹੜੇ ਲਗਭਗ 3 ਕਰੋੜ 44 ਲੱਖ ਰੁਪਏ ਮਨਰੇਗਾ ਵਰਕਰਾਂ ਦਾ ਬਕਾਇਆ ਬਣਦਾ ਹੈ। ਇਹ ਸਥਿਤੀ ਪੰਜਾਬ ਦੇ ਵੱਖ-ਵੱਖ ਬਲਾਕਾਂ ਅਧੀਨ ਕੰਮ ਕਰਦੇ ਮਨਰੇਗਾ ਵਰਕਰਾਂ ਦੀ ਹੈ।

# ਸਹਾਇਕ ਪ੍ਰੋਫੈਸਰ ਦੇ ਆਤਮ ਹੱਤਿਆ ਨੋਟ ਮੁਤਾਬਿਕ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ

**ਚੰਡੀਗੜ੍ਹ (ਦਲਜੀਤ ਕੌਰ)** 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬਰੇਰੀਅਨਾਂ ਦੀ ਭਰਤੀ ਮੁਕੰਮਲ ਕਰਵਾਉਣ ਲਈ ਸੰਘਰਸ਼ ਕਰ ਰਹੇ ਬੇਰੁਜ਼ਗਾਰਾਂ ਵਿੱਚੋਂ ਇੱਕ ਅਧਿਆਪਕਾ ਬਲਵਿੰਦਰ ਕੌਰ ਦੀ ਆਤਮ ਹੱਤਿਆ 'ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ।ਟੀ।ਐੱਫ।) ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਮ੍ਰਿਤਕਾ ਵੱਲੋਂ ਲਿਖੇ ਆਤਮ ਹੱਤਿਆ ਨੋਟ ਮੁਤਾਬਿਕ ਦੋਸ਼ੀਆਂ ਖਿਲਾਫ਼ ਫੌਰੀ ਐਫ.ਆਈ.ਆਰ. ਦਰਜ਼ ਕਰਨ ਤੇ ਸਮੁੱਚੀ ਜਾਂਚ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਪੰਜਾਬ ਵਿੱਚ ਵੱਡੇ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਦਾ ਸਥਾਈ ਅਤੇ ਨੀਤੀਗਤ ਹੱਲ ਕੱਢਣ ਦੀ ਥਾਂ, ਵੱਖ-ਵੱਖ ਸਰਕਾਰਾਂ ਵੱਲੋਂ ਰੁਜ਼ਗਾਰ ਦੇ ਸ੍ਰੋਤ ਸਰਕਾਰੀ ਵਿਭਾਗਾਂ ਨੂੰ ਹੀ ਖਾਤਮੇ ਵੱਲ ਧੱਕਣ ਵਾਲੀਆਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਲਾਗੂ ਕੀਤਾ ਹੈ, ਜਿਸ ਕਾਰਨ ਬੇਰੁਜ਼ਗਾਰੀ ਦੇ ਸਤਾਏ ਨੌਜਵਾਨ ਨਸ਼ਿਆਂ ਅਤੇ ਖੁਦਕਸ਼ੀ ਵਰਗੇ ਨਾ-ਮੁਰਾਦ ਕਦਮਾਂ ਵੱਲ ਧੱਕੇ ਜਾ ਰਹੇ ਹਨ। ਇਸ ਮਾਮਲੇ ਵਿੱਚ 'ਆਪ' ਸਰਕਾਰ ਵੀ ਸਿਆਸੀ ਜੁਮਲੇਬਾਜ਼ੀ ਤੋਂ ਅੱਗੇ ਨਹੀਂ ਵਧ ਸਕੀ ਹੈ, ਸਗੋਂ ਧਰਨੇ ਪ੍ਰਦਰਸ਼ਨਾਂ ਰਾਹੀਂ ਸੱਤਾ ਪ੍ਰਾਪਤ ਕਰਨ ਵਾਲੀ ਸਰਕਾਰ ਦਾ ਹਰੇਕ ਹੱਕੀ ਸੰਘਰਸ਼ ਪ੍ਰਤੀ ਨਾ-ਪੱਖੀ ਅਤੇ ਹੰਕਾਰੀ ਰਵੱਈਆ ਲਗਾਤਾਰ ਉਜਾਗਰ ਹੋ ਰਿਹਾ ਹੈ। ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨਾਂ ਗੁਰਪਿਆਰ ਕੋਟਲੀ, ਬੇਅੰਤ ਫੁੱਲੇਵਾਲਾ, ਰਾਜੀਵ ਬਰਨਾਲਾ, ਜਗਪਾਲ ਬੰਗੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ ਨੇ ਕਿਹਾ ਕਿ ਪਿਛਲੇ ਪੰਜਾਹ ਦਿਨ ਤੋਂ ਉਚੇਰੀ ਅਤੇ ਸਕੂਲ ਸਿੱਖਿਆ ਮੰਤਰੀ ਦੇ ਜੱਦੀ ਪਿੰਡ ਗੰਭੀਰਪੁਰ ਵਿਖੇ ਪੱਕੇ ਧਰਨੇ 'ਤੇ ਬੈਠੇ ਸਹਾਇਕ ਪ੍ਰੋਫੈਸਰਾਂ ਦੇ ਮਾਮਲੇ ਵਿੱਚ ਵੀ ਕੋਈ ਵਾਜਿਬ ਹੱਲ ਕੱਢਣ ਦੀ ਥਾਂ ਮੰਤਰੀ ਅਤੇ ਸਰਕਾਰ ਦੇ ਹੋਰ ਨੁਮਾਇੰਦੇ ਗੱਲਬਾਤ ਕਰਨ ਤੋਂ ਵੀ ਇਨਕਾਰੀ ਰਹੇ ਹਨ। ਇਸ ਕਰਕੇ ਅਜਿਹੇ ਗੈਰ ਜਮਹੂਰੀ ਸਰਕਾਰੀ ਰਵੱਈਏ ਅਤੇ ਬੇਰੁਜ਼ਗਾਰੀ ਦੀ ਸਤਾਈ ਇੱਕ ਅਧਿਆਪਕਾ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਪਿਆ ਹੈ।



ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਨੇ ਦੇ ਆਗੂਆਂ ਕੁਲਵਿੰਦਰ ਜੋਸ਼ਨ, ਹਰਜਿੰਦਰ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਅੱਤ ਦਰਜ਼ੇ ਦੀ ਸੰਵੇਦਨਹੀਣਤਾ ਤੋਂ ਕੰਮ ਲੈਣ ਵਾਲੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੁੱਖ ਮੰਤਰੀ ਦੁਆਰਾ ਅਸਤੀਫਾ ਲੈਣਾ ਚਾਹੀਦਾ ਹੈ ਤਾਂ ਕਿ ਉਹ ਜਾਂਚ ਨੂੰ ਪ੍ਰਭਾਵਿਤ ਨਾ ਕਰ ਸਕਣ। ਖੁਦਕੁਸ਼ੀ ਕਰਨ ਵਾਲੀ ਅਧਿਆਪਕਾ ਦੇ ਪਰਿਵਾਰ ਲਈ ਬਣਦਾ ਇਨਸਾਫ ਅਤੇ ਸੰਘਰਸ਼ੀ 1158 ਸਹਾਇਕ ਪ੍ਰੋਫੈਸਰਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਵਾਜਿਬ ਹੱਲ ਕੱਢਣ ਦੀ ਮੰਗ ਵੀ ਕੀਤੀ ਹੈ। ਇਸ ਦੇ ਨਾਲ ਬੇਰੁਜ਼ਗਾਰਾਂ ਨੂੰ ਖ਼ੁਦਕੁਸ਼ੀ ਦੀ ਥਾਂ ਸੰਘਰਸ਼ ਨੂੰ ਵਿਸ਼ਾਲ ਅਤੇ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ।

# ਨਸ਼ਿਆਂ ਬਾਰੇ ਨਾਟਕ "ਇਨਾਂ ਜਖਮਾਂ ਦਾ ਕੀ ਰੱਖੀਏ ਨਾਂ" ਦੀ ਸਰਕਾਰੀ ਸਕੂਲਾਂ ਵਿਚ ਪੇਸ਼ਕਾਰੀ





**ਧਨੌਲਾ, (ਦਲਜੀਤ ਕੌਰ)–** ਅੱਜ ਧਨੌਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਵਿੱਚ ਲੋਕ ਕਲਾ ਮੰਚ ਮੁਲਾਂਪੁਰ ਦੀ ਟੀਮ ਵਲੋਂ ਨਾਟਕ "ਇਨਾਂ ਜਖਮਾਂ ਦਾ ਕੀ ਰੱਖੀਏ ਨਾਂ" ਨਾਟਕ ਕੀਤਾ ਗਿਆ। ਨਾਟਕਾਂ ਦਾ ਸੁਨੇਹਾ ਇੰਨਾ ਜਬਰਦਸਤ ਸੀ ਕਿ ਨਾਟਕ ਦੇਖ ਰਹੇ ਵਿਦਿਆਰਥੀ ਰੋ ਰਹੇ ਸਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਵਿੱਚ ਪ੍ਰਿੰਸੀਪਲ ਮੈਡਮ ਉਰਵਸੀ ਜੀ ਨੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਪਰਮਜੀਤ ਸਿੰਘ ਨੇ ਸਟੇਜ ਦੇ ਫਰਜ ਨਿਭਾਏ।

ਇਸ ਮੌਕੇ ਡੈਮੋਕਰੈਟਿਕ ਮੁਲਾਜਮ ਫੈਡਰੇਸ਼ਨ ਦੇ ਸੂਬਾ ਮੀਤ ਪਰਧਾਨ ਗੁਰਮੀਤ ਸੁਖਪੁਰ ਨੇ ਨਸ਼ਿਆਂ ਦੀ ਦਲਦਲ ਵਿੱਚ ਧਸਦੇ ਜਾ ਰਹੇ ਪੰਜਾਬ ਨੂੰ ਬਚਾਉਣ ਲਈ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਨਸ਼ਿਆ ਦੇ ਸੁਦਾਗਰਾਂ ਬਾਰੇ ਖੁੱਲ੍ਹ ਕੇ ਵਿਚਾਰ ਪੇਸ ਕੀਤੇ।

ਮੈਡਮ ਪ੍ਰਿੰਸੀਪਲ ਰੇਨੂਬਾਲਾ ਤੇ ਉੱਪ ਜਿਲਾ ਸਿੱਖਿਆ ਅਫਸਰ ਬਰਜਿੰਦਰ ਪਾਲ ਨੇ ਵਿਦਿਆਰਥੀਆਂ ਨਾਲ ਨਸ਼ਿਆਂ ਬਾਰੇ ਵਿਚਾਰ ਚਰਚਾ ਕੀਤੀ। ਦੋਨਾਂ ਸਕੂਲਾਂ ਵਲੋਂ ਨਾਟਕ ਟੀਮ ਅਤੇ ਗੁਰਮੀਤ ਸੁਖਪੁਰ ਵਲੋਂ ਕੀਤੇ ਯਤਨਾਂ ਦੀ ਸਰਾਹਨਾਂ ਕਰਦਿਆਂ ਸਨਮਾਨ ਕੀਤਾ।

## ਅਦਾਰਾ 'ਦੇਸ਼ ਦੁਆਬਾ' ਵੱਲੋਂ ਬੱਚੀ ਰਵਿਨੂਰ ਕੌਰ ਨੂੰ ਜਨਮ ਦਿਨ ਮੁਬਾਰਕ





ਪਿਤਾ ਦਾ ਨਾਮ ਚਰਨਜੀਤ ਸਿੰਘ, ਮਾਤਾ ਦਾ ਨਾਮ ਸ਼ਾਂਤੀ ਰਾਣੀ,
ਪਿੰਡ- ਬਿਨਪਾਲਕੇ ਬਲਾਕ ਭੋਗਪੁਰ, ਜਿਲਾ ਜਲੰਧਰ


## "ਦੇਸ਼ ਦੁਆਬਾ"
### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਗਦਰੀ ਬਾਬਿਆਂ ਦਾ ਯੂਬਾ ਸਿਟੀ ਮੇਲਾ ਸਫਲਤਾ ਪੂਰਵਕ ਸੰਪੰਨ


ਯੂਬਾ ਸਿਟੀ (ਡੀਡੀਬੀ) ਪਿਛਲੇ ਐਤਵਾਰ (15 ਅਕਤੂਬਰ, 2023) ਰਿਵਰ ਵੈਲੀ ਹਾਈ ਸਕੂਲ ਯੂਬਾ ਸਿਟੀ ਵਿਖੇ 'ਮੇਲਾ ਗਦਰੀ ਬਾਬਿਆਂ ਦਾ' ਮਨਾਇਆ ਗਿਆ। 'ਦੀ ਗਦਰ ਹੈਰੀਟੇਜ ਫਾਊਂਡੇਸ਼ਨ ਕੈਲੀਫੋਰਨੀਆ ਅਤੇ 'ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜੇਸ਼ਨ' ਵੱਲੋਂ ਇਸ ਮੇਲੇ ਦਾ ਪ੍ਰਬੰਧ ਕੀਤਾ ਗਿਆ. ਇਲਾਕੇ ਦੇ ਲੋਕਾਂ ਨੇ ਬੜੇ ਉਤਸ਼ਾਹ ਨਾਲ ਮੇਲੇ ਵਿਚ ਭਾਗ ਲਿਆ। ਮੇਲੇ ਦੇ ਮੁੱਖ ਮਹਿਮਾਨ ਡਾ. ਸਰਬਜਿੰਦਰ ਸਿੰਘ ਡੀਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਨ। ਉਨ੍ਹਾਂ ਨੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਅਤੇ ਗਦਰ ਲਹਿਰ ਦੇ ਨਿਸ਼ਾਨਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਯੂਨੀਵਰਸਿਟੀ ਦੇ ਪੀ. ਐਚ. ਡੀ. ਦੇ ਵਿਦਿਆਰਥੀਆਂ ਵੱਲੋਂ ਗਦਰੀ ਬਾਬਿਆਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਬਾਰੇ ਕੀਤੀ ਖੋਜ ਬਾਰੇ ਵੀ ਦੱਸਿਆ ਕਿ ਅੱਜ ਵੀ ਗਦਰੀ ਬਾਬਿਆਂ ਦੇ ਪਰਿਵਾਰਕ ਮੈਂਬਰਾਂ ਦੀ ਆਰਥਿਕ ਹਾਲਤ ਚਿੰਤਾਜਨਕ ਹੈ। ਇਸ ਮਾੜੀ ਹਾਲਤ ਨੂੰ ਸੁਧਾਰਨ ਲਈ ਪੰਜਾਬ ਅਤੇ ਕੇਂਦਰ ਸਰਕਾਰ ਕੋਈ ਯਤਨ ਨਹੀਂ ਕਰ ਰਹੀ ਹੈ. ਇਸ ਆਰਥਿਕ ਹਾਲਤ ਨੇ ਉਨ੍ਹਾਂ ਪਰਿਵਾਰਕ ਮੈਂਬਰਾਂ ਦੀ ਸਮਾਜਿਕ ਹਾਲਤ ਵੀ ਤਰਸਯੋਗ ਬਣਾ ਦਿੱਤੀ ਹੈ। ਉਨ੍ਹਾਂ ਮੇਲੇ ਵਿਚ ਸ਼ਾਮਲ ਲੋਕਾਂ ਅਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਜਾਣਕਾਰੀ ਆਮ ਲੋਕਾਂ ਤੱਕ ਪੁੱਜਦੀ ਕਰਨ ਅਤੇ ਹੋਰ ਜਾਣਕਾਰੀ ਇਕੱਤਰ ਕਰਕੇ ਮੌਜੂਦਾ ਸਰਕਾਰਾਂ ਉਤੇ ਗਦਰੀਆਂ ਦੇ ਪਰਿਵਾਰਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਨੂੰ ਸੁਧਾਰਨ ਲਈ ਉਪਰਾਲੇ ਕਰਨ ਲਈ ਦਬਾਅ ਪਾਉਣ। ਇੰਡੀਆ ਵਿਚ ਚੱਲੇ ਕਿਸਾਨਾਂ ਦੇ ਇਤਿਹਾਸਕ ਘੋਲ ਵਿਚ ਆਪਣਾ ਉੱਘਾ ਯੋਗਦਾਨ ਵਾਲੇ ਡਾ. ਸਵੈਮਾਨ ਸਿੰਘ, ਗਦਰੀ ਮੇਲੇ ਦੇ ਮੁੱਖ ਬੁਲਾਰੇ ਸਨ. ਡਾ. ਸਾਹਿਬ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਾਬਾ ਨਾਨਕ ਵੱਲੋਂ ਦੱਸੇ 'ਸਰਬੱਤ ਦੇ ਭਲੇ' ਦੇ ਮਾਰਗ ਤੇ ਚਲਦਿਆਂ ਗਦਰੀ ਬਾਬਿਆਂ ਨੇ ਜੋ ਕੁਰਬਾਨੀ ਸਮੁੱਚੀ ਮਾਨਵਤਾ ਲਈ ਕੀਤੀ ਹੈ, ਉਹ ਕੁਰਬਾਨੀ ਅੱਜ ਵੀ ਸਾਨੂੰ ਹੱਕ ਸੱਚ ਦਾ ਮਾਰਗ ਦਰਸਾਉਂਦੀ ਹੈ। ਇਸ ਲਈ ਅੱਜ ਲੋੜ ਹੈ ਫਿਰਕੂ ਅਤੇ ਸੰਕੀਰਨ ਸੋਚ ਤਿਆਗ ਕੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਯਤਨ ਕੀਤੇ ਜਾਣ.ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਵਿਰਸਾ ਬੜਾ ਮਹਾਨ ਹੈ।

ਮੇਲੇ ਵਿਚ ਅਗਾਂਹ ਵਧੂ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ. ਕਲਚਰਲ ਪ੍ਰੋਗਰਾਮ ਵਿਚ ਜੋਤ ਰਣਜੋਤ, ਰਾਜ ਬਰਾੜ ਤੇ ਜੋਗਿੰਦਰ ਰੰਧਾਵਾ ਆਦਿ ਨੇ ਦੇਸ਼ ਭਗਤੀ ਅਤੇ ਗਦਰੀ ਲਹਿਰ ਨਾਲ ਸਬੰਧਤ ਗੀਤ, ਕਵਿਤਾਵਾਂ ਪੇਸ਼ ਕੀਤੀਆਂ। ਬੱਚਿਆਂ ਨੇ ਪੰਜਾਬੀ ਭੰਗੜਾ ਅਤੇ ਗਿੱਧਾ ਪੇਸ਼ ਕੀਤਾ. ਮੇਲੇ ਵਿਚ ਸ਼ਾਮਲ ਦਰਸ਼ਕਾਂ ਨੇ ਕਲਚਰਲ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਮੇਲੇ ਵਿਚ ਪ੍ਰਗਤੀਸ਼ੀਲ ਅਤੇ ਪ੍ਰਸਿੱਧ ਲਿਖਾਰੀਆਂ ਦੀਆਂ ਗਦਰ ਲਹਿਰ ਅਤੇ ਇਨਕਲਾਬੀ ਲਹਿਰ ਨਾਲ ਸਬੰਧਤ ਕਿਤਾਬਾਂ ਦਾ ਬੁੱਕ ਸਟਾਲ ਵੀ ਭੈਣ ਜੀ ਹਰਵਿੰਦਰ ਜੌਹਲ ਨੇ ਲਗਾਇਆ. ਗਦਰ ਲਹਿਰ ਅਤੇ ਗਦਰੀ ਬਾਬਿਆਂ ਦੀਆਂ ਤਸਵੀਰਾਂ ਨਾਲ ਸਬੰਧਤ ਅਤੇ ਗੁਜਰਾਤ ਦੇ 2002 ਦੇ ਫਿਰਕੂ ਕਤਲੇਆਮ ਨਾਲ ਸਬੰਧਤ ਦੋ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ। ਲੋਕਾਂ ਨੇ ਪ੍ਰਦਰਸ਼ਨੀਆਂ ਨੂੰ ਬੜੀ ਨੀਝ ਨਾਲ ਦੇਖਿਆ ਅਤੇ ਆਪਣੀ ਪਸੰਦ ਦੀਆਂ ਕਿਤਾਬਾਂ ਵੀ ਖਰੀਦੀਆਂ. ਪ੍ਰੇਮ ਕੁਮਾਰ ਨੇ ਮਤਾ ਆਦਿ ਪੇਸ਼ ਕੀਤੇ ਗਏ। ਇਨ੍ਹਾਂ ਸਾਰੇ ਮਤਿਆਂ ਨੂੰ ਮੇਲੇ ਵਿਚ ਸ਼ਾਮਲ ਲੋਕਾਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਸਰਵਸੰਮਤੀ ਨਾਲ ਪਾਸ ਕੀਤਾ। ਮੇਲੇ ਨੂੰ ਪ੍ਰਬੰਧਕਾਂ ਵੱਲੋਂ ਅਮਰੀਕ ਸਿੰਘ ਖੰਡਾਲੀਆ ਅਤੇ ਕੁਲਵੰਤ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ। ਮੱਖਣ ਸਿੰਘ ਬਾਸੀ, ਤਰਲੋਕ ਸਿੰਘ ਜੌਹਲ, ਬਲਬੀਰ ਬਾਸੀ ਅਤੇ ਰਘੂਵੀਰ ਐਹਰਵਾਂ ਨੇ ਮੇਲੇ ਦੀ ਸਫਲਤਾ ਲਈ ਸਹਿਯੋਗ ਦੇਣ ਤੇ ਇਲਾਕੇ ਦੇ ਲੋਕਾਂ ਅਤੇ 'ਚੜ੍ਹਦਾ ਪੰਜਾਬ' ਵਰਗੀਆਂ ਸੰਸਥਾਵਾਂ ਅਤੇ 'ਦੇਸ਼ ਦੁਆਬਾ' ਦਾ ਕਵਰੇਜ ਲਈ ਧੰਨਵਾਦ ਕੀਤਾ. ਸਟੇਜ ਸਕੱਤਰ ਦੀ ਡਿਊਟੀ ਭੈਣ ਆਸ਼ਾ ਸ਼ਰਮਾ ਨੇ ਬਾਖੂਬੀ ਨਿਭਾਈ।


















All pictures by Prem Kumar Chumber 'Desh Doaba'





# ਗਦਰੀ ਬਾਬਿਆਂ ਦਾ ਯੂਬਾ ਸਿਟੀ ਮੇਲਾ ਸਫਲਤਾ ਪੂਰਵਕ ਸੰਪੰਨ



All pictures by Prem Kumar Chumber 'Desh Doaba'


















# ਗਦਰੀ ਬਾਬਿਆਂ ਦਾ ਯੂਬਾ ਸਿਟੀ ਮੇਲਾ ਸਫਲਤਾ ਪੂਰਵਕ ਸੰਪੰਨ



All pictures by Prem Kumar Chumber 'Desh Doaba'













'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਡੀ ਟੀ ਐੱਫ ਵਲੋਂ ਸਹਾਇਕ ਪ੍ਰੋਫੈਸਰ ਦੇ ਆਤਮ ਹੱਤਿਆ ਨੋਟ ਮੁਤਾਬਿਕ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ

## ਬੇਰੁਜ਼ਗਾਰੀ ਕਾਰਨ ਹੁੰਦੀਆਂ ਖੁਦਕਸ਼ੀਆਂ ਲਈ ਜ਼ਿੰਮੇਵਾਰ ਮਾਰੂ ਨੀਤੀਆਂ ਦਾ ਵਿਰੋਧ ਕਰਨ ਦਾ ਸੱਦਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**–1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬਰੇਰੀਅਨਾਂ ਦੀ ਭਰਤੀ ਮੁਕੰਮਲ ਕਰਵਾਉਣ ਲਈ ਸੰਘਰਸ਼ ਕਰ ਰਹੇ ਬੇਰੁਜ਼ਗਾਰਾਂ ਵਿੱਚੋਂ ਇੱਕ ਅਧਿਆਪਕਾ ਬਲਵਿੰਦਰ ਕੌਰ ਦੀ ਆਤਮ ਹੱਤਿਆ 'ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਮ੍ਰਿਤਕਾ ਵੱਲੋਂ ਲਿਖੇ ਆਤਮ ਹੱਤਿਆ ਨੋਟ ਮੁਤਾਬਿਕ ਦੋਸ਼ੀਆਂ ਖਿਲਾਫ਼ ਫੌਰੀ ਐਫ.ਆਈ.ਆਰ. ਦਰਜ਼ ਕਰਨ ਤੇ ਸਮੁੱਚੀ ਜਾਂਚ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਪੰਜਾਬ ਵਿੱਚ ਵੱਡੇ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਦਾ ਸਥਾਈ ਅਤੇ ਨੀਤੀਗਤ ਹੱਲ ਕੱਢਣ ਦੀ ਥਾਂ, ਵੱਖ-ਵੱਖ ਸਰਕਾਰਾਂ ਵੱਲੋਂ ਰੁਜ਼ਗਾਰ ਦੇ ਸ੍ਰੋਤ ਸਰਕਾਰੀ ਵਿਭਾਗਾਂ ਨੂੰ ਹੀ ਖਾਤਮੇ ਵੱਲ ਧੱਕਣ ਵਾਲੀਆਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਇੱਕ ਦੂਜੇ ਤੋਂ ਵੱਧ ਚੜ੍ਹ ਕੇ



ਲਾਗੂ ਕੀਤਾ ਹੈ, ਜਿਸ ਕਾਰਨ ਬੇਰੁਜ਼ਗਾਰੀ ਦੇ ਸਤਾਏ ਨੌਜਵਾਨ ਨਸ਼ਿਆਂ ਅਤੇ ਖੁਦਕਸ਼ੀ ਵਰਗੇ ਨਾਮੁਰਾਦ ਕਦਮਾਂ ਵੱਲ ਧੱਕੇ ਜਾ ਰਹੇ ਹਨ। ਇਸ ਮਾਮਲੇ ਵਿੱਚ 'ਆਪ' ਸਰਕਾਰ ਵੀ ਸਿਆਸੀ ਜੁਮਲੇਬਾਜ਼ੀ ਤੋਂ ਅੱਗੇ ਨਹੀਂ ਵਧ ਸਕੀ ਹੈ, ਸਗੋਂ ਧਰਨੇ ਪ੍ਰਦਰਸ਼ਨਾਂ ਰਾਹੀਂ ਸੱਤਾ ਪ੍ਰਾਪਤ ਕਰਨ ਵਾਲੀ ਸਰਕਾਰ ਦਾ ਹਰੇਕ ਹੱਕੀ ਸੰਘਰਸ਼ ਪ੍ਰਤੀ ਨਾ-ਪੱਖੀ ਅਤੇ ਹੰਕਾਰੀ ਰਵੱਈਆ ਲਗਾਤਾਰ ਉਜਾਗਰ ਹੋ ਰਿਹਾ ਹੈ। ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨਾਂ ਗੁਰਪਿਆਰ ਕੋਟਲੀ, ਬੇਅੰਤ ਫੁੱਲੇਵਾਲਾ, ਰਾਜੀਵ ਬਰਨਾਲਾ, ਜਗਪਾਲ ਬੰਗੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ ਅਤੇ ਪ੍ਰੈਸ ਸਕੱਤਰ ਪਵਨ ਕੁਮਾਰ ਨੇ ਕਿਹਾ ਕਿ ਪਿਛਲੇ ਪੰਜਾਹ ਦਿਨ ਤੋਂ ਉਚੇਰੀ ਅਤੇ ਸਕੂਲ ਸਿੱਖਿਆ ਮੰਤਰੀ ਦੇ ਜੱਦੀ ਪਿੰਡ ਗੰਭੀਰਪੁਰ ਵਿਖੇ ਪੱਕੇ ਧਰਨੇ 'ਤੇ ਬੈਠੇ ਸਹਾਇਕ ਪ੍ਰੋਫੈਸਰਾਂ ਦੇ ਮਾਮਲੇ ਵਿੱਚ ਵੀ ਕੋਈ ਵਾਜਿਬ ਹੱਲ ਕੱਢਣ ਦੀ ਥਾਂ ਮੰਤਰੀ ਅਤੇ ਸਰਕਾਰ ਦੇ ਹੋਰ ਨੁਮਾਇੰਦੇ ਗੱਲਬਾਤ ਕਰਨ ਤੋਂ ਵੀ ਇਨਕਾਰੀ ਰਹੇ ਹਨ। ਇਸ ਕਰਕੇ ਅਜਿਹੇ ਗੈਰ ਜਮਹੂਰੀ ਸਰਕਾਰੀ ਰਵੱਈਏ ਅਤੇ ਬੇਰੁਜ਼ਗਾਰੀ ਦੀ ਸਤਾਈ ਇੱਕ ਅਧਿਆਪਕਾ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਪਿਆ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਨੇ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਅੱਤ ਦਰਜ਼ੇ ਦੀ ਸੰਵੇਦਨਹੀਣਤਾ ਤੋਂ ਕੰਮ ਲੈਣ ਵਾਲੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੁੱਖ ਮੰਤਰੀ ਦੁਆਰਾ ਅਸਤੀਫਾ ਲੈਣਾ ਚਾਹੀਦਾ ਹੈ ਤਾਂ ਕਿ ਉਹ ਜਾਂਚ ਨੂੰ ਪ੍ਰਭਾਵਿਤ ਨਾ ਕਰ ਸਕਣ। ਖ਼ੁਦਕੁਸ਼ੀ ਕਰਨ ਵਾਲੀ ਅਧਿਆਪਕਾ ਦੇ ਪਰਿਵਾਰ ਲਈ ਬਣਦਾ ਇਨਸਾਫ ਅਤੇ ਸੰਘਰਸ਼ੀ 1158 ਸਹਾਇਕ ਪ੍ਰੋਫੈਸਰਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਵਾਜਿਬ ਹੱਲ ਕੱਢਣ ਦੀ ਮੰਗ ਵੀ ਕੀਤੀ ਹੈ। ਇਸ ਦੇ ਨਾਲ ਬੇਰੁਜ਼ਗਾਰਾਂ ਨੂੰ ਖ਼ੁਦਕੁਸ਼ੀ ਦੀ ਥਾਂ ਸੰਘਰਸ਼ ਨੂੰ ਵਿਸ਼ਾਲ ਅਤੇ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ।

# ਖਰੀਦ ਏਜੰਸੀਆਂ ਵੱਲੋਂ ਕਿਸਾਨਾਂ ਨੂੰ 49 ਕਰੋੜ ਰੁਪਏ ਤੋਂ ਵਧੇਰੇ ਦੀ ਅਦਾਇਗੀ ਕੀਤੀ ਗਈ - ਅਨਮਜੋਤ ਕੌਰ ਐਸ.ਡੀ.ਐਮ ਨੰਗਲ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਖਰੀਦੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਨਾਲ ਹੀ ਕੀਤੀ ਜਾ ਰਹੀ ਹੈ। ਹੁਣ ਤੱਕ ਖਰੀਦੇ ਗਏ ਝੋਨੇ ਦੀ ਵੱਖ ਵੱਖ ਖਰੀਦ ਏਜੰਸੀਆਂ ਵੱਲੋਂ 49 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਅਨਮਜੋਤ ਕੌਰ ਐਸ ਡੀ ਐਮ ਨੰਗਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਅੱਜ ਨੰਗਲ ਅਨਾਜ ਮੰਡੀ ਵਿੱਚ 22457 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਮੰਡੀਆਂ ਵਿੱਚ ਹੁਣ ਤੱਕ ਪਨਗ੍ਰੇਨ ਵੱਲੋਂ 7246 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 13142 ਮੀਟ੍ਰਿਕ ਟਨ ਅਤੇ ਐਫ.ਸੀ.ਆਈ. ਵੱਲੋਂ 2069 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਨਗ੍ਰੇਨ ਏਜੰਸੀ ਵੱਲੋਂ 16 ਕਰੋੜ ਰੁਪਏ, ਮਾਰਕਫੈੱਡ ਵੱਲੋਂ 28 ਕਰੋੜ ਰੁਪਏ ਅਤੇ ਐਫ.ਸੀ.ਆਈ. ਵੱਲੋਂ 5 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੇ ਝੋਨੇ ਦੀ ਫ਼ਸਲ ਦਾ ਦਾਣਾ-ਦਾਣਾ ਖ਼ਰੀਦਣ ਲਈ ਬਚਨਬੱਧ ਹੈ ਅਤੇ ਖਰੀਦ ਪ੍ਰਕਿਰਿਆ ਮੁਕੰਮਲ ਹੋਣ ਤੱਕ ਕਿਸੇ ਵੀ ਕਿਸਾਨ ਨੂੰ ਮੰਡੀਆਂ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਸਕੱਤਰ ਮਾਰਕੀਟ ਕਮੇਟੀ ਸੁਰਿੰਦਰਪਾਲ ਨੇ ਦੱਸਿਆ ਕਿ ਅਨਾਜ ਮੰਡੀਆਂ ਵਿੱਚ ਕਿਸਾਨਾਂ ਲਈ ਸਫਾਈ, ਪੀਣ ਵਾਲੇ ਪਾਣੀ, ਪਖਾਨੇ, ਛਾਂ, ਰੋਸ਼ਨੀ ਆਦਿ ਦੇ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਖੇਤਾਂ ਵਿਚ ਮਿਲਾਉਣ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ।



**ਕੁਲਦੀਪ ਚੰਦ 9417563054**

# ਅਨਮਜੋਤ ਕੌਰ ਪੀ.ਸੀ.ਐਸ ਨੇ ਬਤੌਰ ਐਸ.ਡੀ.ਐਮ ਨੰਗਲ ਸੰਭਾਲਿਆ ਅਹੁਦਾ

ਅਨਮਜੋਤ ਕੌਰ ਪੀ.ਸੀ.ਐਸ ਨੇ ਨੰਗਲ ਦੇ ਐਸ.ਡੀ.ਐਮ ਵੱਜੋ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਕਿਹਾ ਕਿ ਸਾਫ ਸੁਥਰਾ ਪ੍ਰਸ-ਾਸ਼ਨ ਦੇਣਾ ਅਤੇ ਲੋਕਾਂ ਦੀਆਂ ਮੁਸ਼ਕਿਲਾ ਦਾ ਸਮੇਂ ਸਿਰ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੰਗਲ ਸ਼ਹਿਰ ਦੇ ਸੁੰਦਰੀਕਰਨ ਅਤੇ ਟ੍ਰੈਫਿਕ ਵਿਵਸਥਾ ਵਿੱਚ ਸੁਧਾਰ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨਾਲ ਨੰਗਲ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਸਬੰਧੀ ਗੱਲਬਾਤ ਕਰਦੇ ਹੋਏ ਕਿਹਾ ਕਿ ਨੰਗਲ ਫਲਾਈਓਵਰ ਦਾ ਬਕਾਇਆ ਕੰਮ ਜਲਦੀ ਮੁਕੰਮਲ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਨੰਗਲ ਵਿੱਚ ਸੜ੍ਹਕਾਂ ਦੀ ਮੁਰੰਮਤ ਅਤੇ ਸਫਾਈ ਨੂੰ ਪਹਿਲਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਿਲਾਂ ਦੇ ਨਿਪਟਾਰੇ ਲਈ ਜਨ ਸੁਣਵਾਈ ਕੈਂਪਾ ਨੂੰ ਹੋਰ ਅਸਰਦਾਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨੰਗਲ ਕੁਦਰਤੀ ਤੌਰ ਤੇ ਮਨਮੋਹਕ ਵਾਤਾਵਰਣ ਅਤੇ ਪ੍ਰਕਿਰਤੀ ਦੀ ਸੁੰਦਰਤਾ ਨਾਲ ਘਿਰਿਆ ਹੋਇਆ ਹੈ। ਵਾਤਾਵਰਣ ਅਤੇ ਪੌਣ ਪਾਣੀ ਦੀ ਸਾਂਭ ਸੰਭਾਲ ਸਾਡੀ ਜ਼ਿੰਮੇਵਾਰੀ ਹੈ। ਨੰਗਲ ਵੈਟਲੈਂਡ ਤੇ ਹਰ ਸਾਲ ਸਰਦੀਆਂ ਵਿੱਚ ਹਜ਼ਾਰਾ ਪੰਛੀ ਦੇਸ਼ ਵਿਦੇਸ਼ ਤੋਂ ਆਉਦੇ ਹਨ। ਇਸ ਖੇਤਰ ਨੂੰ ਸੈਰ ਸਪਾਟਾ ਹੱਬ ਵੱਜੋਂ ਵਿਕਸਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਨੰਗਲ ਵਿੱਚ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਉਪਲੱਬਧ ਹੋਣਗੀਆਂ। ਜਿਕਰਯੋਗ ਹੈ ਕਿ ਅਨਮਜੋਤ ਕੌਰ ਇਸਤੋਂ ਪਹਿਲਾਂ ਰੂਪਨਗਰ ਵਿਖੇ ਦੱਤਫਰ ਮੁੱਖ ਮੰਤਰੀ ਫੀਲਡ ਅਫਸਰ, ਬੰਗਾ ਅਤੇ ਜੈਤੋਂ ਉਪ ਮੰਡਲਾਂ ਵਿੱਚ ਬਤੌਰ ਐਸ.ਡੀ.ਐਮ ਅਤੇ ਹੋਰ ਕਈ ਮੁਹੱਤਵਪੂਰਨ ਅਹੁਦਿਆਂ ਤੇ ਸੇਵਾ ਨਿਭਾ ਚੁੱਕੇ ਹਨ ਅਤੇ ਹੁਣ ਐਸ.ਡੀ.ਐਮ ਨੰਗਲ ਦੇ ਨਾਲ ਨਾਲ ਰਿਜਨਲ ਟਰਾਂਸਪੋਰਟ ਅਫਸਰ ਦਾ ਵਾਧੂ ਦਾ ਚਾਰਜ ਵੀ ਰਹੇਗਾ। ਇਸ ਮੌਕੇ ਤਹਿਸੀਲਦਾਰ ਸੰਦੀਪ ਕੁਮਾਰ ਅਤੇ ਹੋਰ ਅਧਿਕਾਰੀਅ ਹਾਜ਼ਰ ਸਨ।



**ਕੁਲਦੀਪ ਚੰਦ 9417563054**

# ਅੱਖਾਂ ਦੇ ਦਾਨ ਦੀ ਸੂਚਨਾ ਮਿਲਣ ਦੇ ਪੂਰੇ ਪੰਜਾਬ ਤੋਂ ਕੋਰਨੀਆ ਇਕੱਠੇ ਕਰੇਗੀ ਸ਼ੰਕਾਰਾ ਆਈ ਹਸਪਤਾਲ ਦੀ ਟੀਮ - ਡਾ. ਮਨੋਜ ਗੁਪਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਕੋਰਨੀਆ ਦੀ ਕਮੀ ਨੂੰ ਪੂਰਾ ਕਰਨ ਲਈ ਅਤੇ ਇਸ ਦੇ ਪ੍ਰਤੀ ਹੋਰ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਵਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਅਤੇ ਚੇਅਰਮੈਨ ਜੇ.ਬੀ.ਬਹਿਲ ਦੀ ਪ੍ਰਧਾਨਗੀ ਵਿੱਚ ਸੰਕਾਰਾ ਆਈ ਹਸਪਤਾਲ, ਲੁਧਿਆਣਾ ਦੇ ਨਾਲ ਬੈਠਕ ਕੀਤੀ ਗਈ। ਇਸ ਮੌਕੇ ਤੇ ਹਸਪਤਾਲ ਵਲੋਂ ਬੈਠਕ ਵਿੱਚ ਸੀ.ਐਮ.ਓ. ਅਤੇ ਕੋਰਨੀਆ ਅਤੇ ਰਿਫਰੈਕਟਿਵ ਸਰਜਨ ਡਾ.ਮਨੋਜ ਗੁਪਤਾ ਅਤੇ ਆਈ ਬੈਂਕ ਇੰਚਾਰਜ ਨਿਸ਼ਾ ਮੌਜੂਦ ਸਨ। ਇਸ ਮੌਕੇ ਅਰੋੜਾ ਨੇ ਕਿਹਾ ਕਿ ਕੋਰਨੀਆ ਬਲਾਇੰਡਨੈਸ ਨੂੰ ਦੂਰ ਕਰਨ ਦੇ ਲਈ ਸੰਕਾਰਾ ਹਸਪਤਾਲ ਵਲੋਂ ਸ਼ਲਾਘਾਯੋਗ ਸਹਿਯੋਗ ਦਿੱਤਾ ਜਾ ਰਿਹਾ ਹੈ। ਪਰ ਕੋਰਨੀਆ ਦੀ ਕਮੀ ਦੇ ਕਾਰਨ ਕਈ ਮਰੀਜ਼ਾਂ ਨੂੰ ਅੱਖ ਲਗਾਉਣ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਦੇ ਲਈ ਮੁਹਿੰਮ ਵਿੱਚ ਤੇਜ਼ੀ ਦੀ ਜ਼ਰੂਰਤ ਹੈ। ਉਨ੍ਹਾਂ ਨੇ ਕਿਹਾ ਕਿ ਅੱਖਾਂ ਦਾਨ ਕਰਨ ਵਾਲਿਆਂ ਦੀ ਗਿਣਤੀ ਘੱਟ ਹੋ ਰਹੀ ਹੈ। ਜਦਕਿ ਕੋਰਨੀਆ ਬਲਾਇੰਡਨੈਸ ਮਰੀਜਾਂ ਦੀ ਗਿਣਤੀ ਵੱਧ ਰਹੀ ਹੈ। ਇਸ ਤੇ ਸੰਕਾਰਾ ਹਸਪਤਾਲ ਦੇ ਡਾ.ਮਨੋਜ ਗੁਪਤਾ ਨੇ ਸੁਸਾਇਟੀ ਨੂੰ ਯਕੀਨ ਦਿਵਾਇਆ ਕਿ ਹਸਪਤਾਲ ਦੀ ਟੀਮ ਕੋਰਨੀਆ ਦੀ ਕਮੀ ਨੂੰ ਪੂਰਾ ਕਰਨ ਦੇ ਲਈ ਪੂਰੇ ਪੰਜਾਬ ਵਿੱਚ ਕਿਸੇ ਵੀ ਥਾਂ ਤੋਂ ਆਉਣ ਵਾਲੀ ਕਾਲ ਤੇ ਜਲਦੀ ਨਾਲ ਆਪਣੀ ਟੀਮ ਰਵਾਨਾ ਕਰੇਗੀ ਤਾਂ ਕਿ ਇਸ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ। ਉਨਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਤਿੰਨ-ਚਾਰ ਜ਼ਿਲ੍ਹੇ ਹੀ ਕਵਰ ਕੀਤੇ ਜਾ ਰਹੇ ਸਨ। ਪਰ ਹੁਣ ਰੋਟਰੀ ਆਈ ਬੈਂਕ ਦਾ ਸਹਿਯੋਗ ਅਤੇ ਮਰੀਜ਼ਾਂ ਦੇ ਦਰਦ ਨੂੰ ਦੇਖਦੇ ਹੋਏ ਹਸਪਤਾਲ ਪ੍ਰਬੰਧਕਾਂ ਨੇ ਇਹ ਫੈਸਲਾ ਲਿਆ ਹੈ। ਉਨਾਂ ਨੇ ਪ੍ਰਦੇਸ਼ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਦੀ ਮੌਤ ਹੋਣ ਤੇ ਉਸ ਦੀ ਅੰਤਿਮ ਇੱਛਾ ਅਤੇ ਪਾਰਿਵਾਰਿਕ ਮੈਂਬਰਾਂ ਦੀ ਸਹਿਮਤੀ ਨਾਲ ਜੇ ਕੋਈ ਕੋਰਨੀਆ ਦਾਨ ਕਰਨਾ ਚਾਹੁੰਦਾ ਹੈ ਤਾਂ ਉਹ ਰੋਟਰੀ ਆਈ ਬੈਂਕ ਅਤੇ ਸੰਕਾਰਾ ਹਸਪਤਾਲ ਦੇ ਨਾਲ ਸੰਪਰਕ ਕਰ ਸਕਦਾ ਹੈ ਤਾਂ ਕਿ ਸੰਸਾਰ ਤੋਂ ਜਾਣ ਵਾਲੀਆਂ ਦੋ ਅੱਖਾਂ ਕਿਸੇ ਨੂੰ ਰੋਸ਼ਨੀ ਪ੍ਰਦਾਨ ਕਰਨ ਦੇ ਪੁਨ ਦੇ ਕਾਰਜ ਲਈ ਪ੍ਰਯੋਗ ਕੀਤੀਆਂ ਜਾ ਸਕਣ। ਇਸ ਮੌਕੇ ਤੇ ਚੇਅਰਮੈਨ ਜੇ.ਬੀ.ਬਹਿਲ ਨੇ ਦੱਸਿਆ ਕਿ ਸੰਕਾਰਾ ਹਸਪਤਾਲ ਦਾ ਸਹਿਯੋਗ ਮਿਲਣ ਨਾਲ ਹਾਲਾਂਕਿ ਅੱਖਾਂ ਦੇ ਦਾਨ ਨੂੰ ਬਲ ਮਿਲਿਆ ਹੈ।





ਪਰ ਇਹ ਬਹੁਤ ਵੱਡੀ ਸਮੱਸਿਆ ਹੈ ਕਿ ਕੋਰਨੀਆ ਮਿਲਣ ਦੀ ਦਰ ਦੇ ਮੁਕਾਬਲੇ ਮਰੀਜ਼ਾਂ ਦੀ ਗਿਣਤੀ ਬਹੁਤ ਘੱਟ ਹੈ। ਇਸ ਲਈ ਇਸ ਮਹਾਯੱਗ ਵਿੱਚ ਨੇਤਰਦਾਨ ਸਹੁੰ ਪੱਤਰ ਭਰ ਕੇ ਸਾਨੂੰ ਸਾਰਿਆਂ ਨੂੰ ਸਹਿਯੋਗ ਲਈ ਅੱਗੇ ਆਉਣਾ ਚਾਹੀਦਾ ਹੈ।

ਉਨਾਂ ਨੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਇਸ ਸੰਸਾਰ ਵਿੱਚ ਜੋ ਆਇਆ ਹੈ ਇਕ ਨਾ ਇਕ ਦਿਨ ਜਾਣਾ ਹੀ ਹੈ, ਇਸ ਲਈ ਸਾਡੇ ਜਾਣ ਤੋਂ ਬਾਅਦ ਵੀ ਕੋਈ ਇਸ ਸੁੰਦਰ ਸੰਸਾਰ ਨੂੰ ਦੇਖ ਸਕੇ, ਇਸ ਲਈ ਨੇਤਰਦਾਨ ਸਹੁੰ ਪੱਤਰ ਜ਼ਰੂਰ ਭਰਨ। ਇਸ ਮੌਕੇ ਤੇ ਪ੍ਰੋ.ਦਲਜੀਤ ਸਿੰਘ, ਮਦਨ ਲਾਲ ਮਹਾਜਨ ਅਤੇ ਹਸਪਤਾਲ ਦਾ ਸਟਾਫ ਅਤੇ ਮੈਂਬਰ ਮੌਜੂਦ ਸਨ।

# ਰੂਸੀ ਰਾਸ਼ਟਰਪਤੀ ਨੂੰ ਦੌਰਾ ਪੈਣ ਦੀ ਅਫਵਾਹ ਗਲਤ ਨਿਕਲੀ

**ਮਾਸਕੋ (ਬਿਊਰੋ)**- ਕ੍ਰੇਮਲਿਨ ਨੇ ਮੰਗਲਵਾਰ ਨੂੰ ਰੂਸੀ ਰਾਸ਼ਟਰਪਤੀ ਨਾਲ ਸਬੰਧਤ ਖਬਰਾਂ ਨੂੰ ਰੱਦ ਕਰ ਦਿੱਤਾ। ਮੀਡੀਆ 'ਚ ਅਜਿਹੀਆਂ ਖਬਰਾਂ ਆਈਆਂ ਸਨ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਸਿਹਤ ਠੀਕ ਨਹੀਂ ਹੈ। ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਕਿ ਰਾਸ਼ਟਰਪਤੀ ਪੁਤਿਨ ਪੂਰੀ ਤਰ੍ਹਾਂ ਠੀਕ ਹਨ ਤੇ ਉਹ ਫਿੱਟ ਹਨ।

ਕ੍ਰੇਮਲਿਨ ਨੇ ਰਾਸ਼ਟਰਪਤੀ ਪੁਤਿਨ ਦੀ ਸਿਹਤ ਨਾਲ ਜੁੜੀਆਂ ਖਬਰਾਂ ਨੂੰ ਫਰਜ਼ੀ ਦੱਸਿਆ ਤੇ ਇਸ ਦਾ ਖੰਡਨ ਕੀਤਾ ਹੈ। ਇਸ ਤੋਂ ਪਹਿਲਾਂ ਇਕ ਟੈਲੀਗ੍ਰਾਮ ਚੈਨਲ 'ਤੇ ਜਾਣਕਾਰੀ ਦਿੱਤੀ ਗਈ ਸੀ ਕਿ ਰਾਸ਼ਟਰਪਤੀ ਪੁਤਿਨ ਨੂੰ ਦਿਲ ਦਾ ਦੌਰਾ ਪਿਆ ਸੀ ਤੇ ਉਹ ਆਪਣੇ ਬੈੱਡਰੂਮ 'ਚ ਡਿੱਗੇ ਮਿਲੇ ਹਨ। ਵਰਣਨਯੋਗ ਹੈ ਕਿ ਰਾਸ਼ਟਰਪਤੀ ਪੁਤਿਨ 7 ਅਕਤੂਬਰ ਨੂੰ 71 ਸਾਲ ਦੇ ਹੋਏ ਹਨ ਤੇ ਉਨ੍ਹਾਂ ਨੇ ਹਾਲ ਹੀ 'ਚ ਚੀਨ ਦਾ ਦੌਰਾ ਕੀਤਾ ਸੀ। ਚੀਨ ਦੇ ਦੌਰੇ ਤੋਂ ਪਰਤਣ ਤੋਂ ਬਾਅਦ ਉਹ ਰੂਸ ਦੇ ਦੋ ਸ਼ਹਿਰਾਂ ਵਿੱਚ ਰੁਕੇ ਸਨ।



ਜਾਣਕਾਰੀ ਮੁਤਾਬਕ ਇਕ ਚੈਨਲ ਨੇ ਖਬਰ ਦਿੱਤੀ ਸੀ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸੁਰੱਖਿਆ ਅਧਿਕਾਰੀਆਂ ਨੇ ਉਨ੍ਹਾਂ ਨੂੰ ਰਾਤ ਕਰੀਬ 9 ਵਜੇ ਆਪਣੇ ਬੈੱਡਰੂਮ ਦੇ ਫਰਸ਼ 'ਤੇ ਡਿੱਗੇ ਹੋਏ ਦੇਖਿਆ। ਟੈਲੀਗ੍ਰਾਮ ਚੈਨਲ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਅਜਿਹੀ ਹਾਲਤ 'ਚ ਪਾਏ ਜਾਣ 'ਤੇ ਤੁਰੰਤ ਡਾਕਟਰਾਂ ਨੂੰ ਬੁਲਾਇਆ ਗਿਆ ਸੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪ੍ਰਕਾਸ਼ ਦਿਹਾੜਾ ਗੁਰੂ ਰਾਮਦਾਸ ਜੀ 25 ਅੱਸੂ ਬਨਾਮ ਕੱਤਕ ਵਦੀ ਦੂਜ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਇਤਿਹਾਸ ਦੇ ਪੁਰਾਤਨ ਸੋਮਿਆਂ ਮੁਤਾਬਕ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਚੂਨਾ ਮੰਡੀ, ਲਾਹੌਰ ਵਿਖੇ 25 ਅੱਸੂ, ਕੱਤਕ ਵਦੀ ਦੂਜ ਸੰਮਤ 1591 ਬਿਕ੍ਰਮੀ ਦਿਨ ਵੀਰਵਾਰ ਨੂੰ ਹੋਇਆ ਸੀ। ਅੰਗਰੇਜਾਂ ਦੇ ਆਉਣ ਤੋਂ ਪਿਛੋਂ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ ਤਾਰੀਖ, 24 ਸਤੰਬਰ 1534 ਈ: (ਜੂਲੀਅਨ) ਲਿਖੀ ਗਈ।

"Sri Guru Ramdas ji (Jetha ji) was born at Chuna Mandi, Lahore (in Pakistan), on kartikvadi 2nd, 25th Assu Samvat 1591 (September 24, 1534)". (sgpc.net)

ਭਾਵੇ ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ, ਪਰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਬਾਰੇ ਕੋਈ ਮੱਤ ਭੇਦ ਨਹੀਂ ਹੈ। ਅੰਗਰੇਜੀ ਤਾਰੀਖ ਵਿੱਚ ਬਦਲੀ ਕਰਨ ਵੇਲੇ ਕਈਆਂ ਨੇ ਗਲਤੀ ਜਰੂਰ ਕੀਤੀ ਹੈ। ਜਿਵੇ ਗੁਰਬਾਣੀ ਪਾਠ ਦਰਪਣ ਵਿੱਚ 2 ਨਵੰਬਰ 1534 ਈ: ਦਰਜ ਹੈ। ਇਨ੍ਹਾਂ ਤਾਰੀਖਾਂ ਵਿੱਚੋਂ ਇਕ ਤਾਰੀਖ 25 ਅੱਸੂ, ਸੂਰਜੀ ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ ਕੱਤਕਵਦੀਦੂਜ, ਚੰਦ ਦੇ ਕੈਲੰਡਰ ਦੀ ਹੈ। ਭਾਵੇ ਅੱਜ ਤੋਂ 489 ਸਾਲ ਪਹਿਲਾ, ਇਹ ਦੋਵੇਂ ਤਾਰੀਖਾਂ (25 ਅੱਸੂ ਅਤੇ ਕੱਤਕ ਵਦੀ ਦੂਜ) ਇਕ ਦਿਨ ਹੀ ਆਈਆਂ ਸਨ। ਪਰ ਹਰ ਸਾਲ ਅਜੇਹਾ ਨਹੀ ਹੁੰਦਾ।

ਇਸ ਦਾ ਕਾਰਨ ਇਹ ਹੈ ਕਿ ਸੂਰਜੀ ਸਾਲ ਦੇ 365 ਦਿਨ ਹੁੰਦੇ ਹਨ। ਇਸ ਮੁਤਾਬਕ ਹਰ ਸਾਲ ਇਹ ਦਿਹਾੜਾ 25 ਅੱਸੂ ਨੂੰ ਆਵੇਗਾ, ਪਰ ਚੰਦ ਦੇ ਸਾਲ ਦੇ 354 ਦਿਨ ਹੁੰਦੇ ਹਨ ਇਸ ਕਾਰਨ ਕੱਤਕ ਵਦੀ ਦੂਜ 365 ਦਿਨਾਂ ਪਿਛੋਂ ਨਹੀਂ ਸਗੋਂ 354 ਦਿਨਾਂ ਪਿਛੋਂ ਆਉਂਦੀ ਹੈ। ਭਾਵ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਜਦੋਂ ਚੰਦ ਦਾ ਸਾਲ, ਇਕ ਸਾਲ ਵਿੱਚ 11 ਦਿਨ, ਦੂਜੇ ਸਾਲ 22 ਦਿਨ ਅਤੇ ਤੀਜੇ ਸਾਲ 33 ਦਿਨ ਸੂਰਜੀ ਸਾਲ ਤੋਂ ਪਿੱਛੇ ਰਹਿ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ, ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਹਰ ਤੀਜੇ-ਚੌਥੇ ਸਾਲ, ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਜਿਸ ਨੂੰ ਮਲਮਾਸ (ਮਾੜਾ ਮਹੀਨਾ) ਕਹਿੰਦੇ ਹਨ। ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। ਇਸ ਸਾਲ (ਸੰਮਤ 2080 ਬਿਕ੍ਰਮੀ) ਵਿੱਚ ਚੰਦ ਦੇ ਸਾਲ ਦੇ 13 ਮਹੀਨੇ ਹਨ। ਸਾਵਣ ਦਾ ਮਹੀਨਾ ਦੋ ਵਾਰ ਆਇਆ ਹੈ। ਇਕ ਸਾਵਣ ਸ਼ੁਭ ਅਤੇ ਦੂਜਾ ਸਾਵਣ ਅਸ਼ੁਭ ਭਾਵ ਮਲਮਾਸ।

**ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਪ੍ਰਵਿਸ਼ਟਾ**

| ਨਾਨਕਸ਼ਾਹੀ ਸੰਮਤ | ਪ੍ਰਵਿਸ਼ਟਾ | ਨਾਨਕਸ਼ਾਹੀ |
|---|---|---|
| 546 (14-15) | 24 ਅੱਸੂ | 25 ਅੱਸੂ |
| 547 (15-16) | 13 ਕੱਤਕ | 25 ਅੱਸੂ |
| 548 (16-17) | 2 ਕੱਤਕ | 25 ਅੱਸੂ |
| 549 (17-18) | 22 ਅੱਸੂ | 25 ਅੱਸੂ |
| 550 (18-19) | 10 ਕੱਤਕ | 25 ਅੱਸੂ |
| 551 (19-20) | 29 ਅੱਸੂ | 25 ਅੱਸੂ |
| 552 (20-21) | 17 ਕੱਤਕ | 25 ਅੱਸੂ |
| 553 (21-22) | 6 ਕੱਤਕ | 25 ਅੱਸੂ |
| 554 (22-23) | 25 ਅੱਸੂ | 25 ਅੱਸੂ |
| 555 (23-24) | 14 ਕੱਤਕ | 25 ਅੱਸੂ |

ਇਸ ਕਾਰਨ ਇਹ ਦੋਵੇਂ ਤਾਰੀਖਾਂ (25 ਅੱਸੂ ਅਤੇ ਕੱਤਕ ਵਦੀ ਦੂਜ) ਇਕੱਠੇ ਆਉਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਪਿਛਲੇ ਸਾਲ ਭਾਵ ਸੰਮਤ 2079 ਬਿਕ੍ਰਮੀ (ਸੰਮਤ 554 ਨਾਨਕਸ਼ਾਹੀ, 2022 ਈ:)ਵਿੱਚ ਇਹ ਦੋਵੇਂ ਤਾਰੀਖਾਂ, 11 ਅਕਤੂਬਰ ਦਿਨ ਮੰਗਲਵਾਰ ਨੂੰ ਇਕੱਠੀਆਂ ਆਈਆਂ ਸਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਜੋ ਕੈਲੰਡਰ ਛਾਪਿਆ ਜਾਂਦਾ ਹੈ, ਉਸ ਦਾ ਨਾਮ ਤਾਂ ਭਾਵੇ ਨਾਨਕਸ਼ਾਹੀ ਕੈਲੰਡਰ ਰੱਖਿਆ ਗਿਆ ਹੈ ਪਰ ਅਸਲ ਵਿੱਚ ਇਹ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਹੈ। ਇਸ ਦੇ ਸਾਲ ਦੀ ਲੰਬਾਈ 365.2563 ਦਿਨ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਦਾ ਆਰੰਭ ਹਰ ਸਾਲ 1 ਚੇਤ ਤੋਂ ਹੁੰਦਾ ਹੈ। ਸੂਰਜੀ ਕੈਲੰਡਰ ਹੋਣ ਕਰਕੇ, ਹਰ ਸਾਲ ਵੈਸਾਖੀ 1 ਵੈਸਾਖ ਨੂੰ, ਵੱਡੇ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜ 8 ਪੋਹ ਅਤੇ ਛੋਟੇ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਦਾ ਹੀ ਦਰਜ ਹੁੰਦਾ ਹੈ। ਪਰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਅਜੇਹਾ ਕਿਉ?

ਇਸ ਦਾ ਕਾਰਨ ਇਹ ਹੈ ਕਿ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਨਾਲ ਸਬੰਧਿਤ ਦਿਹਾੜੇ ਮਨਾਉਂਦੀ ਤਾਂ ਵਦੀ-ਸੁਦੀ ਦੇ ਮੁਤਾਬਕ ਹੈ, ਪਰ ਦਰਜ ਪ੍ਰਵਿਸ਼ਟਿਆਂ ਮੁਤਾਬਕ ਕਰਦੀ ਹੈ। ਅਸਲ ਵਿੱਚ ਸ਼੍ਰੋਮਣੀ ਕਮੇਟੀ ਸਿੱਖ ਸੰਗਤਾਂ ਨੂੰ ਗੁਮਰਾਹ ਕਰ ਰਹੀ ਹੈ ਕਿ ਅਸੀਂ ਤਾਂ ਨਾਨਕਸ਼ਾਹੀ ਕੈਲੰਡਰ ਹੀ ਛਾਪਦੇ ਹਾਂ। ਜਦੋਂ ਕਿ ਇਹ ਕੋਰਾ ਝੂਠ ਹੈ। ਸ਼੍ਰੋਮਣੀ ਕਮੇਟੀ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਦੀ ਹੈ। ਸ਼੍ਰੋਮਣੀ ਕਮੇਟੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦੀ ਤਾਂ ਚੰਦ ਦੇ ਕੈਲੰਡਰ ਮੁਤਾਬਕ ਕੱਤਕ ਵਦੀ ਦੂਜ ਨੂੰ ਹੈ। ਪਰ ਦਰਜ ਪ੍ਰਵਿਸ਼ਟਿਆਂ ਵਿੱਚ ਕਰਦੀ ਹੈ। ਤਾਂ ਹੀ ਤਾਂ, ਹਰ ਸਾਲ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ। ਪਤਾ ਨਹੀਂ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਇਤਿਹਾਸਿਕ ਤਾਰੀਖਾਂ ਦੇ ਸਬੰਧ ਵਿੱਚ ਰੋਲ-ਘਚੋਲਾ ਪਾਈ ਰੱਖਣਾ ਚਾਹੁੰਦੀ ਹੈ?

ਜੇ ਇਤਿਹਾਸਕ ਦਿਹਾੜੇ ਵਦੀ ਸੁਦੀ ਮੁਤਾਬਕ ਮਨਾਉਣੇ,ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮਜ਼ਬੂਰੀ ਹੈ ਤਾਂ ਆਪਣਾ ਕੈਲੰਡਰ ਵੀ ਚੰਦਰ-ਸੂਰਜੀ ਬਿਕ੍ਰਮੀ ਛਾਪੋ। ਜਿਵੇ ਪਿਛਲੀ ਸਦੀ ਵਿੱਚ ਛਾਪਦੇ ਸੀ। ਜੇ ਕੈਲੰਡਰ ਦਾ ਨਾਮ ਨਾਨਕਸ਼ਾਹੀ ਕੈਲੰਡਰ ਰੱਖਣਾ ਹੈ ਤਾਂ ਸਾਲ ਦੀ ਲੰਬਾਈ ਵੀ 365.2425 ਦਿਨ ਮੰਨੋ।

ਇਕ ਪਾਸੇ ਤਾਂ ਹੋਵੋ। ਸੰਗਤਾਂ ਨੂੰ ਗੁੰਮਰਾਹ ਤਾਂ ਨਾ ਕਰੇ। ਜੇ ਕੈਲੰਡਰ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ, 365.2563 ਦਿਨ) ਛਾਪਣਾ ਹੈ ਤਾਂ ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਹੀ ਦਰਜ ਕਰੇ। ਜਿਵੇ ਵੈਸਾਖੀ ਹਰ ਸਾਲ 1 ਵੈਸਾਖ ਦੀ ਦਰਜ ਕਰਦੀ ਹੈ। ਇਸੇ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾਵੀ ਹਰ ਸਾਲ 25 ਅੱਸੂ ਦਾ ਹੀ ਦਰਜ ਹੋਣਾ ਚਾਹੀਦਾ ਹੈ। ਜੇ ਪਿਛਲੇ ਸਾਲ ਭਾਵ ਸੰਮਤ 2079 ਬਿਕ੍ਰਮੀ (2022 ਈ:) ਵਿੱਚ ਗੁਰੂ ਰਾਮਦਾਸਜੀਦਾ ਪ੍ਰਕਾਸ਼ ਦਿਹਾੜਾ 25 ਅੱਸੂ ਨੂੰ ਮਨਾਉਣ ਨਾਲ ਕੋਈ ਧਾਰਮਿਕ ਅਵੱਗਿਆ ਨਹੀਂ ਹੋਈ ਤਾਂ ਹਰ ਸਾਲ ਅਜੇਹਾ ਕਿਉ ਨਹੀਂ ਕੀਤਾ ਜਾ ਸਕਦਾ?

# ਸਵਾਲ ਦਾ ਜਵਾਬ ਮਿ.ਲ ਗਿਆ !

ਪਿਛਲੇ ਸਾਲ ਮੈਂ ਪੰਜਾਬ ਗਏ ਹੋਏ ਨੇ ਇੱਕ ਪਿੰਡ ਦੀ ਕੋਠੀ ਦੇ ਬਾਹਰ ਕੰਧ ਉੱਤੇ (ਪਹਿਲੀ ਫੋਟੋ ਵਾਲ਼ੀ)ਚਿਤਾਵਨੀਂ ਲਿਖੀ ਦੇਖੀ। ਬੇਹੱਦ ਸਖਤ ਭਾਸ਼ਾ ਵਾਲ਼ੀ ਇਹ ਸੂਚਨਾ ਕਈ ਦਿਨ ਮੇਰੇ ਅੱਖਾਂ ਵਿੱਚ ਰੜਕਦੀ ਰਹੀ! ਮੈਂ ਮਨ ਹੀ ਮਨ ਸੋਚਦਾ ਰਿਹਾ ਕਿ ਇਹੀ ਸੁਨੇਹਾ ਜੇ ਸੁਹਿਰਦ ਤੇ ਸੱਭਿਅਕ ਭਾਸ਼ਾ ਵਾਲ਼ੀ ਬੇਨਤੀ ਦੇ ਰੂਪ 'ਚ ਲਿਖਿਆ ਹੋਇਆ ਹੁੰਦਾ ਤਾਂ ਕਿੰਨਾਂ ਚੰਗਾ ਹੋਣਾ ਸੀ! ਇਸ਼ਤਿਹਾਰ ਲਾਉਣ ਵਾਲ਼ਿਆਂ ਨੇ ਆਪੇ ਹੀ ਹਟ ਜਾਣਾ ਸੀ ਇਹ ਕੰਧ ਖਰਾਬ ਕਰਨ ਤੋਂ!! ਰਹਿ ਰਹਿ ਕੇ ਮੇਰੇ ਦਿਲ ਵਿੱਚ ਇਹ ਸਵਾਲ ਉੱਠਦਾ ਰਿਹਾ ਕਿ ਅਸੀਂ ਏਡੇ ਲਾਪਰਵਾਹ ਕਿਉਂ ਹੋ ਗਏ ਹਾਂ?




ਪਰ ਕੁੱਝ ਦਿਨਾਂ ਬਾਅਦ ਹੀ ਮੈਂ ਇੱਕ ਧਾਰਮਿਕ ਅਸਥਾਨ (ਦੂਸਰੀ ਫੋਟੋ)ਗਿਆ ਜਿੱਥੇ ਬਾਹਰ 'ਸਖਤ ਮਨ੍ਹਾਂ' ਵਾਲ਼ੀ 'ਬੇਨਤੀ' ਅਤੇ ਉਸਦੇ ਮੋਹਰੇ ਇਸ ਹਦਾਇਤ ਦਾ ਮੂੰਹ ਚਿੜਾ ਰਿਹਾ ਜੋੜਿਆਂ ਦਾ ਢੇਰ ਦੇਖਿਆ ਤਾਂ ਆਪਣੇ ਲੋਕਾਂ ਦੀ ਮਾਨਸਿਕਤਾ ਬਾਰੇ ਸੋਚਦਿਆਂ ਮੈਨੂੰ ਆਪਣੇ ਸਵਾਲ ਦਾ ਜਵਾਬ ਮਿ.ਲ ਗਿਆ ਸਮਝੋ! ਇਹ ਦੋਵੇਂ ਫੋਟੋਆਂ ਮੈਂ ਆਪਣੇ ਇੱਕ ਦੋਸਤ ਨੂੰ ਦਿਖਾਈਆਂ ਤਾਂ ਉਹ ਝੱਟ ਬੋਲਿਆ- 'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ ਭਰਾਵਾ! ਮਿੱਤਰ ਵਲੋਂ ਬੋਲੀ ਗਈ ਹਿੰਦੀ ਦੀ ਕਹਾਵਤ ਮੈਨੂੰ ਆਪਣੇ ਪੰਜਾ-ਬੀਆਂ 'ਤੇ ਸਹੀ ਢੁਕਦੀ ਜਾਪੀ !



–ਤਰਲੋਚਨ ਸਿੰਘ 'ਦੁਪਾਲ ਪੁਰ' 001-408-915-1268

## ਕਾਵਿ-ਵਿਅੰਗ
# 'ਸੀ.ਐੱਮ' ਦਾ ਸੱਲ !

ਭੰਡਣ ਵਾਸਤੇ ਸਾਰੇ ਹੋ ਜਾਣ 'ਕੱਠੇ
ਪੰਜਾ ਕਮਲ ਤੇ ਨਾਲ਼ ਹੀ 'ਦਲ' ਹੁੰਦਾ।

ਨਿੱਤ ਨਵੇਂ ਤੋਂ ਨਵੇਂ ਇਲਜ਼ਾਮ ਲਾਉਂਦੇ
ਫਿਰ ਵੀ ਕਿਸੇ ਤੋਂ ਨਹੀਂ ਦਬੱਲ ਹੁੰਦਾ।

ਸੱਤਰ ਸਾਲਾਂ ਦੇ ਪਾਏ ਝਮੇਲਿਆਂ ਦਾ
ਕਹਿੰਦੇ ਦਿਨਾਂ 'ਚ ਕਾਹਤੋਂ ਨੀ ਹੱਲ ਹੁੰਦਾ।

ਰਾਜਪਾਲ ਵੀ ਰਾਜ-ਹਿਤ ਪਾਲ਼ਦਾ ਨਾ
ਪੰਗੇ ਪਾਉਣ ਲਈ ਮਾਲਕਾਂ ਵੱਲ ਹੁੰਦਾ।

'ਵਿਸ ਘੋਲ਼ਦੇ' ਰਹਿੰਦੇ ਐ ਸੱਪ ਵਾਂਗੂੰ
'ਸੀ.ਐਮ਼' ਦੇਖ ਕੇ ਸੀਨੇ 'ਚ ਸੱਲ ਹੁੰਦਾ।

ਕੁਰਸੀ 'ਧਨ-ਕੁਬੇਰਾਂ' ਰਜਵਾੜਿਆਂ ਦੀ
ਬੈਠਾ 'ਮਾਸਟਰ ਦਾ ਮੁੰਡਾ' ਨੀ ਝੱਲ ਹੁੰਦਾ !

**– ਤਰਲੋਚਨ ਸਿੰਘ 'ਦੁਪਾਲ ਪੁਰ'**

001-408-915-1268



# ਮਾਸਟਰ ਫਰਤੂਲ ਚੰਦ ਫ਼ੱਕਰ ਹੋਰਾਂ ਦੀ ਕਿਤਾਬ 'ਫ਼ੱਕਰਾਂ ਦੀਆਂ ਖੇਡਾਂ' ਦਾ ਕੀਤਾ ਲੋਕ ਅਰਪਣ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਦੀਨ ਹੀਨ ਅਸਹਾਇ ਸੁਸਾਇਟੀ,ਭੋਆ ਵੱਲੋਂ ਭਾਸ਼ਾ ਵਿਭਾਗ, ਜ਼ਿਲ੍ਹਾ ਪਠਾਨਕੋਟ ਦੇ ਸਹਿਯੋਗ ਨਾਲ ਸਕੂਲ ਆਫ਼ ਐਮੀਨੈਂਸ,ਭੋਆ (ਪਠਾਨਕੋਟ) ਵਿੱਚ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਮਾਸਟਰ ਫਰਤੂਲ ਚੰਦ ਫ਼ੱਕਰ ਹੋਰਾਂ ਦੀ ਕਿਤਾਬ 'ਫ਼ੱਕਰਾਂ ਦੀਆਂ ਖੇਡਾਂ ' ਦਾ ਲੋਕ ਅਰਪਣ ਕੀਤਾ ਗਿਆ ਅਤੇ ਮੁਸ਼ਾਇਰਾ ਕਰਵਾਇਆ ਗਿਆ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੀ ਵਿਨੋਦ ਸ਼ਰਾਫ ਹੋਰਾਂ ਸ਼ਮੂਲੀਅਤ ਕੀਤੀ ਤੇ ਪ੍ਰਸਿੱਧ ਸ਼ਾਇਰ ਨਰੇਸ਼ ਨਿਰਗੁਣ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਖ਼ੂਬਸੂਰਤ ਸਮਾਰੋਹ ਦੀ ਪ੍ਰਧਾਨਗੀ ਤਹਿਸੀਲਦਾਰ (ਰਿਟਾ।) ਸ਼੍ਰੀ ਯਸ਼ਪਾਲ ਸ਼ਰਮਾ ਹੋਰਾਂ ਨੇ ਕੀਤੀ। ਸਮਾਰੋਹ ਦਾ ਆਗਾਜ਼ ਆਏ ਮਹਿਮਾਨਾਂ ਦਾ ਬੁੱਕੇ ਦੇ ਸਵਾਗਤ ਨਾਲ ਕੀਤਾ ਗਿਆ। ਇਸ ਉਪਰੰਤ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਨਸੀਬ ਸਿੰਘ ਹੋਰਾਂ ਵੱਲੋਂ ਸਕੂਲ ਦੇ ਵਿਹੜੇ ਵਿੱਚ ਪਹੁੰਚਣ ਵਾਲੇ ਅਦੀਬਾਂ, ਵਿਦ-ਵਾਨਾਂ ਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਨੂੰ ਕਿਹਾ ਤੇ ਅੱਜ ਦੇ ਦਿਨ 'ਤੇ ਸਕੂਲ ਦੇ ਵਿਹੜੇ ਵਿੱਚ ਰੌਣਕਾਂ ਲਾਉਣ ਲਈ ਧੰਨਵਾਦ ਵੀ ਕੀਤਾ। ਇਸ ਉਪਰੰਤ ਆਏ ਖ਼ਾਸ ਮਹਿਮਾਨਾਂ ਤੇ ਪ੍ਰਧਾਨਗੀ ਮੰਡਲ ਵੱਲੋਂ ਸ਼ਾਇਰ ਮਾਸਟਰ ਫਰਤੂਲ ਚੰਦ ਫ਼ੱਕਰ ਹੋਰਾਂ ਦੀ ਕਿਤਾਬ ' ਫ਼ੱਕਰਾਂ ਦੀਆਂ ਖੇਡਾਂ ' ਨੂੰ ਲੋਕ ਅਰਪਿਤ ਕੀਤਾ ਗਿਆ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ। ਸੁਰੇਸ਼ ਮਹਿਤਾ ਹੋਰਾਂ ਫ਼ੱਕਰ ਹੋਰਾਂ ਦੇ ਸਾਹਿਤਕ ਸਫ਼ਰ 'ਤੇ ਰੋਸ਼ਨੀ ਪਾਉਂਦੇ ਹੋਏ ਦੱਸਿਆ ਕਿ ਫੱਕਰ ਸਾਡੇ ਇੱਕ ਐਸੇ ਬਜ਼ੁਰਗ ਸ਼ਾਇਰ ਨੇ ਜਿਨ੍ਹਾਂ ਦੋਹੜਾ ਸ਼ਾਇਰੀ ਵਿੱਚ ਹਾਸ਼ਮ ਸ਼ਾਹ ਤੇ ਸੁਲਤਾਨ ਬਾਹੂ ਤੋਂ ਬਾਅਦ ਦੋਹੜਾ ਸ਼ਾਇਰੀ ਵਿੱਚ ਨਾਮਣਾ ਖੱਟਿਆ ਹੈ। ਉਨ੍ਹਾਂ ਦੀ ਪੁਖਤਾ ਸ਼ਾਇਰੀ ਕਰਕੇ ਉਨ੍ਹਾਂ ਦਾ ਨਾਮ ਦੁਨੀਆਂ ਭਰ ਵਿੱਚ ਗੂੰਜਦਾ ਹੈ। ਇਸ ਖ਼ੂਬਸੂਰਤ ਸ਼ਾਇਰੀ ਨਾਲ ਸੱਜੇ ਹੋਏ ਮੁਸ਼ਾਇਰੇ ਵਿੱਚ ਪੰਜਾਬ ਅਤੇ ਪੰਜਾਬ ਤੋਂ ਬਾਹਰੋਂ ਆਏ ਸ਼ਾਇਰਾਂ ਦੀਆਂ ਸਵਰ ਲਹਿਰੀਆਂ ਨੇ ਮਹਿਫ਼ਲ ਵਿੱਚ ਕਾਵਿਕ ਰੰਗ ਬਿਖੇਰ ਕੇ ਮਾਹੌਲ ਨੂੰ ਹੁਸੀਨ ਤੇ ਰੰਗੀਨ ਬਣਾ ਦਿੱਤਾ। ਲੰਬਾ ਚੱਲਣ ਵਾਲੇ ਇਸ ਸਮਾਰੋਹ ਵਿੱਚ ਸ਼ਾਇਰ ਲੋਕ ਆਪਣੀ ਹਾਜ਼ਰੀ ਲਗਵਾਉਂਦੇ ਤੇ ਆਪਣੇ ਕਲਾਮ ਨਾਲ ਮੰਤਰਮੁਗਧ ਕਰਦੇ ਰਹੇ। ਕਾਵਿ ਮਹਿਫ਼ਲ ਦਾ ਆਗਾਜ਼ ਗੁਰਮੀਤ ਬਾਜਵਾ ਜੀ ਦੇ ਦੋਹੜਿਆਂ ਨਾਲ ਕੀਤਾ ਗਿਆ ਜਿਸ ਨੇ ਖ਼ੂਬ ਰੰਗ ਬੰਨ੍ਹਿਆ। ਪਠਾਨਕੋਟ ਦੀ ਸਾਹਿਤ ਸਭਾ ਦੇ ਪ੍ਰਧਾਨ ਸ਼੍ਰੀ ਬੀ ਆਰ ਗੁਪਤਾ ਤੇ ਪ੍ਰਸਿੱਧ ਸ਼ਾਇਰ ਪੂਰਨ ਅਹਿਸਾਨ ਹੋਰਾਂ ਦੇ ਤਰਾਨੁੰਮ ਵਿੱਚ ਪੇਸ਼ ਕੀਤੇ ਕਲਾਮ ਨੇ ਸਭ ਨੂੰ ਕੀਲ ਕੇ ਰੱਖ ਦਿੱਤਾ। ਹਿਮਾਚਲ ਪ੍ਰਦੇਸ਼ ਤੋਂ ਪਹੁੰਚੇ ਸ਼ਾਇਰ ਸੁਭਾਸ਼ ਸਾਹਿਲ ਤੇ ਫ਼ਿਰੋਜ਼ ਆਰੋਜ਼ ਅਤੇ ਸ਼ਾਹਪੁਰ ਕੰਢੀ ਤੋਂ ਪਹੁੰਚੇ ਸੁਨੀਲ ਆਫ਼ਤਾਬ ਤੇ ਦਵਿੰਦਰ ਅੱਤਰੀ ਹੋਰਾਂ ਦੇ ਕਲਾਮ ਨੇ ਕਾਵਿ ਮਹਿਫ਼ਲ ਨੂੰ ਹੋਰ ਵੀ ਹੁਸੀਨ ਬਣਾ ਦਿੱਤਾ। ਡਾ। ਗੁਰਚਰਨ ਗਾਂਧੀ ਸੰਪਾਦਕ 'ਸੂਹੀ ਸਵੇਰ ' ਹੋਰਾਂ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹਾਜ਼ਰੀ ਲਵਾਈ। ਸੂਬਾ ਸਿੰਘ ਖਹਿਰਾ, ਰਾਮ ਕਿਸ਼ੋਰ 'ਰਾਮ', ਰਮਨੀ ਸੁਜਾਨਪੁਰੀ, ਜੁਗਲ ਕਿਸ਼ੋਰ, ਵਿਜੇ ਕੁਮਾਰ, ਰਾਜ ਕੁਮਾਰੀ, ਪ੍ਰੇਮ ਲਾਲ ਆਦਿ ਨੇ ਵੀ ਆਪਣੇ ਕਲਾਮ ਪੇਸ਼ ਕੀਤੇ। ਮਾਸਟਰ ਫਰਤੂਲ ਚੰਦ ਫ਼ੱਕਰ ਹੋਰਾਂ ਨੇ ਆਪਣੀ ਸ਼ਾਇਰਾਨਾ ਹਾਜ਼ਰੀ ਦੇ ਨਾਲ ਆਏ ਮਹਿਮਾਨਾਂ ਤੇ ਭਾਸ਼ਾ ਵਿਭਾਗ ਪੰਜਾਬ ਜ਼ਿਲ੍ਹਾ ਪਠਾਨਕੋਟ ਦਾ ਅਤੇ ਸਕੂਲ ਪ੍ਰਿੰਸੀਪਲ ਹੋਰਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਆਪਣੇ ਮੁਰਸ਼ਦ ਨੂੰ ਸਮਰਪਿਤ ਇਸ ਕਿਤਾਬ ਦੇ ਲੋਕ ਅਰਪਣ ਕਰਕੇ ਅੱਜ ਦੇ ਦਿਨ ਨੂੰ ਭਾਗਾਂ ਵਾਲਾ ਤੇ ਅਭੁੱਲ ਬਣ ਗਿਆ ਕਿਹਾ। ਨਰੇਸ਼ ਨਿਰਗੁਣ ਜੋ ਅੱਜ ਦੇ ਸਮਾਗਮ ਦੇ ਵਿਸ਼ੇਸ਼ ਮਹਿਮਾਨ ਵੀ ਸਨ ਉਨ੍ਹਾਂ ਕਿਹਾ ਕਿ ਫ਼ੱਕਰ ਜੀ ਅਜਿਹੇ ਇਨਸਾਨ, ਸ਼ਾਇਰ ਤੇ ਸਮਾਜ ਸੇਵੀ ਹਨ ਜਿਨ੍ਹਾਂ ਦੀ ਸਮਾਜ ਅਤੇ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਉਨ੍ਹਾਂ ਆਪਣੇ ਦਿਲਕਸ਼ ਅੰਦਾਜ਼ ਵਿੱਚ ਆਪਣੀ ਸ਼ਾਇਰੀ ਰਾਹੀਂ ਹਾਜ਼ਰੀ ਵੀ ਲਗਵਾਈ ਜਿਸ ਨਾਲ ਸਭ ਦਾ ਮਨ ਮੋਹ ਲਿਆ। ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਵਿਨੋਦ ਸ਼ਰਾਫ ਹੋਰਾਂ ਨੇ ਫ਼ੱਕਰ ਹੋਰਾਂ ਦੀ ਸਾਹਿਤਕ ਤੇ ਸਮਾਜਿਕ ਦੇਣ ਬਾਰੇ ਰੋਸ਼ਨੀ ਪਾਉਂਦੇ ਕਿਹਾ ਕਿ ਫ਼ੱਕਰ ਹੋਰਾਂ ਦਾ ਸਮਾਜ ਸੇਵਾ ਤੇ ਸਾਹਿਤ ਦੇ ਖੇਤਰ ਵਿੱਚ ਬਹੁਤ ਵੱਡਾ ਨਾਂ ਹੈ ਤੇ ਉਹ ਆਪਣੇ ਕੰਮਾਂ ਤੇ ਗੁਣਾਂ ਕਰਕੇ ਇੱਕ ਵਿਅਕਤੀ ਹੁੰਦੇ ਹੋਏ ਵੀ ਸੰਸਥਾ ਬਣ ਗਏ ਹਨ। ਉਨ੍ਹਾਂ ਅੱਜ ਦੇ ਇਸ ਸਫ਼ਲ ਸਮਾਗਮ ਦੇ ਮੌਕੇ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਕਿਹਾ ਕਿ ਇਹ ਨਾਯਾਬ ਕਿਤਾਬ ਦਾ ਵਿਮੋਚਨ ਅਤੇ ਅੱਜ ਦਾ ਮੁਸ਼ਾਇਰਾ ਉਨ੍ਹਾਂ ਲਈ ਹਮੇਸ਼ਾ ਲਈ ਯਾਦਗਾਰੀ ਤੇ ਅਭੁੱਲ ਬਣ ਗਿਆ ਹੈ। ਇਸ ਸਮਾਰੋਹ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ ਤੋਂ ਖੋਜ ਅਫ਼ਸਰ ਰਾਜੇਸ਼ ਕੁਮਾਰ, ਸ਼ਿਵ ਕੁਮਾਰ, ਰਾਮੇਸ਼ ਕੁਮਾਰ,ਰੇਖਾ ਤੋਂ ਰੇਨੂੰ ਅਤੇ ਪਿੰਡ ਦੇ ਹੋਣਹਾਰ ਨੌਜਵਾਨ ਯੁਵਰਾਜ ਹੋਰਾਂ ਦੀ ਹਾਜ਼ਰੀ ਵੀ ਵਿਸ਼ੇਸ਼ ਰਹੀ।ਮੰਚ ਸੰਚਾਲਕ ਰਮਨ ਕੁਮਾਰ ਹੋਰਾਂ ਦੇ ਸ਼ਾਇਰਾਨਾ ਅੰਦਾਜ਼ ਵਿੱਚ ਕੀਤੇ ਮੰਚ ਸੰਚਾਲਨ ਨੂੰ ਸਭ ਵੱਲੋਂ ਖ਼ੂਬ ਸਲਾਹਿਆ ਗਿਆ।



# ਇਤਿਹਾਸ ਨੂੰ ਪੁੱਠਾ ਗੇੜਾ- ਕਾਮਿਆਂ ਦੀ ਦਿਹਾੜੀ 8 ਘੰਟੇ ਤੋਂ 12 ਘੰਟੇ ਤੱਕ ਕਰਨ ਦਾ ਯਤਨ



ਗੁਰਮੀਤ ਪਲਾਹੀ
91-98158-02070

ਇਤਿਹਾਸ ਨੂੰ ਪੁੱਠਾ ਗੇੜਾ ਦਿੰਦਿਆਂ ਭਾਰਤ ਦੇ ਸਰਹੱਦੀ ਸੂਬੇ ਪੂਰਬੀ ਪੰਜਾਬ ਦੀ 'ਆਪ' ਸਰਕਾਰ ਨੇ 20 ਸਤੰਬਰ 2023 ਨੂੰ ਫੈਕਟਰੀ 1948 ਐਕਟ 'ਚ ਸੋਧ ਕਰਦਿਆਂ ਇੱਕ ਨੋਟੀਫੀਕੇਸ਼ਨ ਜਾਰੀ ਕੀਤਾ ਹੈ, ਜਿਸ ਅਨੁਸਾਰ ਕਾਨੂੰਨੀ ਤੌਰ 'ਤੇ ਹੁਣ ਕਾਮਿਆਂ ਤੋਂ 8 ਘੰਟਿਆਂ ਤੋਂ ਅੱਗੇ ਹੋਰ, ਚਾਰ ਘੰਟੇ ਉਵਰ ਟਾਈਮ ਕਰਵਾਇਆ ਜਾ ਸਕਦਾ ਹੈ। ਇਸ ਨੋਟੀਫੀਕੇਸ਼ਨ ਤੋਂ ਇੱਕ ਹਫ਼ਤਾ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੇ ਸਨੱਅਤਕਾਰਾਂ ਨਾਲ ਮੀਟਿੰਗ ਕੀਤੀ ਸੀ। ਪੰਜਾਬ ਤੋਂ ਪਹਿਲਾਂ ਰਾਜਸਥਾਨ, ਤਾਮਿਲਨਾਡੂ, ਕਰਨਾਟਕ ਸੂਬਿਆਂ 'ਚ ਇਹ ਕਾਨੂੰਨ ਲਾਗੂ ਕੀਤਾ ਜਾ ਚੁੱਕਾ ਹੈ। ਹੁਣ ਇੱਕ ਕਾਮੇ ਤੋਂ 48 ਘੰਟੇ ਹਫ਼ਤੇ ਦੀ ਥਾਂ 60 ਘੰਟੇ ਹਫ਼ਤਾ ਕੰਮ ਲਿਆ ਜਾ ਸਕਦਾ ਹੈ। ਸਚਮੁੱਚ ਮੌਜੂਦਾ ਆਪ ਸਰਕਾਰ ਦਾ ਇਹ ਅਲੋਕਾਰਾ ਕਾਰਨਾਮਾ ਹੈ।

ਦੁਪਹਿਰ ਦੇ ਭੋਜਨ ਵਗੈਰਾ ਦਾ ਸਮਾਂ ਵੱਧ ਤੋਂ ਵੱਧ ਇੱਕ ਘੰਟਾ ਹੋ ਸਕਦਾ ਹੈ। ਇਸ ਤਰ੍ਹਾਂ ਵੱਧ ਤੋਂ ਵੱਧ 'ਸਪਰੈਡ ਓਵਰ ਟਾਈਮ' (ਮਜਦੂਰ ਦੇ ਕੰਮ ਥਾਂ 'ਤੇ ਰਹਿਣ ਦਾ ਵੱਧ ਤੋਂ ਵੱਧ ਸਮਾਂ) 13 ਘੰਟੇ ਹੋ ਸਕਦਾ ਹੈ ਜੋ ਪਹਿਲਾਂ 10.5 ਘੰਟੇ ਸੀ। ਇਸਦੇ ਨਾਲ਼ ਹੀ ਇੱਕ ਤਿਮਾਹੀ ਵਿੱਚ ਪਹਿਲਾਂ ਜਿੱਥੇ ਓਵਰ ਟਾਈਮ ਕੰਮ ਦੇ ਘੰਟੇ 75 ਹੋ ਸਕਦੇ ਸਨ ਹੁਣ ਵਧਾ ਕੇ 115 ਕਰ ਦਿੱਤੇ ਗਏ ਹਨ। ਨੋਟੀਫੀਕੇਸ਼ਨ ਅਨੁਸਾਰ ਕਾਮਿਆਂ ਤੋਂ ਲਗਾਤਾਰ ਹਫ਼ਤੇ 'ਚ ਸੱਤੇ ਦਿਨ ਓਵਰ ਟਾਈਮ ਨਹੀਂ ਲਿਆ ਜਾ ਸਕਦਾ। ਇਸ ਤੋਂ ਪਹਿਲਾਂ ਪਿਛਲੀ ਕੈਪਟਨ ਸਰਕਾਰ ਨੇ ਲੌਕਡਾਊਨ ਦੌਰਾਨ ਇੱਕ ਤਿਮਾਹੀ ਦੌਰਾਨ ਵੱਧ ਤੋਂ ਵੱਧ ਓਵਰਟਾਈਮ ਘੰਟਿਆਂ ਦੀ ਗਿਣਤੀ 50 ਤੋਂ ਵਧਾ ਕੇ 75 ਕਰ ਦਿੱਤੀ ਸੀ।

ਯਾਦ ਰਹੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਸੰਨ 1864 ਵਿੱਚ ਇਕੱਠੇ ਹੋਕੇ ਕਾਮਿਆਂ ਨੇ ਹੋਰ ਮੰਗਾਂ ਦੇ ਨਾਲ-ਨਾਲ ਰੋਜ਼ਾਨਾ ਕੰਮ ਦਾ ਸਮਾਂ 12 ਤੋਂ 14 ਘੰਟੇ ਪ੍ਰਤੀ ਦਿਨ ਤੋਂ 8 ਘੰਟੇ ਕਰਨ ਦੀ ਮੰਗ ਕੀਤੀ ਸੀ।

ਉਂਜ ਪਹਿਲੋ-ਪਹਿਲ ਕਾਮਿਆਂ ਲਈ ਦਿਨ 'ਚ 10 ਘੰਟੇ ਕੰਮ ਦੀ ਮੰਗ 19ਵੀਂ ਸਦੀ 'ਚ ਸਨੱਅਤੀ ਇਨਕਲਾਬ ਵੇਲੇ ਰੋਬਰਟ ਓਵਨ ਨੇ 1810 'ਚ ਕੀਤੀ ਸੀ। ਬਾਅਦ 'ਚ ਇਹੋ ਮੰਗ 8 ਘੰਟੇ ਪ੍ਰਤੀ ਦਿਨ 'ਚ 1817 'ਚ ਤਬਦੀਲ ਹੋਈ ਅਤੇ ਨਾਹਰਾ ਬਣਿਆ, "ਅੱਠ ਘੰਟੇ ਕੰਮ, ਅੱਠ ਘੰਟੇ ਆਰਾਮ, ਅੱਠ ਘੰਟੇ ਪਰਿਵਾਰ, ਦੋਸਤਾਂ ਨਾਲ ਮੌਜ ਮਸਤੀ"। ਇਸ ਮੰਗ ਲਈ ਅੰਦੋਲਨ ਚੱਲਿਆ। ਪਹਿਲੀ ਮਈ 1867 ਨੂੰ ਅਮਰੀਕਾ 'ਚ ਮਜ਼ਦੂਰ ਸੰਗਠਨਾਂ ਨੇ ਸ਼ਿਕਾਗੋ ਦੇ ਹੇਮਾਕੈਂਟ ਚੌਰਾਹੇ 'ਤੇ ਸ਼ਾਂਤੀਪੂਰਵਕ ਰੈਲੀ ਕੱਢੀ।

ਇਸ ਰੈਲੀ 'ਚ ਕਿਸੇ ਨੇ ਬੰਬ ਧਮਾਕਾ ਕਰ ਦਿੱਤਾ ਅਤੇ ਉਸ ਸਮੇਂ ਮਜ਼ਦੂਰਾਂ 'ਚ ਭਗਦੜ ਮਚ ਗਈ। ਇਸ ਭੀੜ ਨੂੰ ਕਾਬੂ ਕਰਨ ਲਈ ਪੁਲਿਸ ਨੇ ਗੋਲੀਆਂ ਚਲਾਈਆਂ। ਕਈ ਮਜ਼ਦੂਰਾਂ ਦੀ ਜਾਨ ਚਲੀ ਗਈ। ਇਸ ਕਾਂਡ ਤੋਂ ਬਾਅਦ ਅੱਠ ਘੰਟੇ ਕੰਮ ਦਾ ਨਿਯਮ ਬਣਿਆ। ਪਰ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਕਾਰਖ਼ਾਨਿਆਂ ਵਿੱਚ ਮਜ਼ਦੂਰਾਂ ਤੋਂ 10 ਤੋਂ 16 ਘੰਟੇ ਕੰਮ ਕਰਵਾਇਆ ਜਾਂਦਾ ਰਿਹਾ ਅਤੇ ਹਫ਼ਤੇ 'ਚ 6 ਦਿਨ ਕੰਮ ਲਿਆ ਜਾਂਦਾ ਰਿਹਾ। ਬਾਲ ਮਜ਼ਦੂਰੀ ਵੀ ਕਰਵਾਈ ਜਾਂਦੀ ਰਹੀ। ਪਹਿਲੀ ਮਈ ਮਜ਼ਦੂਰਾਂ ਲਈ ਪਵਿੱਤਰ ਦਿਨ ਬਣਿਆ, ਮਜ਼ਦੂਰ ਦਿਵਸ। 25 ਸਤੰਬਰ 1926 ਨੂੰ ਫੋਰਡ ਕੰਪਨੀ ਨੇ ਪਹਿਲੀ ਵੇਰ 8 ਘੰਟੇ ਦਾ ਨਿਯਮ ਅਤੇ ਕੁੱਲ 40 ਘੰਟੇ ਦਾ ਹਫ਼ਤਾ ਤਹਿ ਕੀਤਾ। ਉਜਰਤ ਵੀ ਦੋਗਣੀ ਕਰ ਦਿੱਤੀ। ਦੋ ਸਾਲਾਂ 'ਚ ਇਸ ਕੰਪਨੀ ਨੇ ਦੋਗੁਣਾ ਮੁਨਾਫ਼ਾ ਖੱਟਿਆ । ਹੌਲੀ-ਹੌਲੀ ਦੁਨੀਆ ਵਿੱਚ ਇਹ ਨਿਯਮ ਚਲਣ ਲੱਗਿਆ।

ਭਾਰਤ ਵਿੱਚ ਆਜ਼ਾਦੀ ਉਪਰੰਤ ਮਜ਼ਦੂਰਾਂ ਦੀ ਭਲਾਈ ਲਈ ਫੈਕਟਰੀ ਐਕਟ 1948 'ਚ ਬਣਿਆ। ਫੈਕਟਰੀ ਐਕਟ 1948 ਦੇ ਅਨੁਸਾਰ ਇੱਕ ਬਾਲਗ ਵਿਅਕਤੀ (18 ਸਾਲ ਦੀ ਉਮਰ ਪੂਰਾ ਕਰ ਚੁੱਕਾ) ਤੋਂ ਇੱਕ ਹਫ਼ਤੇ 'ਚ 48 ਘੰਟੇ ਤੋਂ ਜ਼ਿਆਦਾ ਕੰਮ ਨਹੀਂ ਕਰਵਾਇਆ ਜਾ ਸਕਦਾ। ਉਸ ਤੋਂ ਇੱਕ ਦਿਨ ਵਿੱਚ 9 ਘੰਟੇ ਤੋਂ ਜ਼ਿਆਦਾ ਕੰਮ ਵੀ ਨਹੀਂ ਕਰਵਾਇਆ ਜਾ ਸਕਦਾ। ਇਸ ਐਕਟ ਅਨੁਸਾਰ ਜੇਕਰ 8 ਘੰਟੇ ਤੋਂ ਬਾਅਦ ਦੋ ਘੰਟੇ ਵੱਧ ਕੰਮ ਕਾਮੇ ਤੋਂ ਲੈਣਾ ਹੈ ਤਾਂ ਉਸ ਸਮੇਂ ਦੀ ਉਜਰਤ ਮਾਲਕ ਵਲੋਂ ਦੁਗਣੀ ਅਦਾ ਕੀਤੀ ਜਾਵੇਗੀ। ਸਨੱਅਤਕਾਰਾਂ ਵੱਲੋਂ ਕੰਮ ਦੇ ਘੰਟਿਆਂ ਸਬੰਧੀ ਨਿਯਮ-ਕਨੂੰਨਾਂ ਦੀ ਉਲੰਘਣਾ ਕਰਦੇ ਹੋਏ ਪਹਿਲਾਂ ਹੀ ਜਿਆਦਾਤਰ ਥਾਵਾਂ ਉੱਤੇ ਮਜਦੂਰਾਂ ਤੋਂ ਰੋਜਾਨਾ ਤਿੰਨ-ਤਿੰਨ, ਚਾਰ-ਚਾਰ ਘੰਟੇ ਓਵਰਟਾਈਮ ਕਰਵਾਇਆ ਜਾਂਦਾ ਹੈ। ਓਵਰਟਾਈਮ ਕੰਮ ਦੇ ਕਨੂੰਨ ਮੁਤਾਬਿਕ ਦੁੱਗਣਾ ਭੁਗਤਾਨ ਨਹੀਂ ਕੀਤਾ ਜਾਂਦਾ। ਅੱਠ ਘੰਟੇ ਕੰਮ ਦੀ ਬਹੁਤ ਘੱਟ ਤਨਖਾਹ ਹੋਣ ਕਾਰਨ ਮਜਦੂਰਾਂ ਨੂੰ ਵੀ ਮਜਬੂਰੀ 'ਚ ਓਵਰਟਾਈਮ ਕੰਮ ਕਰਨਾ ਪੈਂਦਾ ਹੈ। ਬੋਨਸ, ਈਐਸਆਈ, ਈਪੀਐਫ ਜਿਹੇ ਅਨੇਕਾਂ ਲਾਭ ਕਾਮਿਆਂ ਨੂੰ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ।

ਭਾਰਤ ਵਿੱਚ ਅੱਠ ਘੰਟੇ ਕੰਮ ਦੀ ਮੰਗ ਡਾ: ਭੀਮ ਰਾਓ ਅੰਬੇਦਕਰ ਨੇ ਸਾਲ 1942 'ਚ ਉਠਾਈ । ਡਾ: ਅੰਬੇਦਕਰ ਜਿਹਨਾ ਦੇ ਕਦਮ ਚਿੰਨ੍ਹਾਂ 'ਤੇ ਮੌਜੂਦਾ 'ਆਪ' ਸਰਕਾਰ ਦੇ ਹਾਕਮ ਚੱਲਣ ਦੀ ਗੱਲ ਕਰਦੇ ਹਨ ਅਤੇ ਸ਼ਹੀਦੇ-ਆਜ਼ਮ-ਭਗਤ ਸਿੰਘ ਦੀ ਸੋਚ ਦੇ ਪਹਿਰੇਦਾਰ ਹੋਣ ਦਾ ਦਮ ਭਰਦੇ ਹਨ, ਜੋ ਮਜ਼ਦੂਰ ਕਾਮਿਆਂ ਦਾ ਪੱਕਾ ਹਿਮੈਤੀ ਸੀ। ਉਸੇ "ਆਪ ਸਰਕਾਰ" ਨੇ ਆਖ਼ਰ ਸੂਬੇ ਪੰਜਾਬ 'ਚ ਸਨੱਅਤਕਾਰਾਂ ਦੀ ਉਸ ਮੰਗ ਨੂੰ ਸਨੱਅਤਕਾਰਾਂ ਵਲੋਂ ਪੰਜਾਬ 'ਚ ਸਨਅਤਾਂ ਲਗਾਉਣਾ ਪ੍ਰਵਾਨ ਕਰਦਿਆਂ ਹਾਮੀ ਕਿਉਂ ਭਰੀ ਅਤੇ ਨਵਾਂ ਕਨੂੰਨ ਲਾਗੂ ਕਿਉਂ ਕੀਤਾ? ਸਨੱਅਤਕਾਰ ਕਹਿ ਰਹੇ ਸਨ ਕਿ ਪੰਜਾਬ 'ਚ ਕਾਮਿਆਂ ਦੀ ਕਮੀ ਹੈ ਤੇ ਕੰਮ ਦੇ ਘੰਟੇ 8 ਤੋਂ 12 ਘੰਟੇ ( 8 ਘੰਟੇ ਕੰਮ ਦੀ ਦਿਹਾੜੀ ਅਤੇ ਚਾਰ ਘੰਟੇ ਤੱਕ ਓਵਰ ਟਾਈਮ) ਹੋਣੇ ਚਾਹੀਦੇ ਹਨ। ਇਹ 'ਆਪ ਸਰਕਾਰ' ਦਾ ਸਨੱਅਤਕਾਰਾਂ ਨਾਲ ਯਾਰੀ ਨਿਭਾਉਣ ਦਾ ਵੱਡਾ ਕਾਰਨਾਮਾ ਹੈ। ਇਸ ਕਿਸਮ ਦੀ ਕਾਰਵਾਈ ਅਤੇ ਕਾਮਿਆਂ ਪ੍ਰਤੀ ਵਰਤਾਰਾ ਕੀ ਇਨਕਲਾਬੀ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਖੁੰਢਾ ਕਰਨ ਅਤੇ ਉਹਨਾ ਦੇ ਆਦਰਸ਼ਾਂ ਨੂੰ ਪਿੱਠ ਦਿਖਾਉਣ ਸਮਾਨ ਨਹੀਂ ਹੈ। ਉਂਜ ਪਹਿਲੀ ਮਈ 2023 ਨੂੰ ਮਜ਼ਦੂਰ ਦਿਹਾੜੇ 'ਤੇ 'ਆਪ ਸਰਕਾਰ' ਨੇ ਛੁੱਟੀ ਦਾ ਐਲਾਨ ਕੀਤਾ। ਮਜ਼ਦੂਰਾਂ ਲਈ ਵੱਡਾ ਪਰਉਪਕਾਰੀ ਕੰਮ ਕਰਨ ਦਾ ਛੁੱਟੀ ਦੇ ਕੇ ਵੱਡਾ ਦਾਅਵਾ ਕੀਤਾ।



ਵਿਸ਼ਵ 'ਚ ਕਾਮਿਆਂ ਦੇ ਹਾਲਾਤ ਸਬੰਧੀ ਇੱਕ ਰਿਪੋਰਟ ਛਪੀ ਹੈ। ਉਸ ਅਨੁਸਾਰ ਸਭ ਤੋਂ ਵੱਧ ਕੰਮ ਭਾਰਤ ਵਿੱਚ ਕਾਮਿਆਂ ਤੋਂ ਲਿਆ ਜਾਂਦਾ ਹੈ ਅਤੇ ਉਹਨਾ ਨੂੰ ਉਜਰਤ ਦੁਨੀਆ 'ਚ ਸਭ ਤੋਂ ਘੱਟ ਮਿਲਦੀ ਹੈ। ਔਰਤ ਕਾਮਿਆਂ ਦੀ ਉਜਰਤ ਤਾਂ ਹੋਰ ਵੀ ਘੱਟ ਹੈ।

ਭਾਰਤ ਵਿੱਚ 92 ਫੀਸਦੀ ਕਾਮੇ (ਗੈਰ ਸੰਗਠਿਤ) ਖੇਤਰ 'ਚ ਅਤੇ ਸਿਰਫ਼ 8 ਫੀਸਦੀ ਸੰਗਠਿਤ ਖੇਤਰ 'ਚ ਕੰਮ ਕਰਦੇ ਹਨ। ਗੈਰ ਸੰਗਠਿਤ ਕਾਮਿਆਂ ਦੀ ਹਾਲਤ ਤਾਂ ਪਹਿਲਾਂ ਹੀ ਬਹੁਤ ਭੈੜੀ ਹੈ। ਘਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ, ਸੈਕਸ ਵਰਕਰਾਂ, ਰੇਹੜੀ, ਰਿਕਸ਼ਾ ਚਾਲਕ ਆਦਿ ਦੇ ਹਾਲਤ ਕੰਮ ਦੇ ਘੰਟੇ 'ਚ ਮਿੱਥੇ ਹੀ ਨਹੀਂ ਜਾ ਸਕਦੇ। ਉਹਨਾ ਕਾਮਿਆਂ ਦੇ ਘੰਟਿਆਂ ਦੀ ਤਾਂ ਗਿਣਤੀ-ਮਿਣਤੀ ਹੀ ਕੋਈ ਨਹੀਂ, ਜਿਹੜੇ ਜਾਬ ਵਰਕ,ਪੀਸ ਰੇਟ 'ਤੇ ਕੰਮ ਕਰਦੇ ਹਨ। ਭੱਠਿਆਂ 'ਤੇ ਕੰਮ ਕਰਨ ਵਾਲਿਆਂ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ। ਸੜਕਾਂ ਉਤੇ ਲੁੱਕ ਪਾਉਣ ਵਾਲੇ ਵਰਕਰ ਤਾਂ ਕੰਮ ਦੇ ਘੰਟਿਆਂ ਪ੍ਰਤੀ ਅਤੇ ਉਜਰਤ ਪ੍ਰਤੀ ਅਤਿ ਪੀੜਤ ਹਨ।

ਹਰ ਇਨਸਾਨ ਨੂੰ ਆਰਾਮ ਚਾਹੀਦਾ ਹੈ। ਕਾਮੇ ਵੀ ਇਨਸਾਨ ਹਨ। ਜੇਕਰ ਕੰਮ ਦੇ ਘੰਟੇ ਨੀਅਤ ਨਾ ਹੋਣ ਅਤੇ ਕੋਈ ਨਿਯਮ ਲਾਗੂ ਹੀ ਨਾ ਹੋਵੇ ਤਾਂ ਕੰਪਨੀਆਂ ਵਾਲੇ 10 ਘੰਟੇ ਤੋਂ 16 ਘੰਟੇ ਤੱਕ ਕੰਮ ਕਰਵਾਉਣਗੇ। ਬੈਂਕਾਂ 'ਚ ਹਾਲਾਤ ਤਾਂ ਸੱਚਮੁਚ ਭੈੜੇ ਹਨ। ਬੈਂਕ ਮੁਲਾਜ਼ਮ 12 ਘੰਟੇ ਤੋਂ ਘੱਟ ਕੰਮ ਨਹੀਂ ਕਰਦੇ। ਡਰਾਇਵਰਾਂ ਦਾ ਸਮਾਂ ਤਾਂ ਨੀਅਤ ਹੀ ਨਹੀਂ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਇਨਸਾਨ ਕੰਮ ਹੀ ਕਰਦਾ ਰਹੇਗਾ ਤਾਂ ਉਹ ਜ਼ਿੰਦਗੀ ਦੀਆਂ ਖੁਸ਼ੀਆਂ ਅਤੇ ਆਦਰਸ਼ਾਂ ਤੋਂ ਪੂਰੀ ਤਰ੍ਹਾਂ ਲਾਂਭੇ ਹੋ ਜਾਏਗਾ। ਆਰਾਮ ਨਾ ਮਿਲਣ ਕਾਰਨ ਉਨੀਂਦਰੇ ਦਾ ਸ਼ਿਕਾਰ ਹੋਏਗਾ, ਬੀਮਾਰੀਆਂ ਉਸਨੂੰ ਘੇਰ ਲੈਣਗੀਆਂ। ਉਸ ਦਾ ਸੁੱਖ ਚੈਨ ਸਭ ਖ਼ਤਮ ਹੋ ਜਾਏਗਾ।

ਪੰਜਾਬ ਸਰਕਾਰ ਵਲੋਂ ਚੁਪ-ਚੁਪੀਤੇ ਫੈਕਟਰੀ ਐਕਟ 1948 'ਚ ਸੋਧ ਕਰ ਦਿੱਤੀ ਗਈ। ਸਨੱਅਤਕਾਰਾਂ ਅੱਗੇ ਆਤਮ ਸਮਰਪਨ ਕਰ ਦਿੱਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਸ ਮਾਮਲੇ ਉਤੇ ਚੁੱਪੀ ਸਾਧਕੇ ਬੈਠੀਆਂ ਰਹੀਆਂ। ਬੁੱਧੀਜੀਵੀ ਵਰਗ ਨੇ ਇਸਦੇ ਵਿਰੋਧ 'ਚ ਕਲਮ ਨਹੀਂ ਉਠਾਈ। ਚੈਨਲਾਂ,ਅਖ਼ਬਾਰਾਂ 'ਚ ਇਹ ਖ਼ਬਰ ਸੁਰੱਖੀਆਂ 'ਚ ਨਹੀਂ ਆਈ। ਮਜ਼ਦੂਰ ਟਰੇਡ ਯੂਨੀਅਨਾਂ ਆਖ਼ਿਰ ਇਸ ਮਾਮਲੇ 'ਤੇ ਚੁੱਪ ਕਿਉਂ ਰਹੀਆਂ? ਮੁਲਾਜ਼ਮ ਜੱਥੇਬੰਦੀਆਂ ਬੋਲ-ਕੁਸਕ ਕਿਉਂ ਨਹੀਂ ਰਹੀਆਂ? ਕੀ ਇਹ ਕਾਮੇ ਮਨੁੱਖ ਨਹੀਂ ਹਨ? ਉਹਨਾ ਦੀ ਕਿਰਤ ਅਤੇ ਉਹਨਾ ਦੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ ਹੈ? ਉਹਨਾ ਦੇ ਹੱਕ ਲਈ ਉਹਨਾ ਦੇ ਹਿਮਾਇਤੀ ਸਾਜ਼ਿਸ਼ੀ ਚੁੱਪੀ ਕਿਉਂ ਵੱਟ ਗਏ?

ਪੰਜਾਬ ਸਰਕਾਰ ਕੋਲੋਂ ਇਹ ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਸਰਕਾਰ ਨਵੇਂ ਕਲੀਨਿਕ ਖੋਲ੍ਹਦੀ ਹੈ ਤਾਂ ਪਰਚਾਰ ਪੂਰੇ ਦੇਸ਼ 'ਚ ਹੁੰਦਾ ਹੈ। ਸਿੱਖਿਆ ਲਈ ਕੋਈ ਨਵਾਂ ਸਕੂਲ ਖੋਲ੍ਹਦੀ ਹੈ, ਉਸਦੀ ਚਰਚਾ ਇਸ਼ਤਿਹਾਰਾਂ ਰਾਹੀਂ ਹੁੰਦੀ ਹੈ, ਬੋਰਡ ਟੰਗੇ ਜਾਂਦੇ ਹਨ, ਫੋਟੋ ਲਗਾਈਆਂ ਜਾਂਦੀਆਂ ਹਨ। ਪਰ ਮਜ਼ਦੂਰਾਂ ਲਈ ਕੀਤੇ ਇਸ "ਪਰਉਪਕਾਰੀ ਕੰਮ" ਲਈ ਚੁੱਪੀ ਖਟਕਦੀ ਹੈ। ਇਹ ਕਾਨੂੰਨ ਪਾਸ ਕਰਨਾ ਕੀ ਸਰਕਾਰ ਦੀ ਕੋਈ ਮਜ਼ਬੂਰੀ ਹੈ? ਕੀ ਪੰਜਾਬ ਦੀ ਸਰਕਾਰ, ਕੇਂਦਰ ਸਰਕਾਰ ਦਾ ਹੱਥ ਠੋਕਾ ਬਣਕੇ ਉਹ ਸਾਰੇ ਲੋਕ ਵਿਰੋਧੀ ਕਾਨੂੰਨ ਲਾਗੂ ਕਰਕੇ ਧੰਨ ਕੁਬੇਰਾਂ ਪੱਖੀ, ਕਾਰਪੋਰੇਟਾਂ ਦੀ ਹਿਮਾਇਤੀ ਕੇਂਦਰ ਸਰਕਾਰ ਤੋਂ ਸ਼ਾਬਾਸ਼ ਲੈਣਾ ਚਾਹੁੰਦੀ ਹੈ?

ਦੇਸ਼ 'ਚ ਕਿਸਾਨ ਵਿਰੋਧੀ ਕਾਨੂੰਨ ਬਣੇ। ਪੰਜਾਬ ਦੇ ਕਿਸਾਨਾਂ ਨੇ ਇਹਨਾ ਕਾਨੂੰਨਾਂ ਵਿਰੁੱਧ ਕੀਤੇ ਵਿਸ਼ਾਲ ਤੇ ਲੰਮੇ ਚੱਲੇ ਅੰਦੋਲਨ 'ਚ ਅਗਵਾਈ ਕੀਤੀ, ਕੇਂਦਰੀ ਹਾਕਮਾਂ ਨੂੰ ਗੋਡੇ ਟੇਕਣੇ ਪਏ। ਆਪ ਮੁਹਾਰੇ ਲੋਕ ਇਸ ਅੰਦੋਲਨ ਦਾ ਅੰਗ ਬਣੇ।

ਹੁਣ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਮਾਮਲੇ 'ਚ ਇੱਕ ਵਿਸ਼ਾਲ ਇਕੱਠ ਰਾਮ ਲੀਲਾ ਮੈਦਾਨ 'ਚ ਹੋਇਆ। ਦੇਸ਼ ਵਿਆਪੀ ਇਹ ਇੱਕ ਲਹਿਰ ਬਣਦੀ ਜਾਪਦੀ ਹੈ, ਟਰੇਡ ਯੂਨੀਅਨਾਂ, ਮਜ਼ਦੂਰ ਜੱਥੇਬੰਦੀਆਂ ਗਾਇਬ ਹਨ, ਪਰ ਵਿਰੋਧੀ ਸਿਆਸੀ ਧਿਰਾਂ ਇਸਦੀ ਹਿਮਾਇਤ ਕਰਨ ਲੱਗੀਆਂ ਹਨ।

ਤਾਂ ਫਿਰ ਕਾਮਿਆਂ ਦਾ ਲਹੂ ਪੀਣ ਲਈ ਬਣਾਏ ਇਸ ਫੈਕਟਰੀ ਐਕਟ 1948 'ਚ ਸੋਧ ਕਰਕੇ 8 ਘੰਟੇ ਦਿਹਾੜੀ ਤੇ ਚਾਰ ਘੰਟੇ ਤੱਕ ਓਵਰ ਟਾਈਮ ਅਤੇ ਹਫਤੇ ਦੇ 48 ਘੰਟੇ ਤੋਂ 60 ਘੰਟੇ ਕਰਨ ਦਾ ਵਿਆਪਕ ਵਿਰੋਧ ਕਿਉਂ ਨਹੀਂ? ਸੂਬਾ ਸਰਕਾਰ ਨੇ ਮਜ਼ਦੂਰਾਂ ਵਲੋਂ ਡੇਢ ਸੌ ਸਾਲ ਪਹਿਲਾਂ ਲੜੀ ਲੜਾਈ 'ਚ ਕੀਤੀ ਪਰਾਪਤੀ ਨੂੰ ਪਿਛਲਖੁਰੀ ਤੋਰ ਦਿੱਤਾ ਹੈ। ਲੋਕਾਂ ਨੇ ਸਵਾਲ ਪੁਛਣੇ ਸ਼ੁਰੂ ਕਰ ਦਿੱਤੇ ਹਨ, ਕੀ ਇਹੀ ਹੈ ਬਦਲਾਅ! ਕੀ ਆਮ ਆਦਮੀ ਦੀ ਪਾਰਟੀ 'ਆਪ' "ਖਾਸ ਆਦਮੀਆਂ" ਸਰਮਾਏਦਾਰਾਂ ਨਾਲ ਯਾਰੀ ਪੁਗਾਉਣ ਦੇ ਰਾਹ ਤੁਰ ਪਈ ਹੈ?

ਯਾਦ ਰਹੇ ਐਕਟ 63 ਆਫ 1948, 23 ਸਤੰਬਰ 1948 ਨੂੰ ਪਾਸ ਹੋਇਆ। ਇਹ ਐਕਟ ਪਹਿਲੀ ਅਪ੍ਰੈਲ 1949 ਨੂੰ ਲਾਗੂ ਹੋਇਆ ਅਤੇ 'ਦੀ ਫੈਕਟਰੀਜ਼ ਐਕਟ-1948 (63 ਆਫ 1948) ਕਹਿਲਾਇਆ। ਇਸ ਐਕਟ ਅਨੁਸਾਰ ਕਾਮਿਆਂ ਲਈ ਕੰਮ ਦੇ ਘੰਟੇ ਪ੍ਰਤੀ ਦਿਨ 8 ਘੰਟੇ ਅਤੇ ਹਫ਼ਤੇ ਦੇ 48 ਘੰਟੇ ਅਤੇ ਇੱਕ ਹਫ਼ਤਾਵਾਰੀ ਛੁੱਟੀ ਨੀਅਤ ਹੋਈ। ਇਸ ਐਕਟ ਵਿੱਚ ਕਾਰਪੋਰੇਟ ਪੱਖੀ ਕੇਂਦਰ ਸਰਕਾਰ ਵਲੋਂ ਸੋਧ ਕੀਤੀ ਗਈ ਅਤੇ ਹੁਣ ਇਹ 'ਦੀ ਫੈਕਟਰੀਜ਼ ਐਕਟ ਸੋਧ ਬਿੱਲ 2016 ਵਜੋਂ ਜਾਣਿਆ ਜਾਂਦਾ ਹੈ।

ਇਸ ਸੋਧ ਅਨੁਸਾਰ ਇਕ ਤਿਮਾਹੀ 'ਚ ਕੰਮ ਦੇ ਵਾਧੂ ਘੰਟੇ (ਓਵਰਟਾਈਮ) ਉਦਯੋਗਪਤੀਆਂ ਦੀ ਮੰਗ ਉਤੇ ਕਰਨ ਦਾ ਪ੍ਰਵਾਧਾਨ ਕਰਨ ਦਾ ਅਧਿਕਾਰ ਰਾਜਾਂ ਨੂੰ ਦਿੱਤਾ ਗਿਆ ਤਾਂ ਕਿ ਉਦਯੋਗਪਤੀ ਆਪਣਾ ਕੰਮ ਜ਼ਰੂਰੀ ਅਧਾਰ 'ਤੇ ਮਜ਼ਦੂਰਾਂ ਤੋਂ ਕਰਵਾ ਸਕਣ।

ਜੇਕਰ ਜ਼ਰੂਰੀ ਹੋਵੇ ਤਾਂ ਇਹ ਘੰਟੇ 115 ਪ੍ਰਤੀ ਤਿਮਾਹੀ ਤੱਕ ਸਨੱਅਤਕਾਰਾਂ ਦੀ ਮੰਗ ਤੇ ਵਧਾਏ ਜਾ ਸਕਦੇ ਹਨ। ਭਾਵ ਹਫ਼ਤਾਵਾਰੀ ਨਿਯਮਤ 48 ਘੰਟੇ ਜਮਾਂ 38 ਘੰਟੇ ਵਾਧੂ ਸਮਾਂ, ਕੁਲ ਮਿਲਾਕੇ 86 ਘੰਟੇ ਭਾਵ 14 ਘੰਟੇ ਤੋਂ ਕੁਝ ਵੱਧ ਰੋਜ਼ਾਨਾ। ਕਿੰਨਾ ਤ੍ਰਾਸਦਿਕ ਹੈ ਇਹ! ਮਨੁੱਖ ਤੇ ਮਸ਼ੀਨ 'ਚ ਆਖ਼ਿਰ ਕੀ ਅੰਤਰ ਰਹਿ ਜਾਏਗਾ।

ਦੇਸ਼ ਵਿੱਚ ਕਾਮਿਆਂ ਦੇ ਹਾਲਾਤ ਸੁਖਾਵੇਂ ਨਹੀਂ। ਬੇਰੁਜ਼ਗਾਰੀ ਦਾ ਦੈਂਤ ਕਾਮਿਆਂ ਲਈ ਜ਼ਿੰਦਗੀ ਦੁੱਭਰ ਕਰ ਰਿਹਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਉਹਨਾ ਦੀ ਭਲਾਈ ਲਈ ਤਤਪਰ ਨਹੀਂ ਹਨ। ਸਮਾਜਿਕ ਸੁਰੱਖਿਆ ਯੋਜਨਾਵਾਂ ਸਮੇਤ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਲਗਭਗ ਠੁਸ ਹੈ।

ਮਗਨਰੇਗਾ ਯੋਜਨਾ ਜੋ ਭਾਰਤ ਦੀ ਪੇਂਡੂ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਵਿਸ਼ਵ ਪ੍ਰਸਿੱਧੀ ਪ੍ਰਾਪਤ ਯੋਜਨਾ ਹੈ, ਪਰ ਉਸ ਵਿੱਚ ਵੀ ਰੁਜ਼ਗਾਰ ਉਜਰਤ ਇੰਨੀ ਘੱਟ ਹੈ ਕਿ ਦੋ ਡੰਗ ਦੀ ਰੋਟੀ ਕਾਮਿਆਂ ਨੂੰ ਮਸਾਂ ਨਸੀਬ ਹੁੰਦੀ ਹੈ। ਢਿੱਡ ਨੂੰ ਝੁਲਕਾ ਦੇਣ ਲਈ ਫਿਰ ਕਾਮਿਆਂ ਨੂੰ ਮਨ ਮਾਰਕੇ ਵੱਧ ਕੰਮ ਕਰਨਾ ਪੈਂਦਾ ਹੈ, ਜਿਹੜਾ ਉਹਨਾ ਲਈ ਜਾਨ ਦਾ ਖੌਅ ਹੋ ਨਿਬੜਦਾ ਹੈ।

ਅਣਸੰਗਠਿਤ ਖੇਤਰ ਦਾ ਮਜ਼ਦੂਰ ਵਰਗ ਪਹਿਲਾਂ ਹੀ ਲੁਟਕਿਆ ਹੋਇਆ ਹੈ। ਸੰਗਠਿਤ ਖੇਤਰ ਦੇ ਕਾਮਿਆਂ ਲਈ ਜੋ ਕਾਨੂੰਨ ਬਣੇ ਹੋਏ ਹਨ, ਉਹਨਾ ਨੂੰ ਸਨੱਅਤਕਾਰਾਂ ਦੀਆਂ ਲੋੜਾਂ ਅਨੁਸਾਰ ਢਾਲਕੇ ਸਰਕਾਰ ਉਹਨਾ ਦੇ ਜੀਵਨ ਦੇ ਰੰਗ ਵੀ ਬੇਰੰਗ ਕਰਨ 'ਤੇ ਤੁਲੀ ਹੋਈ ਵਿਖਾਈ ਦਿੰਦੀ ਹੈ। ਫੈਕਟਰੀਆਂ 'ਚ ਕਾਮਿਆਂ ਲਈ ਸੁਵਿਧਾਵਾਂ ਦੀ ਕਮੀ ਹੈ। ਜਿਹੜੇ ਅਫ਼ਸਰ ਕਾਮਿਆਂ ਦੀ ਭਲਾਈ ਲਈ ਨਿਯੁੱਕਤ ਹਨ, ਉਹ ਮਾਲਕਾਂ ਲਈ ਕੰਮ ਕਰਦੇ ਹਨ।

ਕਾਮਿਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸੰਗਠਿਤ ਲੋਕ ਨੇਤਾਵਾਂ ਦੇ ਯਤਨ, ਤਦੇ ਸਾਰਥਿਕ ਹੋ ਸਕਦੇ ਹਨ ਜੇਕਰ ਕਾਮਾ ਵਰਗ ਆਮ ਸੁਚੇਤ ਹੋ ਕੇ ਅੱਗੇ ਆਵੇ।

# ਜਿਲ੍ਹਾ ਪਠਾਨਕੋਟ ਦੇ 126 ਪਿੰਡਾਂ ਨੂੰ ਪਹਿਲੇ ਫੇਜ ਵਿੱਚ ਕੀਤਾ ਗਿਆ ਓ. ਡੀ.ਐਫ. ਪਲੱਸ: ਡਿਪਟੀ ਕਮਿਸਨਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਦੇ 126 ਪਿੰਡਾਂ ਨੂੰ ਓ।ਡੀ.ਐਫ. ਪਲੱਸ ਕਰ ਦਿੱਤਾ ਗਿਆ ਹੈ ਅਤੇ 30 ਅਕਤੂਬਰ 2023 ਤੱਕ ਜਿਲ੍ਹਾ ਪਠਾਨਕੋਟ ਨੂੰ 50 ਪ੍ਰਤੀਸਤ ਓ।ਡੀ।ਐਫ। ਪਲੱਸ ਕਰ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਅਪਣੇ ਦਫਤਰ ਵਿਖੇ ਵਾਟਰ ਸਪਲਾਈ ਐਂਡ ਸੈਨੀਟੇਸਨ ਵਿਭਾਗ ਪਠਾਨਕੋਟ ਦੀ ਇੱਕ ਮੀਟਿੰਗ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ(ਵਿਕਾਸ), ਬੁੱਧੀ ਰਾਜ ਸਿੰਘ ਜਿਲ੍ਹਾ ਪ੍ਰੀਸਦ ਸਕੱਤਰ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸਨ ਪਠਾਨਕੋਟ, ਬੀ।ਡੀ।ਓ। ਨੀਰੂ ਬਾਲਾ, ਹਰਪ੍ਰੀਤ ਸਿੰਘ, ਰਾਜਵਿੰਦਰ ਕੌਰ, ਪਵਨਪ੍ਰੀਤ ਕੌਰ, ਜਸਬੀਰ ਕੌਰ, ਅਜੈ ਕੁਮਾਰ, ਧੀਰਜ ਡੋਗਰਾ ਐਸ।ਡੀ।ਓ। ਵਾਟਰ ਸਪਲਾਈ ਸੈਨੀਟੇਸਨ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਹਾਜਰ ਸਨ।



ਮੀਟਿੰਗ ਦੋਰਾਨ ਸੰਬੋਧਤ ਕਰਦਿਆਂ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਜਿਲ੍ਹਾ ਪਠਾਨਕੋਟ ਵਿੱਚ 421 ਪੰਚਾਇਤਾਂ ਹਨ ਜਿਸ ਅਧੀਨ 364 ਪਿੰਡ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਪਠਾਨਕੋਟ ਅਧੀਨ ਆਉਂਦੇ ਇਨ੍ਹਾਂ ਪਿੰਡਾਂ ਵਿੱਚੋਂ 126 ਪਿੰਡਾਂ ਨੂੰ ਪਹਿਲੇ ਫੇਜ ਵਿੱਚ ਓ।ਡੀ।ਐਫ। ਪਲੱਸ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਵੱਛ ਭਾਰਤ ਮੂਹਿੰਮ ਅਧੀਨ ਸਭ ਤੋਂ ਪਹਿਲੇ ਫੇਜ (ਅਸਪਾਈਰਿੰਗ) ਵਿੱਚ ਸੋਲਿਡ ਵੇਸਟ ਮੈਨੇਜਮੈਂਟ ਜਾਂ ਲਿਉਕਿੱਡ ਵੇਸਟ ਮੈਨਜਮੈਂਟ ਬਣਿਆ ਹੋਣਾ ਚਾਹੀਦਾ ਹੈ ਅਤੇ ਸਵੱਛ ਭਾਰਤ ਮੂਹਿੰਮ ਅਧੀਨ ਦੂਸਰੇ ਫੇਜ (ਰਾਈਜਿੰਗ) ਵਿੱਚ ਸੋਲਿਡ /ਲਿਊਕਿਡ ਵੇਸਟ ਮੈਨਜਮੈਂਟ ਦੋਨੋ ਬਣ ਕੇ ਤਿਆਰ ਹੋਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਤੀਸਰੇ ਫੇਜ (ਮਾਡਲ ) ਅੰਦਰ ਪਿੰਡ ਵਿੱਚ ਸਾਫ ਸਫਾਈ, ਆਂਗਣਬਾੜੀ ਵਿੱਚ ਪਖਾਨਿਆਂ ਦਾ ਹੋਣਾ, ਪਿੰਡ ਵਿੱਚ ਸਥਿਤ ਸਕੂਲਾਂ ਅੰਦਰ ਪਖਾਨਿਆ ਦਾ ਹੋਣਾ, ਜਗ੍ਹਾਂ ਜਗ੍ਹਾਂ ਸਵੱਛ ਭਾਰਤ ਮੂਹਿੰਮ ਤਹਿਤ ਪ੍ਰੇਰਣਾਦਾਇਕ ਸਲੋਗਨ ਲਗਾਏ ਹੋਣੇ ਚਾਹੀਦੇ ਹਨ ਅਤੇ ਇਸ ਦੀ ਪੁੱਛਟੀ ਪਿੰਡ ਦੀ ਪੰਚਾਇਤ ਵੱਲੋਂ ਇੱਕ ਮਤਾ ਪਾ ਕੇ ਕੀਤੀ ਜਾਂਦੀ ਹੈ। ਉਨ੍ਹਾਂ ਮੀਟਿੰਗ ਦੋਰਾਨ ਵਾਟਰ ਸਪਲਾਈ ਸੈਨੀਟੇਸਨ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਨਿਰਧਾਰਤ ਟੀਚਿਆਂ ਨੂੰ ਸਮੇਂ ਰਹਿੰਦਿਆਂ ਹੀ ਪੂਰਾ ਕਰ ਲਿਆ ਜਾਵੈ। ਉਨ੍ਹਾਂ ਕਿਹਾ ਕਿ ਟੀਚੇ ਪੂਰੇ ਕਰਨ ਲਈ ਪੰਚਾਇਤ ਵਿਭਾਗ, ਜਿਲ੍ਹਾ ਪਠਾਨਕੋਟ ਦੇ ਸਾਰੇ ਬਲਾਕਾਂ ਦੇ ਬਲਾਕ ਵਿਕਾਸ ਅਫਸਰ ਪਿੰਡਾਂ ਨੂੰ ਓ।ਡੀ।ਐਫ। ਬਣਾਏ ਜਾਣ ਲਈ ਅਪਣਾ ਪੂਰਾ ਸਹਿਯੋਗ ਦੇਣਗੇ ਅਤੇ ਚਲ ਰਹੇ ਕੰਮਾਂ ਵਿੱਚ ਵੀ ਤੇਜੀ ਲਿਆਉਂਗੇ ਤਾਂ ਜੋ ਸਮੇਂ ਰਹਿੰਦਿਆਂ ਟੀਚਿਆਂ ਨੂੰ ਪੂਰਾ ਕੀਤਾ ਜਾ ਸਕੇ।

# ਰੁਜ਼ਗਾਰ ਰਹਿਤ ਵਿਕਾਸ ਬੇਰੁਜ਼ਗਾਰੀ ਦੀ ਜੜ੍ਹ



ਜਗਦੀਸ਼ ਚੋਹਕਾ
91-92179-97445
001-403-285-4208

ਸੰਸਾਰ ਪੂੰਜੀਵਾਦੀ ਵਿਤੀ ਸੰਕਟ ਦੇ ਮਹਾਂਮਾਰੀ-19 ਨਾਲ ਸਬੰਧਤ ਲਾਕ ਡਾਊਨ ਅਤੇ ਉਤਪਾਦਨ ਮੰਦੀ ਦੇ ਚਲਦਿਆਂ ਸੰਸਾਰ ਬੈਂਕ ਅਨੁਸਾਰ, ਸੰਸਾਰ ਉਤਪਾਦਨ 2.4-ਫੀ ਸਦ ਦੱਸੀ ਜਾ ਰਹੀ ਹੈ। ਜਦ ਕਿ ਸੰਸਾਰ ਬੈਂਕ ਨੇ ਭਾਰਤ ਦੀ ਜੀ.ਡੀ.ਪੀ. ਵਾਧਾ ਦਰ ਵਿਤੀ ਸਾਲ 2023-24 ਲਈ 6.3-ਫੀ ਸਦ ਦਰ ਰਹਿਣ ਦੀ ਦਰਸਾਈ ਹੈ। ਭਾਰਤ ਨੂੰ ਜੀ.ਡੀ.ਪੀ. ਵਾਧਾ ਦਰ ਦੇ ਅਧਾਰ 'ਤੇ ਸੰਸਾਰ ਅੰਦਰ ਸਾਲ 2023 ਲਈ 5-ਵੇਂ ਰੈਂਕ ਦੀ ਥਾਂ ਦਿੱਤੀ ਜਾ ਰਹੀ ਹੈ। ਇਸ ਦਾ ਮੁਖ ਕਾਰਨ ਭਾਰਤ ਅੰਦਰ ਤੇਜ਼ੀ ਨਾਲ ਵੱਖ-ਵੱਖ ਖੇਤਰਾਂ 'ਚ ਅਥਾਹ ਵਾਧਾ ਖਾਸ ਕਰਕੇ ਪ੍ਰਸਾਰ ਖੇਤਰ, ਸੇਵਾਵਾਂ, ਖੇਤੀ ਅਤੇ ਉਤਪਾਦਨ ਹਨ। ਪਰ ਭਾਰਤ ਦੀ ਆਰਥਿਕਤਾ ਸੰਸਾਰ ਅੰਦਰ ਜਿਥੇ ਘੋਰ ਮੰਦੀ ਅਤੇ ਵਿਤੀ ਸੰਕਟ ਦੇ ਕਾਲੇ ਬੱਦਲਾਂ ਹੇਠ ਆਈ ਹੋਈ ਹੈ ਪਰ ਅਨਿਸਚਤਾ ਦੇ ਵਿਚਕਾਰ ਵੀ ਉਸ ਨੇ ਮੂੰਹ ਬੰਦ ਕੀਤਾ ਹੋਇਆ ਹੈ। ਭਾਰਤ ਇਕ ਬਹੁਤ ਵੱਡੀ ਮੰਡੀ ਹੈ, ਜਿਹੜੀ ਦੇਸ਼ ਦੇ ਗਰੀਬ ਭਾਰਤੀਆਂ ਨੇ ਖੂਨ-ਪਸੀਨੇ ਰਾਹੀਂ ਉਸਰੀ ਹੈ, ਜਿਸ ਦਾ ਸ਼ੋਸ਼ਣ ਕਰਕੇ ਹਾਕਮ ਹੁਬ ਰਹੇ ਹਨ। ਉਸ ਨੂੰ ਲੁੱਟਣ ਲਈ ਅੱਜ ਸੰਸਾਰ ਸਾਮਰਾਜੀ ਕਾਰਪੋਰੇਟ ਅਤੇ ਹਾਕਮ ਕਿਵੇਂ ਜੀ-20 ਦੇ ਮੋਦੀ ਵਲੋਂ ਦਿੱਤੇ ਸੱਦੇ 'ਤੇ ਇਸ ਮੇਲੇ ਵਿੱਚ ਭਾਰਤੀ ਹਾਕਮਾਂ ਨਾਲ ਗਲ-ਵਕੜੀਆਂ ਪਾ ਰਹੇ ਸਨ ?

ਭਾਰਤ ਦੇ 'ਮੋਨੀਟਰਿੰਗ ਭਾਰਤ ਆਰਥਿਕ' ਡਾਟਾ ਅਨੁਸਾਰ ਬੇਰੁਜ਼ਗਾਰੀ ਦੀ ਦਰ ਦਸੰਬਰ 2022 ਦੌਰਾਨ, ਪਿਛਲੇ ਸਾਲਾਂ ਦੀ 16-ਮਹੀਨਿਆਂ ਦੀ ਔਸਤ ਦਰ 8-ਫੀ ਸਦ ਦੇ ਮੁਕਾਬਲੇ ਵੱਧ ਕੇ 8.30 ਫੀ ਸਦ ਦਰਜ ਕੀਤੀ ਗਈ। ਜਦਕਿ ਸ਼ਹਿਰੀ ਖੇਤਰ 'ਚ ਇਹ ਦਰ ਵੱਧ ਕੇ 10.99-ਫੀ ਸਦ ਸੀ । ਪਰ ਪੇਂਡੂ ਖੇਤਰਾਂ 'ਚ ਇਹ ਦਰ ਘੱਟ ਕੇ ਹੇਠਾਂ 7.44-ਫੀ ਸਦ ਸੀ ਕਿਉਂਕਿ ਇਸ ਖੇਤਰ ਦੇ ਕਿਰਤੀਆਂ ਦਾ ਮਨਰੇਗਾ ਕਰਕੇ ਕੰਮ ਦੇ ਦਿਨ ਘੱਟ ਖੁਰੇ। ਸੰਸਾਰ ਬੇਰੁਜ਼ਗਾਰੀ ਦੀ ਦਰ ਥੋੜ੍ਹਾਂ ਜਿਹਾ ਕਰਕੇ ਉਪਰ ਗਈ ਜੋ 5.8-ਫੀ ਸਦ ਅੰਕੀ ਗਈ ਹੈ। ਜੋ ਪਿਛਲੇ ਸਾਲਾਂ 2020-22 ਨਾਲੋਂ ਘੱਟ ਦਿਸਦੀ ਹੈ (28-ਫਰਵਰੀ 2023 ਆਈ.ਐਲ.ਓ.)। ਜੋ 31-ਮਾਰਚ, 2023 ਤੱਕ 5.3-ਫੀ ਸਦ ਹੈ। ਹਿਸੇਦਾਰੀ ਅੰਦਰ ਇਸਤਰੀ ਰੁਜ਼ਗਾਰ 47.4-ਫੀ ਸਦ ਅਤੇ ਪੁਰਸ਼ ਰੁਜ਼ਗਾਰ 72.3-ਫੀ ਸਦ ਸੀ। ਭਾਰਤ ਦੀ ਆਰਥਿਕਤਾ ਸਬੰਧੀ ਭਾਵੇਂ ਸਰਕਾਰੀ ਅੰਕੜੇ ਤਸੱਲੀ ਪ੍ਰਗਟ ਕਰ ਰਹੇ ਹਨ। ਪਰ ਵੱਧ ਰਹੀ ਗਰੀਬੀ ਅਤੇ ਅਸਮਾਨਤਾਵਾਂ 'ਚ ਤੇਜ਼ੀ ਨਾਲ ਹੋ ਰਹੇ ਵਾਧੇ ਦੀ, ਪ੍ਰਤੀਕਿਰਿਆ ਨੇ ਆਮਦਨ ਅਤੇ ਧਨ-ਦੌਲਤ ਵਿੱਚ ਅਸਮਾਨਤਾਵਾਂ ਨੂੰ ਹੋਰ ਖਰਾਬ ਕਰਨ ਲਈ ਹੀ ਕੰਮ ਕੀਤਾ ਜਿਸ ਕਾਰਨ 80-ਕਰੋੜ ਭਾਰਤੀ ਸਰਕਾਰੀ ਦਾਲ-ਰੋਟੀ 'ਤੇ ਨਿਰਭਰ ਹਨ (ਸਰਕਾਰ)।

ਮੋਦੀ ਸਰਕਾਰ ਨੇ ਆਪਣੇ ਪਿਛਲੇ 9-ਸਾਲਾਂ ਦੇ ਲੰਬੇ ਅਰਸੇ ਦੌਰਾਨ ਨਾ ਤਾਂ ਦੇਸ਼ ਅੰਦਰ ਕੋਈ ਵੱਡੀ ਸਨਅਤ ਸਥਾਪਿਤ ਕੀਤੀ ਅਤੇ ਨਾ ਹੀ ਵਿਦੇਸ਼ੀ ਪੂੰਜੀ ਦਾ ਨਿਵੇਸ਼ ਹੋਇਆ ਹੈ। ਸਗੋਂ ਦੇਸ਼ ਦੀ ਵੱਡੀ ਸਨਅਤ, ਸਰਕਾਰੀ ਖੇਤਰ ਦੇ ਜਨਤਕ ਅਦਾਰੇ ਅਤੇ ਜਨਤਕ ਪੂੰਜੀ ਨਿਵੇਸ਼ ਵਧਾਉਣ ਦੀ ਥਾਂ ਇਸ ਦਾ ਨਿਜੀਕਰਨ ਕਰਕੇ ਕਰੋੜਾਂ ਲੋਕਾਂ ਨੂੰ ਜੋ ਰੁਜ਼ਗਾਰ ਮਿਲਦਾ ਸੀ ਖੋਹ ਲਿਆ ਹੈ। ਸਰਕਾਰ ਨੂੰ ਜੋ ਕਰੋੜਾਂ ਰੁਪੈਇਆਂ ਦੀ ਵਟਕ, ਟੈਕਸ ਅਤੇ ਮੁਲਾਜਮਾਂ ਦਾ ਟੈਕਸ ਮਿਲਦਾ ਸੀ ਉਹ ਹੁਣ ਨਿਜੀ ਘਰਾਣਿਆ ਦੇ ਘਰ ਭਰ ਰਿਹਾ ਹੈ। ਵਿਤੀ ਅਦਾਰੇ ਬੈਕਾਂ, ਬੀਮਾਂ ਦਾ ਨਿਜੀਕਰਨ, ਰੇਲ, ਬੰਦਰਗਾਹਾਂ ਅਤੇ ਹਵਾਈ ਅੱਡੇ, ਸਰਵਜਨਕ ਖੇਤਰ ਦੇ ਅਦਾਰਿਆ, ਰੱਖਿਆ ਅਦਾਰੇ ਅਤੇ ਹੋਰ ਅਦਾਰੇ ਜੋ ਦੇਸ਼ ਦੀ 'ਕੋਰ ਸਨਅਤ' ਦਾ ਮੁੱਢ ਸਨ ਹੁਣ ਹੌਲੀ-ਹੌਲੀ ਦੇਸੀ ਅਤੇ ਵਿਦੇਸ਼ੀ ਘਰਾਣਿਆ ਦੇ ਹੱਥਾਂ 'ਚ ਜਾ ਰਹੇ ਹਨ। ਜਿੱਥੇ ਕਰੋੜਾਂ ਲੋਕਾਂ ਦਾ ਰੁਜ਼ਗਾਰ ਖੋਹਿਆ ਜਾ ਰਿਹਾ ਹੈ। ਉਥੇ ਹੁਣ ਦੇਸ਼ ਦੀ ਮੰਡੀ ਅੰਦਰ ਨਿਜੀ ਘਰਾਣਿਆ ਦੀ ਅਜਾਰੇਦਾਰੀ ਕਾਇਮ ਹੋ ਰਹੀ ਹੈ। ਹੁਣ ਪਾਰਦਰਸ਼ਤਾ ਨਹੀਂ ਰਹੇਗੀ, ਉਪਭੋਗਤਾ ਦੀ ਦੋਹਰੀ ਲੁਟ ਵੀ ਹੋਵੇਗੀ ? ਦੇਸ਼ ਦੀ ਪ੍ਰਭੂਸਤਾ, ਕਿਰਤੀਆਂ ਦੇ ਜਮਹੂਰੀ ਹੱਕਾਂ ਦਾ ਹਨਨ ਅਤੇ ਵਿਦੇਸ਼ੀ ਦਖਲ ਅੰਦਾਜੀ ਵੱਧ ਜਾਵੇਗੀ ? ਪ੍ਰਬੰਧਕੀ, ਉਤਪਾਦਨ, ਵਿਤੀ ਬੋਝ, ਵਿਦੇਸ਼ੀ ਰਾਜਨੀਤੀ ਦਾ ਦਖਲ, ਕਿਰਤੀਆਂ ਦਾ ਸ਼ੋਸ਼ਣ, ਉਪਭੋਗਤਾ ਦੇ ਹੱਕਾਂ ਦਾ ਹਨਨ ਤੇ ਦੇਸ਼ ਵਿਰੋਧੀ ਤੱਤਾਂ ਦੀ ਸਰਗਰਮੀ ਜਿਹੇ ਔਗੁਣਾਂ 'ਤੇ ਕਾਬੂ ਕਿਵੇਂ ਹੋਵੇਗਾ?

ਭਾਰਤ ਵਰਗੇ ਗਰੀਬ ਅਤੇ ਵਿਕਾਸਸ਼ੀਲ ਦੇਸ਼ ਅੰਦਰ ਪਿਛਲੇ ਇਕ ਦਹਾਕੇ ਤੋਂ ਆਰਥਿਕ ਵਾਧਾ ਬਿਨਾਂ ਨੌਕਰੀ ਪੈਦਾ ਕੀਤੇ ਅੱਗੇ ਵੱਧਿਆ ਹੈ। ਚਾਹੀਦਾ ਤਾਂ ਇਹ ਸੀ ਕਿ ਹਰ ਤਰ੍ਹਾਂ ਦਾ ਪੂੰਜੀ ਨਿਵੇਸ਼ ਰੁਜ਼ਗਾਰ ਮੁੱਖੀ ਹੁੰਦਾ ! ਪਰ ਅਜਿਹਾ ਅਮਲ ਵਿੱਚ ਨਹੀਂ ਹੈ। ਪੂੰਜੀਪਤੀ ਜੋ ਨਿਵੇਸ਼ ਕਰ ਰਿਹਾ ਹੈ ਦੇਸ਼ ਦੇ ਹਾਕਮਾਂ ਨਾਲ ਮਿਲ ਕੇ ਆਪਣੇ ਮੁਨਾਫਿਆ ਲਈ ਹੀ ਨਿਵੇਸ਼ ਕਰ ਰਿਹਾ ਹੈ, ਉਹ ਹਾਕਮਾਂ ਵਲੋਂ ਮਿਲੀਆਂ ਸਹੂਲਤਾਂ ਅਤੇ ਕਿਰਤੀ ਦਾ ਸ਼ੋਸ਼ਣ ਕਰਕੇ ਅਥਾਹ ਮੁਨਾਫ਼ੇ ਕਮਾ ਕੇ ਚਲਦਾ ਬਣਦਾ ਹੈ। ਅੱਜ ਜੋ ਦੇਸ਼ ਅੰਦਰ ਵਾਧਾ ਦਰ ਦਿਸ ਰਹੀ ਹੈ ਰੁਜ਼ਗਾਰ ਤੋਂ ਬਿਨਾਂ ਹੋਈ ਹੈ। ਬਹੁਤ ਸਾਰੇ ਕਿਰਤੀਆਂ ਨੂੰ ਇਸ ਅਵੱਸਥਾ ਨੇ ਰੁਜ਼ਗਾਰ-ਮੁਕਤ ਕਰ ਦਿੱਤਾ। ਉਹ ਅੱਜ ਲੱਖਾਂ ਦੀ ਗਿਣਤੀ ਵਿੱਚ ਸੜਕਾਂ ਤੇ ਰੁੱਲ ਰਹੇ ਹਨ। ਅਜਿਹਾ ਆਰਿਥਕ ਵਾਧਾ ਦੇਸ਼ ਦੇ ਲੱਖਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਦੇ ਸੱਕਿਆ ਹੈ। ਜਿਨਾਂ ਨੂੰ ਕੋਈ ਮਾੜਾ ਮੋਟਾ ਰੁਜ਼ਗਾਰ ਮਿਲਿਆ ਹੈ ਉਹ



ਆਰਥਿਕ-ਸਮਾਜਕ ਸੁਰੱਖਿਆ ਤੋਂ ਸੱਖਣਾਂ ਹੈ। ਦੂਸਰੇ ਪਾਸੇ ਪੂੰਜੀਪਤੀ ਵਰਗ ਨੂੰ ਹਰ ਤਰਾਂ ਦੀਆ ਛੋਟਾਂ ਦਿੱਤੀਆਂ ਹੋਈਆਂ ਹਨ, ਪਰ ਕਿਰਤੀ ਜਮਾਤ ਦੇ ਹੱਕਾਂ 'ਤੇ ਛਾਪੇ ਅਤੇ ਕਿਰਤੀ ਵਿਰੋਧੀ ਕਾਨੂੰਨਾਂ ਰਾਹੀਂ ਕਾਫੀਆਂ ਕੱਸਿਆ ਜਾ ਰਿਹਾ ਹੈ। ਇਹ ਹੈ ਪਿਛਲੇ ਇਕ ਦਹਾਕੇ ਦੇ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਕਾਰਗੁਜ਼ਾਰੀ ਤੇ ਆਰਥਿਕਤਾ ਦੀ ਉਚੀ ਛਾਲ?

ਭਾਰਤ ਅੰਦਰ ਅਕਸਰ ਅਜਿਹੇ ਅੰਕੜੇ ਰੁਜ਼ਗਾਰ ਸਬੰਧੀ ਦਿਤੇ ਜਾਂਦੇ ਹਨ ਕਿ ਬੇ-ਰੁਜ਼ਗਾਰਾਂ ਦੀ ਦਰ ਵਿੱਚ ਗਿਰਾਵਟ ਨਜ਼ਰ ਆਉਂਦੀ ਹੈ। ਅਜਿਹਾ ਪਿਛਲੇ 6-ਸਾਲਾਂ ਤੋਂ ਹੁੰਦਾ ਆ ਰਿਹਾ ਹੈ। ਬਲਕਿ ਇਹ ਅਜਿਹਾ ਨਹੀਂ ਹੁੰਦਾ ਹੈ, ਕਿਉਂਕਿ ਨੌਕਰੀ ਨਾ ਮਿਲਣ ਕਾਰਨ ਬੇਰੁਜ਼ਗਾਰ ਨਿਰਾਸ਼ ਵੱਡੀ ਗਿਣਤੀ ਵਿੱਚ ਨੌਕਰੀ ਨਾ ਮਿਲਣ ਕਰਕੇ ਨੌਕਰੀ ਦੀ ਤਲਾਸ਼ ਕਰਨੀ ਛੱਡ ਦਿੰਦੇ ਹਨ। ਦੂਸਰਾ ਉਨ੍ਹਾਂ ਦੀ ਉਮਰ ਜਾਇਦਾ ਹੋਣ ਕਰਕੇ ਉਹ ਨੌਕਰੀ ਵਾਲੀ ਲਾਈਨ ਵਿੱਚੋ ਪਿੱਛੇ ਹੱਟ ਜਾਂਦੇ ਹਨ। ਇਨ੍ਹਾਂ ਕਾਰਨਾਂ ਕਰਕੇ 'ਕਿਰਤ ਸ਼ਕਤੀ ਹਿੱਸੇਦਾਰੀ' ਰੇਟ ਭਾਵ ਨੌਕਰੀ ਦੀ ਮੰਗ ਕਰਨ ਵਾਲੇ ਬੇਰੁਜਗਾਰਾਂ ਦੀ ਗਿਣਤੀ ਆਪਣੇ ਆਪ ਹੇਠਾਂ ਆਉਣ ਕਰਕੇ ਬੇਰੁਜਗਾਰੀ ਦੀ ਦਰ ਵੱਧਦੀ ਨਹੀਂ ਦਿਖਾਈ ਦਿੰਦੀ ਹੈ ਜੋ ਹਾਕਮ ਅੰਕੜੇ ਪੇਸ਼ ਕਰਕੇ ਫੋਕੀ ਭੱਲ ਖੱਟਦੇ ਹਨ। ਪਿਛਲੇ ਦਿਨੀ ਬਿਹਾਰ ਸਰਕਾਰ ਨੇ ਜਾਤੀਗਤ ਸਰਵੇਖਣ ਕਰਾ ਕੇ ਅੰਕੜੇ ਪੇਸ਼ ਕੀਤੇ ਹਨ। ਜਿਸ ਅਨੁਸਾਰ ਆਬਾਦੀ ਅੰਦਰ ਤੇ ਜਾਤੀ ਵਰਗ ਅੰਦਰ ਪਿੱਛੜਾ ਵਰਗ, ਬਹੁਤ ਪਿੱਛੜਾ ਵਰਗ, ਐਸ.ਸੀ., ਜਨਜਾਤੀ ਵਰਗ, ਸਵਰਨ ਵਰਗ ਰਾਹੀ ਵੰਡ ਦਰਸਾਈ ਹੈ। ਭਾਵੇਂ ਇਹ ਸਰਵੇਖਣ ਕਿਰਤੀ-ਵਰਗ ਅੰਦਰ ਵੰਡੀਆ ਹੀ ਪਾਏਗਾ, ਕਿਉਂਕਿ ਕਿਰਤੀ ਕਿਸੇ ਵੀ ਜਾਤੀ ਵਰਗ ਵਿਚੋਂ ਹੋ ਸਕਦਾ ਹੈ। ਉਸ ਦਾ ਸ਼ੋਸ਼ਣ ਤਾਂ ਸੋਸ਼ਤ ਵਰਗ ਨੇ ਕਰਦੇ ਰਹਿਣਾ ਹੈ ਭਾਵੇਂ ਉਹ ਕਿਸੇ ਜਾਤ ਜਾਂ ਧਰਮ ਜਾਂ ਰੂਪ ਰੰਗ ਵਿੱਚ ਹੋਵੇ?

ਦੇਸ਼ ਅੰਦਰ ਦੋ ਹੀ ਮੁਖ ਜਮਾਤਾਂ ਇਕ ਕਿਰਤੀ ਵਰਗ ਤੇ ਉਸ ਦਾ ਭਾਈਵਾਲ ਕਿਸਾਨੀ ਜਿਨਾਂ ਦਾ ਸ਼ੋਸ਼ਣ ਪੂੰਜੀਪਤੀ ਵਰਗ ਕਰਦਾ ਹੈ। ਕਿਸੇ ਭਾਰਤੀ ਸ਼ਹਿਰੀ ਦੀ ਆਰਥਿਕ ਸਥਿਤੀ ਕਿਹੋ ਜਿਹੀ ਹੈ ਅੰਕਣ ਲਈ ਜਾਤੀ ਨਹੀਂ ਉਸ ਦੇ ਆਰਥਿਕ ਸਾਧਨ, ਜਾਇਦਾਦ ਅਤੇ ਸਮਾਜਕ ਵਿੱਵਸਥਾ ਹੀ ਕਾਰਗਰ ਪੈਮਾਨਾ ਹੁੰਦਾ ਹੈ। ਸਾਰੇ ਵਰਗਾਂ ਦੀਆਂ ਜਾਤੀ ਦੀ ਵੰਡ ਆਰਥਿਕਤਾ ਨਾਲ ਜੁੜੀ ਹੁੰਦੀ ਹੈ। ਉਪਰੋਕਤ ਰਿਪੋਰਟ ਸਬੰਧੀ 'ਸੇਂਟਰ ਫਾਰ ਮਾਨਿਟਰਿੰਗ ਇੰਡੀਅਨ ਅਕਾਨਾਮੀ' ਦੇ ਆਰਥਿਕ ਆਉਟਲੁਕ ਰਾਹੀਂ ਡਾਟਾ ਸਾਹਮਣੇ ਆਇਆ ਹੈ। ਇਸ ਸੰਸਥਾ ਨੇ ਜਾਤੀ ਆਧਾਰਤ ਰੁਜ਼ਗਾਰ ਅਤੇ ਉਪਭੋਗਤਾ ਦੀ ਭਾਵਨਾਵਾਂ ਨੂੰ ਦੱਸਣ ਲਈ ਯਤਨ ਕੀਤਾ ਹੈ। ਇਸ ਰਿਪੋਰਟ ਦਾ ਤੇ ਆਜ਼ਾਦੀ ਤੋਂ ਬਾਦ ਅੱਜ ਤਕ ਵੱਖ-ਵੱਖ ਜਾਤੀ ਵਰਗਾਂ ਦੇ ਉਠਾਨ ਲਈ ਹੋਏ ਯਤਨਾਂ ਵਿਚਕਾਰ ਕੀ ਫਰਕ ਹੈ ਤੇ ਕਿਵੇਂ ਇਹ ਵਰਗ ਕਿੰਨਾਂ ਰੁਜ਼ਗਾਰ ਪ੍ਰਾਪਤ ਕਰਕੇ ਗਰੀਬੀ ਤੋਂ ਨਿਜਾਤ ਪਾ ਸੱਕਣਗੇ ? ਰੁਜ਼ਗਾਰ ਦੀ ਪ੍ਰੀਭਾਸ਼ਾ ਸਬੰਧੀ ਤਿੰਨ ਪਹਿਲੂ ਧਿਆਨ ਵਿੱਚ ਰੱਖਣੇ ਬਣਦੇ ਹਨ। 1) ਕਿਰਤੀ ਸ਼ਕਤੀ ਦੀ ਹਿ-ਸੇਦਾਰੀ ਦਰ (ਲੇਬਰ ਫੋਰਸ ਪਾਰਟੀਸੀਪੇਸ਼ਨ ਰੇਟ) ਭਾਵ ਕਿੰਨੇ ਭਾਰਤੀ ਨੌਕਰੀ ਦੀ ਮੰਗ ਕਰ ਰਹੇ ਹਨ ਜਿਸ ਲਈ 15-ਸਾਲ ਤੋਂ ਉਪਰ ਵਿਅਕਤੀ ਨੂੰ ਸ਼ਾਮਲ ਕੀਤਾ ਜਾਂਦਾ ਹੈ। ਕਿਰਤੀ ਸ਼ਕਤੀ ਅੱਗੋਂ ਜੋ ਲੋਕ ਨੌਕਰੀ ਕਰ ਰਹੇ ਹਨ, ਜੋ ਬੇਰੁਜ਼ਗਾਰ ਹਨ ਪਰ ਕੰਮ ਕਰਨ ਦੇ ਇਛਕ ਹਨ ਭਾਵ ਨੌਕਰੀ ਦੀ ਤਲਾਸ਼ ਵਿੱਚ ਹਨ ਅਧਾਰ ਦੱਸਿਆ ਹੈ। (2) ਬੇਰੁਜ਼ਗਾਰੀ ਦਰ, ਭਾਵ ਕਿਰਤੀ ਸ਼ਕਤੀ ਜੋ ਨੌਕਰੀ ਦੀ ਤਲਾਸ਼ ਵਿੱਚ ਹੈ, ਪਰ ਅੱਜੇ ਉਹ ਬੇਰੁਜ਼ਗਾਰ ਹੈ ਇਸ ਲਈ ਬੇਰੁਜ਼ਗਾਰੀ ਘੱਟ ਕਰਨ ਲਈ ਅੰਕਿਆ ਬੇਰੁਜ਼ਗਾਰੀ ਦਰ। ਇਸ ਤਰ੍ਹਾਂ ਕਿਰਤੀ ਸ਼ਕਤੀ ਹਿਸੇਦਾਰੀ ਦਰ ਜਿਹੜੀ ਆਪਣੇ ਆਪ ਹੇਠਾਂ ਜਾਂਦੀ ਹੈ। ਜਿਸ ਪ੍ਰਕਿਰਿਆ ਸਬੰਧੀ ਲੋਕ ਨਾ ਦੇਖਦੇ ਹਨ ਤੇ ਨਾ ਹੀ ਧਿਆਨ ਜਾਂਦਾ ਹੈ। ਜਦੋਂ ਨੌਕਰੀ ਨਹੀਂ ਮਿਲਦੀ ਬਹੁਤ ਸਾਰੇ ਬੇਰੁਜ਼ਗਾਰ ਨੌਜਵਾਨ ਨਿਰਾਸ਼ ਹੋ ਕੇ ਇਸ ਲਾਈਨ ਤੋਂ ਬਾਹਰ ਆ ਜਾਂਦੇ ਹਨ। ਇਸ ਤਰ੍ਹਾਂ ਬੇਰੁਜ਼ਗਾਰੀ ਦਾ ਅਨੁਪਾਤ ਹੇਠਾਂ ਆ ਜਾਂਦਾ ਹੈ। ਭਾਵ ਬੇਰੁਜ਼ਗਾਰੀ ਨਹੀਂ ਵੱਧੀ ਹਾਕਮ ਕਹਿਣਗੇ?

ਸਾਲ 2016-17 ਤੋਂ ਸਾਲ 2023 ਵਿਚਕਾਰ ਜਾਤੀਵਾਰ ਕਿਰਤ ਸ਼ਕਤੀ ਹਿੱਸੇਦਾਰੀ ਦਰ, ਜਾਤੀਵਾਰ ਬੇਰੁਜ਼ਗਾਰੀ ਦਰ, ਜਾਤੀਵਾਰ ਰੁਜ਼ਗਾਰ ਦਰ, ਧਰਮ ਅਨੁਸਾਰ ਰੁਜ਼ਗਾਰ ਦਰ ਅਤੇ ਉਪਭੋਗਤਾ ਭਾਵਕ ਦਰ ਸਭ ਬੇਰੁਜ਼ਗਾਰੀ ਨਾਲ ਪ੍ਰਭਾਵਤ ਹੋਏ ਹਨ। ਡਾਟਾ ਮੁਤਾਬਿਕ 2016-17 ਦੇ ਬਾਦ ਸਾਰੇ ਜਾਤੀ ਸਮੂਹ ਉਹਨਾਂ ਵਿਚੋਂ ਉਪ-ਭੋਗਤਾ ਭਾਵਕ ਲੋਕ 20-ਫੀ ਸਦ ਤੋਂ 25-ਫੀ ਸਦ ਤਕ ਬੇਰੁਜ਼ਗਾਰੀ ਨਾਲ ਪ੍ਰਭਾਵਤ ਹੋਏ ਹਨ। ਸਭ ਤੋਂ ਵੱਧ ਓ.ਬੀ.ਸੀ. ਦਾ ਹੇਠਲਾ ਵਰਗ ਜੋ ਉਪਭੋਗਤਾ ਨਾਲ ਸਬੰਧ ਰੱਖਦਾ ਸੀ ਪ੍ਰਭਾਵਤ ਹੋਇਆ। ਪਰ ਸਭ ਤੋਂ ਵੱਧ ਬਹੁਤ ਬੁਰੀ ਤਰ੍ਹਾਂ-ਮੱਧ ਵਰਗੀ ਜਾਤੀਆਂ ਬੇਰੁਜ਼ਗਾਰੀ ਤੋਂ ਪ੍ਰਭਾਵਤ ਹੋਈਆ ਜੋ ਓ.ਬੀ.ਸੀ. ਵਿੱਚ ਸ਼ਾਮਲ ਹੋਣ ਲਈ ਉਤਾਵਲੀਆਂ ਸਨ। ਆਜਾਦੀ ਬਾਅਦ ਦੇਸ਼ ਅੰਦਰ ਅਪਣਾਈਆ ਤੇ ਲਾਗੂ ਕੀਤੀਆਂ 1990-91 ਤੋਂ ਉਦਾਰੀਵਾਦੀ ਆਰਥਿਕ ਨੀਤੀਆਂ, ਚਾਹੇ ਉਹ ਯੂ.ਪੀ.ਏ. ਦਾ ਸਮਾਂ ਜਾਂ 2014 ਤੋਂ 2023 ਤੱਕ ਮੋਦੀ ਦੀ ਅਗਵਾਈ ਵਿੱਚ ਐਨ.ਡੀ.ਏ ਦਾ ਮੌਜੂਦਾ ਸਮਾਂ ਹੈ, ਉਪਰੋਕਤ ਨੀਤੀਆਂ ਅੰਦਰ ਸਭ ਤੋਂ ਵੱਧ ਬੇਰੁਜ਼ਗਾਰ ਵਿਅਕਤੀਆਂ ਨੂੰ ਬੇਰੁਜ਼ਗਾਰੀ ਦੀ ਮਾਰ ਝੱਲਣੀ ਪੈ ਰਹੀ ਹੈ। ਬੇਰੁਜ਼ਗਾਰੀ ਦੂਰ ਕਰਨ ਲਈ ਮੋਦੀ ਦੇ ਰੁਜ਼ਗਾਰ ਮੇਲੇ 80-ਫੀ ਸਦ ਬੇਰੁਜ਼ਗਾਰ ਨੌਜਵਾਨਾਂ ਨੂੰ ਨਾ ਤਾਂ ਰੁਜ਼ਗਾਰ ਦੇ ਸਕਦੇ ਹਨ ਅਤੇ ਨਾ ਹੀ ਬੇਰੁਜ਼ਗਾਰੀ ਦੂਰ ਹੋਵੇਗੀ ? ਜੋ ਤਰੱਕੀ ਹੋਣ ਉਪਰੰਤ ਵੀ ਰੁਜ਼ਗਾਰ ਮੇਲੇ 'ਚ ਚਿਠੀ ਦੇ ਰਹੇ ਹਨ, ਸਰਕਾਰ ਵਲੋਂ ਵਾਅਦਾ ਪੂਰਾ ਕਰਨ ਲਈ ਚਾਰ-ਮਹੀਨੇ ਲਈ, 5-ਲੱਖ ਨੌਕਰੀਆਂ ਵੰਡੀਆਂ ਗਈਆ। ਇਕ ਦਹਾਕੇ ਦੌਰਾਨ ਕਿਰਤੀ ਦੇ ਬੇਟੇ ਅਤੇ ਦਲਿਤ ਵਰਗ ਨੂੰ ਗਰੀਬੀ ਦੂਰ ਕਰਨ ਲਈ ਕੀ ਅਮਲੀ ਰੂਪ ਵਿੱਚ ਸਿੱਟੇ ਸਾਹਮਣੇ ਆਏ ਹਨ ? ਪਿਛਲੇ 6-ਸਾਲਾਂ ਦੌਰਾਨ ਡਿਗ ਰਹੇ ਰੁਜ਼ਗਾਰ ਦਰ ਅੰਦਰ ਸਭ ਤੋਂ ਵੱਧ ਮਾਰ ਪਈ ਹੈ ਐਸ.ਸੀ. ਅਤੇ ਓ.ਬੀ.ਸੀ. ਵਰਗ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ? ਇਹ ਦਰਸਾਉਂਦਾ ਹੈ ਜਾਤੀਗਤ ਸਰਵੇਖਣ ਜੋ ਬਿਹਾਰ ਸਰਕਾਰ ਵਲੋਂ ਪੇਸ਼ ਕੀਤਾ ਗਿਆ ਹੈ।

ਸੀ.ਐਮ.ਆਈ.ਈ. ਦੇ ਇਕ ਸਰਵੇਖਣ ਦੇ ਅੰਕੜਿਆ ਅਨੁਸਾਰ ਸਾਲ 2018 ਦੌਰਾਨ ਬੇਰੁਜ਼ਗਾਰੀ ਦਰ 7-8ਫੀ ਸਦ ਸੀ। ਸਾਲ 2019-20 ਕੋਵਿਡ-19 ਬਾਦ 25-ਫੀ ਸਦ ਕਲਪਤ ਅੰਕੜੇ ਸਨ। ਜਨਵਰੀ 2017 ਦੌਰਾਨ ਕਿਰਤ ਸ਼ਕਤੀ 40.9 ਕਰੋੜ ਸੀ ਜੋ ਘੱਟ ਕੇ ਜੁਲਾਈ 2022 'ਚ 39.2 ਕਰੋੜ ਰਹਿ ਗਈ ਜਦ ਕਿ ਜਨ-ਸੰਖਿਆ ਇਸ ਸਮੇਂ ਦੌਰਾਨ 130.5-ਕਰੋੜ ਤੋਂ ਵੱਧ ਕੇ 137.4 ਕਰੋੜ ਹੋ ਗਈ। ਭਾਵ ਰੁਜ਼ਗਾਰ 'ਚ 1.5-ਫੀ ਸਦ ਹੀ ਵਾਧਾ ਦਰਸਾਇਆ ਗਿਆ, ਪਰ ਪਿਛਲੇ 5-ਸਾਲਾਂ ਦੀ ਜਨ-ਸੰਖਿਆ 'ਚ ਵਾਧਾ 5-ਫੀਸਦ ਹੀ ਹੋਇਆ। ਕਿਰਤੀ ਸ਼ਕਤੀ ਦੀ ਹਿਸੇਦਾਰੀ ਜਨਵਰੀ 2017 'ਚ 45-ਫੀ ਸਦ ਜੋ ਜੁਲਾਈ 2022 'ਚ ਘੱਟ ਕੇ 39-ਫੀ ਸਦ ਹੀ ਰਹਿ ਗਈ। ਇਸ ਵਿੱਚ ਸ਼ਾਮਲ ਲੋਕ ਜਾਂ ਤਾਂ ਨੌਕਰੀ ਕਰਦੇ ਜਾਂ ਕੰਮ ਦੀ ਭਾਲ 'ਚ ਸਨ।

ਇਹ ਸਰਕਾਰੀ ਅੰਕੜੇ ਸਨ, ਪਰ ਬੇਰੁਜ਼ਗਾਰੀ ਦਰ ਅਗਸਤ 2023 'ਚ 8.1-ਫੀ ਸਦ ਸੀ। ਨੌਜਵਾਨ ਬੇਰੁਜ਼ਗਾਰ 15-ਸਾਲ ਤੋਂ ਉਪਰ ਸਾਲ 2022 'ਚ 23.22-ਫੀਸਦ ਡਿਗਰੀ ਧਾਰਕ ਸਨ। ਜਿਹੜੇ 2023 'ਚ 42-ਫੀ ਸਦ ਪਹੁੰਚ ਗਏ। ਭਾਰਤ ਦਾ ਮਨੁੱਖੀ ਵਿਕਾਸ ਅੰਕ ਸਭ ਤੋਂ ਹੇਠਾਂ 132-ਵੇਂ ਸਥਾਨ ਅਤੇ ਸਕੋਰ 0.633 ਹੈ ਫਿਰ ਵੀ ਅਸੀ ਸੰਸਾਰ ਦੀ 5-ਵੀਂ ਆਰਥਿਕ ਸ਼ਕਤੀ ਦੀ ਥਾਂ ਲੈ ਰਹੇ ਹਾਂ (ਸਤੰਬਰ, 2023)।

ਭਾਰਤ ਦੇ ਲੋਕਾਂ (ਭਾਵ ਕਿਰਤੀ ਜਮਾਤ) ਦੀ ਆਮਦਨ ਹੇਠਾਂ ਜਾ ਰਹੀ ਹੈ। ਦੂਸਰੇ ਪਾਸੇ ਕੀਮਤਾਂ 'ਚ ਵਾਧਾ 'ਤੇ ਬੇਰੁਜ਼ਗਾਰੀ ਮਾਰੋਮਾਰ ਅੱਗੇ ਵੱਧ ਰਹੀ ਹੈ। ਇਸ ਦਾ ਮੁੱਖ ਕਾਰਨ ਆਰਥਿਕ ਸੰਕਟ ਦਾ ਵੱਧਣਾ! ਇਹ ਸਾਰੀ ਤ੍ਰਾਸਦੀ ਲਈ ਭਾਰਤ ਅੰਦਰ ਲਾਗੂ ਕੀਤੀਆ ਨਵ-ਉਦਾਰਵਾਦੀ ਨੀਤੀਆਂ ਜਿਸ ਕਾਰਨ ਰੁਜ਼ਗਾਰ ਉਤਪਾਦਨ ਵਾਧੇ ਦਾ ਹੇਠਾ ਜਾਣਾ ਜਿਹੜਾ ਆਰਥਿਕ ਸੰਕਟ ਨੂੰ ਜਨਮ ਦਿੰਦਾ ਹੈ। ਇਸ ਤ੍ਰਾਸਦੀ ਨੂੰ ਰੋਕਣ ਲਈ ਪੂੰਜੀਪਤੀਆਂ ਤੇ ਕਰੋਨੀ ਭਾਈਵਾਲੀਆਂ ਦੇ ਦੇਸ਼ ਅੰਦਰ ਵੱਧ ਰਹੇ ਮੁਨਾਫਿਆਂ ਅਤੇ ਆਰਥਿਕ ਪ੍ਰਭਾਵਾਂ ਨੂੰ ਹਾਕਮ ਮੋਢਾ ਨਾ ਦੇਣ।

ਸਗੋਂ ਇਸ ਆਰਥਿਕ ਮੁਫਾਦ ਅਤੇ ਮੁਨਾਫਿਆ ਨੂੰ ਜਨਤਕ ਖੇਤਰ ਦੇ ਹਿਤ ਅਤੇ ਸਰਵਜਨਕ ਉਸਾਰੀ ਅਤੇ ਮੁਢਲੇ ਢਾਂਚਿਆ ਦੀ ਮਜ਼ਬੂਤੀ 'ਚ ਲਾ ਕੇ ਪੂੰਜੀ ਦਾ ਮੂੰਹ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਵਲ ਮੜੇ। ਘਰੇਲੂ ਮੰਗ ਦੀ ਪੂਰਤੀ ਲਈ ਇਸ ਮੁਫ਼ਾਦ ਨੂੰ ਆਰਥਿਕਤਾ 'ਚ ਲਾਏ। ਕੀ ਦੇਸ਼ ਦੀ ਬੀ.ਜੇ.ਪੀ. ਭੰਗਵਾ-ਪੱਖੀ ਸਰਕਾਰ ਵਿਦੇਸ਼ ਅਤੇ ਦੇਸ਼ੀ ਪੂੰਜੀਪਤੀਆ ਤੇ ਕਾਰਪੋਰੇਟਰਾਂ ਨੂੰ ਲੁੱਟਣ ਦਾ ਸਤਿਕਾਰ ਦੇਣ ਤੋਂ ਪਿਛੇ ਹੱਟੇਗੀ ? ਸਗੋਂ ਤੇ ਉਹਨਾਂ ਨੇ ਦੇਸ਼ ਦੇ ਕੌਮੀ ਸੋਮੇ ਤੇ ਧਨ-ਦੌਲਤ ਨੂੰ ਲੁਟਣ ਲਈ ਸਾਰੇ ਰਾਹ ਖੋਲ੍ਹ ਦਿੱਤੇ ਹੋਏ ਹਨ! ਸਗੋਂ 'ਤੇ ਮੌਜੂਦਾ ਹਾਕਮ ਦੇਸ਼ ਨੂੰ ਕੰਗਾਲ ਕਰ ਰਹੇ ਹਨ। ਫਿਰ ਉਹਨਾਂ ਤੋਂ ਦੇਸ਼ ਦੀ ਆਰਥਿਕਤਾ ਨੂੰ ਰੁਜ਼ਗਾਰ ਮੁਖੀ ਤੇ ਲੋਕਾਂ ਦੀ ਭਲਾਈ 'ਤੇ ਖਰਚਣ ਲਈ ਕਿਵੇਂ ਕੋਈ ਆਸ ਕਰ ਸਕਦਾ ਹੈ।ਫਿਰ ਕਿਵੇਂ ਧਨ-ਦੌਲਤ ਪੈਦਾਵਾਰੀ 'ਚ ਲਾ ਕੇ ਦੇਸ਼ ਅੰਦਰ ਰੁਜ਼ਗਾਰ ਪੈਦਾ ਕਰਨ ਲਈ ਕਿਵੇਂ ਆਦੇਸ਼ਵਾਚਕ ਦੇਸ਼ ਅਤੇ ਰਾਜਸਤਾ ਦੀ ਸ਼ਕਤੀ ਨੂੰ ਹੁਕਮ ਕਰ ਸਕਦਾ ਹੈ ਜੋ ਆਪ ਉਹਨਾਂ ਦੇ ਹੁਕਮ ਮੰਨ ਰਿਹਾ ਹੋਵੇ?

## ਮਾਂ ਬੋਲੀ

ਹੱਦੋਂ ਵੱਧ ਮਾਂ ਬੋਲੀ ਨੂੰ ਪਿਆਰ ਕਰਦੀ ਹਾਂ,
ਔਰਤ ਹਾਂ ਔਰਤ ਦਾ ਸਤਿਕਾਰ ਕਰਦੀ ਹਾਂ।

ਨੌਜਵਾਨਾਂ ਨੂੰ ਇੱਕ ਗੁਹਾਰ ਕਰਦੀ ਹਾਂ,
ਮਾਂ ਬੋਲੀ ਸਾਂਭਣ ਇਹੀ ਪ੍ਰਸਾਰ ਕਰਦੀ ਹਾਂ।

ਸਾਹਿਤਕਾਰਾਂ ਦਾ ਦਿਲੋਂ ਸਤਿਕਾਰ ਕਰਦੀ ਹਾਂ,
ਮਾਂ ਬੋਲੀ ਦੇ ਹੱਕ 'ਚ ਪ੍ਰਚਾਰ ਕਰਦੀ ਹਾਂ।

ਜਿਸ ਦੀ ਗੋਦੀ 'ਚ ਬੈਠ ਕੇ ਮਾਂ ਬੋਲੀ, ਬੋਲੀ ਮੈਂ,
ਉਸ ਮਾਂ ਨੂੰ ਸਿਜਦਾ ਵਾਰੋਂ ਵਾਰ ਕਰਦੀ ਹਾਂ।

ਜਿਸ ਮਿੱਟੀ ਤੇ ਡੁੱਲ੍ਹੇ ਨੇ ਖੂਨ ਸ਼ਹੀਦਾਂ ਦੇ,
ਉਸ ਮਾਂ ਧਰਤੀ ਦੀ ਪੂਜਾ ਰੱਬ ਵਾਂਗ ਕਰਦੀ ਹਾਂ।






ਜਿਸ ਮਾਂ ਬੋਲੀ ਨੇ ਪੁਚਾਇਆ
"ਬਲਜਿੰਦਰ" ਇਸ ਮੁਕਾਮ ਤੇ,
ਉਸ ਮਾਂ ਬੋਲੀ ਨੂੰ ਦਿਲੋਂ ਸਲਾਮ
ਕਰਦੀ ਹਾਂ।

**ਬਲਜਿੰਦਰ ਕੌਰ ਸ਼ੇਰਗਿੱਲ,**
**ਮੋਹਾਲੀ**

## .ਗ਼ਜ਼ਲ

ਜਾਂ ਤੇ ਖੁੱਲੇ ਆਮ ਕਰ ਜਾਹ ਇਜ਼ਹਾਰ ਅੱਜ
ਜਾਂ ਫਿਰ ਕੱਢਦੇ ਦਿਲ ਚੋਂ ਮੇਰਾ ਪਿਆਰ ਅੱਜ।


ਛੱਡੋ ਜਾਤ ਦਾ ਰੌਲਾ, ਤੇ ਧਰਮਾਂ ਦੀ ਗੱਲ
ਬਲਕਿ ਬੈਠ ਕੇ ਕਰੋ ਜੀ ਸਾਰੇ ਵਿਚਾਰ ਅੱਜ।

ਸਾਡੇ ਗੁਲਸਤਾਂ ਤੇ ਪਵੇ ਨਾ ਵੈਰੀ ਦੀ ਅੱਖ
ਲਿਹਾਜਾ ਬੱਚਾ - ਬੱਚਾ ਰਹੋ ਬੇਦਾਰ ਅੱਜ ।

ਅੰਨਿਆਂ ਨੇ ਬਣਾਏ ਰਾਹ, ਆਪਣੇ ਅਲੱਗ
ਚੜ੍ਹ ਗਈ ਪਖੰਡ ਦੀ ਅਕਲ ਤੇ ਗੁਬਾਰ ਅੱਜ।

'ਦੇਵ' ਕਰਦਾ ਏ ਹੁਣ ਤੇ ਗੱਲ ਗੱਲ ਤੇ ਸ਼ੱਕ
ਇਨਸਾਨ ਦਿੱਸਦਾ ਹੈ ਕਿੰਨਾਂ ਲਾਚਾਰ ਅੱਜ।

**- ਦੇਵ ਮੁਹਾਫਿਜ਼**
**6239139449**



# ਪੰਜਾਬ ਦੀ ਧੀ ਦੀ ਆਤਮ ਹੱਤਿਆ: ਪੱਕਾ ਮੋਰਚਾ' ਲਾਉਣ ਵਾਲੇ 1158 ਅਸਿਸਟੈਂਟ ਪ੍ਰੋਫੈਸਰਾਂ ਪ੍ਰਤੀ ਸਰਕਾਰ ਦਾ ਰਵਈਆ

ਆਤਮ ਹੱਤਿਆ ਕਰਨੀ ਬੁਜ਼ਦਿਲੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਪਰ ਕਈ ਵਾਰੀ ਹਾਲਾਤ ਮਨੁੱਖ ਦੇ ਚੰਚਲ ਮਨ ਨੂੰ ਅਜਿਹਾ ਕਦਮ ਚੁੱਕਣ ਲਈ ਸਾਇਦ ਮਜਬੂਰ ਕਰ ਦਿੰਦੇ ਹੋਣਗੇ ਜਿਸ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਵੈਸੇ ਕੀਮਤੀ ਜ਼ਿੰਦਗੀ ਨੂੰ ਗਵਾਉਣ ਨਾਲੋਂ ਸੰਘਰਸ਼ਮਈ ਜ਼ਿੰਦਗੀ ਜਿਊਣਾ ਵਧੀਆ ਗੱਲ ਹੈ। ਪਿਛਲੇ ਦਿਨੀ 1158 ਅਸਿਸਟੈਂਟ ਪ੍ਰੋਫੈਸਰ ਫਰੰਟ ਦੀ ਮੈਂਬਰ ਬੀਬਾ ਬਲਵਿੰਦਰ ਕੌਰ ਜੋ ਕਿ ਆਪਣੀ ਨਿਯੁਕਤੀ ਉਪਰੰਤ ਆਰਡਰ ਲੈ ਕੇ ਕਾਲਜ ਵਿੱਚ ਹਾਜ਼ਰ ਨਾ ਹੋ ਸਕੀ ਜਿਸ ਲਈ ਸਰਕਾਰ ਜ਼ਿੰਮੇਵਾਰ ਹੈ, ਨੇ ਮਾਨਸਿਕ ਪੀੜ੍ਹਾ ਸਦਕਾ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ ਹੈ। ਸਮੇਂ ਦੀ ਸਰਕਾਰ ਲਈ ਇਹ ਇਤਿਹਾਸਕ ਕਲੰਕ ਬਣ ਕੇ ਸਾਹਮਣੇ ਆਵੇਗਾ। ਸੁਸਾਇਡ ਨੋਟ ਵਿੱਚ ਉਸ ਧੀ ਨੇ ਉਚੇਰੀ ਸਿੱਖਿਆ ਮੰਤਰੀ ਨੂੰ ਆਤਮ ਹੱਤਿਆ ਲਈ ਜ਼ਿੰਮੇਵਾਰ ਠਹਿਰਾਇਆ ਹੈ ਜੋ ਉਚੇਰੀ ਸਿੱਖਿਆ ਮੰਤਰੀ ਦੇ ਹੰਕਾਰੀ ਵਤੀਰੇ ਤੋਂ ਪੈਦਾ ਹੋਈ ਸਥਿਤੀ ਲਈ ਸ਼ਰਮਸਾਰ ਕਰਨ ਵਾਲੀ ਗੱਲ ਹੋ ਨਿਬੜੀ, ਜਿਸ ਦੇ ਨਤੀਜੇ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਮੋਰਚੇ ਦੇ ਮੈਂਬਰ ਮਹੀਨੇ ਤੋਂ ਵੱਧ ਸਮੇਂ ਤੋਂ ਮੰਤਰੀ ਦੇ ਪਿੰਡ ਦੀ ਮੇਨ ਸੜਕ ਉੱਪਰ ਪੱਕਾ ਮੋਰਚਾ ਆਪਣੀਆਂ ਮੰਗਾਂ ਨੂੰ ਮੰਨਵਾਉਣ ਲਈ ਬੈਠੇ ਹਨ, ਜਿਸ ਵਿੱਚ ਇਹ ਮੈਂਬਰ, ਉਨ੍ਹਾਂ ਦੇ ਬੱਚੇ ਅਤੇ ਪਰਿਵਾਰਕ ਮੈਂਬਰ ਵੀ ਸ਼ਾਮਲ ਹਨ। ਸਰਕਾਰ ਦੀ ਇਨ੍ਹਾਂ ਨਾਲ ਕੋਈ ਮੀਟਿੰਗ ਵੀ ਨਾ ਕਰਨਾ ਅੜੀਅਲ ਨੀਤੀ ਦਾ ਸੂਚਕ ਤਾਂ ਹੈ ਹੀ, ਜੋ ਚੋਣ ਵਾਅਦਿਆਂ ਨੂੰ ਵੀ ਝੁਠਲਾਉਂਦਾ ਹੈ।ਕੀ ਮੁੱਖ ਮੰਤਰੀ ਨੂੰ ਇਸ ਸਭ ਕੁਝ ਬਾਰੇ ਪਤਾ ਨਹੀਂ ਸੀ, ਜੋ ਕਬੂਤਰ ਵਾਂਗ ਅੱਖਾਂ ਮੀਚਣ ਵਾਂਗ ਜਾਪਦਾ ਹੈ ਜਿਸ ਕਾਰਨ ਇਹ ਦੁੱਖਦਾਇਕ ਘਟਨਾ ਵਾਪਰ ਗਈ ਅਤੇ ਇੱਕ ਹੋਣਹਾਰ ਧੀ ਪੰਜਾਬ ਨੇ ਗੁਆ ਲਈ ।ਇਸ ਧੀ ਦੇ ਪਰਿਵਾਰ ਨੂੰ ਘੱਟੋ-ਘੱਟ ਇੱਕ ਕਰੌੜ ਦੀ ਵਿੱਤੀ ਮਦਦ ਅਤੇ ਇੱਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਣ ਦੀ ਵੱਖ-ਵੱਖ ਪਾਰਟੀਆਂ / ਜਥੇਬੰਦੀਆਂ ਵਲੋਂ ਮੰਗ ਕੀਤੀ ਜਾ ਰਹੀ ਹੈ, ਜੋ ਕਿ ਜ਼ਾਇਜ ਹੈ।

ਕਾਂਗਰਸ ਸਰਕਾਰ ਜਾਂਦੇ ਜਾਂਦੇ ਕਾਲਜਾਂ ਲਈ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਨਾ ਹੋ ਸਕੀ ਕਿਉਂ ਕਿ ਵੱਖ-ਵੱਖ ਵਿਸ਼ਿਆਂ ਦੀਆਂ ਆਸਾਮੀਆਂ ਲਈ ਨਿਯੁਕਤੀ ਪੱਤਰ ਦੇਣ ਦੀ ਪ੍ਰਕ੍ਰਿਆ ਅੱਧ ਵਿਚਾਲੇ ਲਟਕ ਗਈ। ਐਨ ਮੌਕੇ ਤੇ ਮਾਣਯੋਗ ਹਾਈ ਕੋਰਟ ਦੇ ਸਟੇਅ ਆਰਡਰ ਕਾਰਨ ਚਿਰਾਂ ਤੋਂ ਨੌਕਰੀ ਦੀ ਉਡੀਕ ਕਰ ਰਹੇ ਬਦਨਸੀਬ ਬੇਰੁਜ਼ਗਾਰਾਂ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ।

ਮਾਣਯੋਗ ਹਾਈ ਕੋਰਟ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ। ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ ਪਰ ਇਹ ਨਾ ਹੋਇਆ। ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ- ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਦੇ ਮਹੱਤਵਪੂਰਣ ਮੁੱਦੇ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਰੱਖੇ ਗਏ ਜਿਨ੍ਹਾਂ 'ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ ਜੋ ਨੌਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੌਜਵਾਨ ਅਤੇ ਚੰਗੇ ਪੜ੍ਹੇ ਲਿਖੇ ਹਨ ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਸੀ ਕਿਉਂ ਕਿ ਉਹ ਜਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ। ਕਈ ਮੀਟਿੰਗਾਂ ਪਿਛਲੇ ਅਤੇ ਮੌਜੂਦਾ ਸਿੱਖਿਆ ਮੰਤਰੀ ਨਾਲ ਹੋਣ ਉਪਰੰਤ ਕੋਈ ਸਾਰਥਕ ਹੱਲ ਨਹੀਂ ਨਿਕਲਿਆ।

ਪਿਛਲੇ ਸਮੇਂ ਵੱਖ-ਵੱਖ ਸਹਿਰਾਂ ਵਿਖੇ ਪੀੜ੍ਹਤ ਸਫਲ ਉਮੀਦਵਾਰਾਂ ਵਲੋਂ ਸਥਾਨਕ ਪੱਧਰੀ ਇਕੱਤਰਤਾ ਕਰਕੇ ਆਪਣਾ ਸਾਂਤਮਈ ਰੋਸ਼ ਪ੍ਰਗਟ ਕੀਤਾ ਹੈ। ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ 28 ਅਗਸਤ ਨੂੰ ਰੋਸ ਰੈਲੀ ਕੱਢ ਕੇ ਵੱਡਾ ਇਕੱਠ ਕਰਕੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਉਪਰੰਤ ਮੁੱਖ ਮੰਤਰੀ ਨਾਲ ਮੀਟਿੰਗ ਦੀ ਤਾਰੀਖ ਲਈ 'ਹਾਂ' ਹੋਈ ਪਰ ਇਹ ਮੀਟਿੰਗ ਨਹੀਂ ਮਿਲੀ। ਮਾਣਯੋਗ ਹਾਈ ਕੋਰਟ ਵਲੋਂ 16 ਸਤੰਬਰ ਨੂੰ ਫੈਸ਼ਲੇ ਦੀ ਕਾਪੀ ਜਾਰੀ ਕੀਤੀ ਗਈ ਜਿਸ ਵਿੱਚ ਸਰਕਾਰ ਵਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਜੋ ਊਣਤਾਈਆਂ ਪਾਈਆਂ ਗਈਆਂ ਜੋ ਕਿ ਉੱਚ ਅਧਿਕਾਰੀਆਂ ਦੀ ਅਣਗਹਿਲੀ ਸਦਕਾ ਹੋਇਆ। ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ। ਜਿਨ੍ਹਾਂ ਸਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ ਉਨ੍ਹਾਂ ਨੂੰ ਸ਼ਜਾ ਮਿਲਣੀ ਚਾਹੀਦੀ ਹੈ ਨਾ ਕਿ ਉਮੀਦਵਾਰਾਂ ਨੂੰ। ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ, ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ।

ਪੰਜਾਬ ਅੰਦਰ ਉੱਚ ਵਿਦਿਆ ਦੇ ਰਹੇ ਸਰਕਾਰੀ ਕਾਲਜਾਂ ਅੰਦਰ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਕਾਲਜ ਅਧਿਆਪਕਾਂ ਦੀ ਰੈਗੂਲਰ ਭਰਤੀ ਹੀ ਨਹੀਂ ਕੀਤੀ। ਇਨ੍ਹਾਂ 'ਚੋਂ ਨਿਯੁਕਤ ਹੋਏ ਕੁਝ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਹੋ ਚੁੱਕੇ ਹਨ ਜਿਨ੍ਹਾਂ 'ਚੋਂ 122 ਉਮੀਦਵਾਰ ਹਾਜ਼ਰੀ ਦੇਕੇ ਪੜ੍ਹਾ ਰਹੇ ਹਨ ਅਤੇ ਆਪਣੀ ਤਨਖਾਹ ਲੈ ਰਹੇ ਹਨ। ਬਾਕੀ ਜਿਹੜੇ ਨਿਯੁਕਤੀ ਪੱਤਰ ਲੈ ਚੁੱਕੇ ਹਨ, ਉਨ੍ਹਾਂ ਦੀ ਤਨਖਾਹ ਕਢਵਾਉਣ ਲਈ ਮਹਿਕਮੇ ਵਲੋਂ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕੀਤਾ ਗਿਆ, ਪਰ ਇਹ ਵੀ ਪੂਰ ਨਾ ਚੜ੍ਹਿਆ। ਬਾਅਦ 'ਚ ਨਵਾਂ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਹਨ ਉਨ੍ਹਾਂ ਕੁਲ ਲੱਗਭਗ 462 ਸਹਾਇਕ ਪ੍ਰੋਫੇਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ।

ਇਹ ਮਾਮਲਾ ਵੀ ਖਟਾਈ 'ਚ ਪੈ ਗਿਆ। ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ।ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਉਹ ਕਿਵੇਂ ਭਰਨਗੇ। ਇਹ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਜਿਨ੍ਹਾਂ 'ਚ ਕਈ ਵਿਸ਼ਿਆਂ ਦੀਆਂ ਸਿਲੈਕਸ਼ਨ ਲਿਸਟਾਂ ਰਿਕਰਿਊਟਮੈਂਟ ਸਾਈਟ ਉੱਪਰ ਪਾ ਕੇ ਬਾਅਦ 'ਚ ਹਟਾ ਦਿੱਤੀਆਂ ਗਈਆਂ ।ਉਹ ਅਜੇ ਆਪਣੇ ਭਵਿੱਖ ਲਈ ਚਿੰਤਾ-ਗ੍ਰਸ਼ਤ ਹਨ। ਜੇ ਨਵੀਂ ਸਰਕਾਰ ਚਾਹੇ ਇਨ੍ਹਾਂ ਸਫ਼ਲ ਉਮੀਦਵਾਰਾਂ ਲਈ ਜੁਆਇਨਿੰਗ ਕਰਵਾਉਣ ਲਈ ਕਾਨੂੰਨੀ ਰਾਇ ਲੈ ਕੇ ਇਨ੍ਹਾਂ ਪੀੜ੍ਹਤ ਉਮੀਦਵਾਰਾਂ ਨੂੰ ਸਪੈਸ਼ਲ ਆਰਡੀਨੈਸ ਜਾਰੀ ਕਰਕੇ ਇਸ ਮਸਲੇ ਦਾ ਹੱਲ ਕੱਢ ਸਕਦੀ ਹੈ। ਪਿਛਲੇ ਸਮੇਂ ਸਵ: ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਵੇਲੇ ਕਾਂਗਰਸ ਸਰਕਾਰ ਨੇ ਥੋਕ 'ਚ ਅਧਿਆਪਕਾਂ ਦੀ ਭਰਤੀ ਕਰਦੇ ਸਮੇਂ ਸ਼ਿਫਾਰਸੀ ਭਰਤੀ ਨਿਯਮਾਂ ਨੂੰ ਦਰਨਿਕਾਰ ਕੇ ਕੀਤੀ ਸੀ ਜੋ ਬਾਅਦ 'ਚ ਉੱਚ ਅਦਾਲਤ ਵਲੋਂ ਰੱਦ ਕੀਤੀ ਗਈ ਅਤੇ ਦੁਬਾਰਾ ਵਿਭਾਗੀ ਚੋਣ ਕਮੇਟੀਆਂ ਨੇ ਨਵੇਂ ਸਿਰਿਉਂ ਭਰਤੀ ਕੀਤੀ ਜਿਸ 'ਚ ਬਹੁਤੇ ਪਹਿਲੇ ਅਧਿਆਪਕ ਤਾਂ ਸਿਲੈਕਟ ਹੋ ਗਏ ਪਰ ਸਿਫਾਰਸ਼ੀ ਰਹਿ ਗਏ ਭਾਵੇਂ ਉਨ੍ਹਾਂ ਦੀ ਸਰਵਿਸ ਕਈ ਸਾਲ ਹੋ ਚੁੱਕੀ ਸੀ।

ਉਨ੍ਹਾਂ ਲਈ ਦੁਬਾਰਾ ਨੌਕਰੀ 'ਚ ਜਾਣ ਦਾ ਕੋਈ ਰਾਹ ਨਾ ਬਣ ਸਕਿਆ। ਸਰਕਾਰ ਬਦਲਣ ਨਾਲ ਅਕਾਲੀ ਸਰਕਾਰ ਆ ਗਈ ਤਾਂ ਮੁੱਖ ਮੰਤਰੀ ਸਵ: ਪ੍ਰਕਾਸ਼ ਸਿੰਘ ਬਾਦਲ ਨੇ ਫਿਰ ਵੀ ਉਨ੍ਹਾਂ ਦੀ ਪੀੜ੍ਹਾ ਸੁਣੀ ਅਤੇ ਸਪੈਸ਼ਲ ਆਰਡੀਨੈਂਸ ਜਾਰੀ ਕਰਕੇ ਮੁੜ ਉਨ੍ਹਾਂ ਨੂੰ ਸਕੂਲਾਂ 'ਚ ਜੁਆਇਨ ਕਰਵਾ ਦਿੱਤਾ। ਪਰ ਇਨ੍ਹਾਂ ਸਹਾਇਕ ਪ੍ਰੋਫੇਸਰਾਂ ਦੀ ਨਿਯੁਕਤੀ ਤਾਂ ਪਾਰਦਰਸ਼ੀ ਢੰਗ ਨਾਲ ਹੋਈ ਹੈ ਸੋ ਇਨ੍ਹਾਂ ਲਈ ਵੀ ਅਜਿਹਾ ਹੀ ਕੋਈ ਹੱਲ ਸਰਕਾਰ ਨੂੰ ਕਾਨੂੰਨੀ ਮਾਹਿਰਾਂ ਦੀ ਰਾਇ ਨਾਲ ਕੱਢਣਾ ਚਾਹੀਦਾ ਹੈ।


ਮੇਜਰ ਸਿੰਘ ਨਾਭਾ
91-94635-53962

ਪਰ ਹੁਣ ਸਰਕਾਰ ਦਾ ਰਵੱਈਆ ਇਨ੍ਹਾਂ ਪ੍ਰਤੀ ਕੋਈ ਵਧੀਆ ਦਿਖਾਈ ਨਹੀਂ ਦੇ ਰਿਹਾ। ਇਸੇ ਕਰਕੇ ਆਖਿਰ ਨੂੰ ਇਨ੍ਹਾਂ ਨਿਯੁਕਤ ਹੋਏ ਉਮੀਦਵਾਰਾਂ ਨੇ ਸਿੱਖਿਆ ਮੰਤਰੀ ਦੇ ਵਿਰੁੱਧ ਪਿੰਡ ਗੰਭੀਰਪੁਰ ਵਿਖੇ 31 ਅਗਸਤ 2023 ਤੋਂ ਸੜਕ ਉੱਪਰ ਹੀ 'ਪੱਕਾ ਮੋਰਚਾ' ਲਾ ਦਿੱਤਾ ਹੈ। ਪੰਜਾਬ ਦੀ ਉੱਚ ਸਿੱਖਿਆ ਪ੍ਰਾਪਤ ਕਰੀਮ ਜਿਨ੍ਹਾਂ 'ਚ ਪੀ.ਐਚ.ਡੀ. ਪ੍ਰਾਪਤ ਉ-ਮੀਦਵਾਰ ਵੀ ਹਨ , ਸੜਕਾਂ ਉੱਪਰ ਰਾਤਾਂ ਕੱਟ ਰਹੀ ਹੈ। ਜਿਸ ਵਿੱਚ ਲੜਕੀਆਂ, ਵਿਆਹੀਆਂ ਲੜਕੀਆਂ ਅਤੇ ਉਨ੍ਹਾਂ ਦੇ ਬੱਚੇ ਵੀ ਸਾਮਲ ਹਨ ਜੋ ਮੀਂਹ ਦੀ ਮਾਰ ਦੀ ਪ੍ਰਵਾਹ ਨਾ ਕਰਦੇ ਵੀ ਡੱਟੇ ਹੋਏ ਹਨ। ਨਿੱਤਨੇਮ ਸਮੇਂ ਪਾਠ ਕਰਕੇ ਆਪਣਾ ਜੀਵਨ ਵੀ ਸਫਲ ਕਰ ਰਹੇ ਹਨ। ਸਥਾਨਕ ਬੱਚਿਆਂ ਨੂੰ ਫਰੀ ਟਿਊਸ਼ਨ ਪੜ੍ਹਾਉਣ ਲਈ ਵੀ ਇਨ੍ਹਾਂ ਅਧਿਆਪਕਾਂ ਨੇ ਹੋਕਾ ਦਿੱਤਾ ਹੈ। ਇਨ੍ਹਾਂ ਸਾਰਿਆਂ ਨੂੰ ਦੇਖ ਕੇ ਜੁਝਾਰੂ ਸੋਚ ਦਾ ਉਤਪੰਨ ਹੋਣਾ ਕੁ-ਦਰਤੀ ਹੈ। ਇਸੇ ਕਾਰਨ ਮੁਲਾਜ਼ਮ ਜਥੇਬੰਦੀਆਂ, ਕਿਸਾਨ ਜਥੇਬੰਦੀਆਂ ਆਦਿ ਉਨ੍ਹਾਂ ਦਾ ਸਾਥ ਦੇਣ ਲੱਗੀਆਂ ਹਨ। ਰੋਜ਼ਾਨਾ ਵੱਖੋ-ਵੱਖਰੀਆਂ ਜਥੇਬੰਦੀਆਂ ਦੇ ਨੇਤਾ ਆ ਕੇ ਹਮਾਇਤ 'ਚ ਸੰਬੋਧਨ ਕਰਕੇ ਜਾਂਦੇ ਹਨ। ਸਰਕਾਰ ਨੂੰ ਲੋਕਾਂ ਦੇ ਵਧ ਰਹੇ ਰੋਹ ਤੋਂ ਅਗਾਊਂ ਹੀ ਕੋਈ ਹੱਲ ਜਰੂਰ ਸੋਚ ਲੈਣਾ ਚਾਹੀਦਾ ਹੈ ਤਾਂ ਜੋ ਪੰਜਾਬ ਦਾ ਮਾਹੌਲ ਸਾਂਤ ਬਣਿਆ ਰਹੇ।

ਭਾਵੇਂ ਚੋਣ ਵਾਅਦਿਆਂ 'ਚ ਇਹੀ ਸਰਕਾਰ ਦਾ ਮੁੱਖ ਮੰਤਰੀ ਸਰਕਾਰ ਆਉਣ ਤੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੀ ਗੱਲ ਕਰਦਾ ਸੀ ਪਰ ਇਹ ਵੀ ਪਿਛਲੀਆਂ ਸਰਕਾਰਾਂ ਵਾਂਗ ਉਸੇ ਲੀਹ 'ਤੇ ਚਲਦੇ ਲੱਗਦੇ ਹਨ ਜੋ ਉਨ੍ਹਾਂ ਨੂੰ ਅਗਲੀਆਂ ਆ ਰਹੀਆਂ ਲੋਕ ਸਭਾ ਚੋਣਾਂ 'ਚ ਲੋਕਾਂ ਸਾਹਮਣੇ ਜਵਾਬਦੇਹ ਹੋਣਾ ਹੋਵੇਗਾ।

ਫਿਰ ਵੀ ਆਸ ਹੈ ਕਿ ਸਰਕਾਰ ਅਸਿਸਟੈਂਟ ਪ੍ਰੋਫੈਸਰ ਦੀ ਨਿਯੁਕਤੀ ਪ੍ਰਾਪਤ ਕਰਨ ਉਪਰੰਤ ਵੀ ਸਰਕਾਰ ਦਾ ਰੱਵੀਈਆ ਰੁੱਖਾ ਹੋਣ ਕਾਰਨ ਇਸ ਧੀ ਨੇ ਆਤਮ ਹੱਤਿਆ ਦਾ ਰਾਹ ਚੁਣਿਆ ਤੋਂ ਸਬਕ ਸਿੱਖੇਗੀ ਅਤੇ ਆਪਣਾ ਪੱਖ ਹਾਈ ਕੋਰਟ 'ਚ ਮਜਬੂਤੀ ਨਾਲ ਰੱਖ ਕੇ ਸਟੇਅ ਨੂੰ ਤੜਵਾਉਣ ਲਈ ਹਰ ਸੰਭਵ ਯਤਨ ਕਰੇਗੀ ਜਾਂ ਕੋਈ ਪਹਿਲਾਂ ਹੀ ਕੋਈ ਹੋਰ ਹੱਲ ਕੱਢੇਗੀ ਤਾਂ ਕਿ ਇਹ ਭਰਤੀ ਜਲਦੀ ਸਿਰੇ ਚੜ੍ਹ ਜਾਵੇ ਜਿਸ ਨਾਲ ਰਹਿੰਦੇ ਸਫਲ ਉਮੀਦਵਾਰਾਂ ਦੇ ਸੁਪਨੇ ਸਾਕਾਰ ਹੋ ਸਕਣ ਅਤੇ ਉਚੇਰੀ ਸਿੱਖਿਆ ਦੇ ਸੁਧਾਰ ਦੀ ਗੱਲ ਵੀ ਪੂਰ ਚੜ੍ਹ ਜਾਵੇ।

***

# ਅਲੋਪ ਹੋ ਗਈ ਹੈ ਮੇਰੇ ਬਚਪਨ ਵਾਲੀ ਸਾਂਝੀ ਮਾਈ

## ਮੇਰੇ ਬਚਪਨ ਵਾਲੀ ਸਾਂਝੀ ਮਾਈ

ਪ੍ਰੋ. ਗਗਨਦੀਪ ਕੌਰ ਧਾਲੀਵਾਲ ਝਲੂਰ ਬਰਨਾਲਾ

ਦੋਸਤੋਂ ਨਰਾਤਿਆਂ ਦੇ ਆਉਣ ਤੋਂ ਕੁੱਝ ਦਿਨ ਪਹਿਲਾ ਪਿੰਡਾਂ ਵਿੱਚ ਬੱਚਿਆਂ ਵਿੱਚ ਖ਼ਾਸ ਕਰ ਕਰਕੇ ਕੁੜੀਆਂ ਵਿੱਚ ਸਾਂਝੀ ਮਾਈ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ। ਇਹ ਰੌਣਕ ਕਿਸੇ ਇੱਕ ਦੇ ਘਰ ਜਾਂ ਸਾਂਝੀ ਥਾਂ ਵਿੱਚ ਲੱਗਦੀ ਹੈ। ਮੈਨੂੰ ਵੀ ਆਪਣੇ ਬਚਪਨ ਦੀ ਸਾਂਝੀ ਮਾਈ ਯਾਦ ਆ ਗਈ ਹੈ। ਜਦੋਂ ਅਕਤੂਬਰ ਮਹੀਨਾ ਆਉਣ ਵਾਲਾ ਹੁੰਦਾ ਸੀ ਜਾਂ ਦੁਸਹਿਰੇ ਦੇ ਤਿਉਹਾਰ ਬਾਰੇ ਪਤਾ ਲੱਗ ਜਾਂਦਾ ਸੀ ਤਾਂ ਮਹੀਨਾ ਪਹਿਲਾ ਹੀ ਅਸੀਂ ਸਾਰੇ ਰਲ ਕੇ ਘਰ ਦੇ ਕੋਲੋਂ ਟੋਭੇ ਵਿੱਚੋਂ ਚੀਕਣੀ ਮਿੱਟੀ ਪੁੱਟਣ ਚਲੇ ਜਾਂਦੇ ਸੀ ਉਸ ਸਮੇਂ ਮਿੱਟੀ ਘਰ ਦੇ ਨੇੜੇ ਟੋਭੇ ਦੀ ਪੱਤਣ 'ਤੇ ਹੀ ਮਿਲਦੀ ਸੀ। ਸਾਰੇ ਆਂਢ ਗੁਆਂਢ ਦੇ ਬੱਚੇ ਖ਼ਾਸ ਕਰ ਕੁੜੀਆਂ ਸਾਰੀਆਂ ਇਕੱਠੀਆਂ ਹੋਕੇ ਮਿੱਟੀ ਲੈਣ ਚਲੀਆਂ ਜਾਂਦੀਆਂ ।ਇਹ ਸਾਰਾ ਸਮਾਨ ਉਸ ਘਰ ਵਿੱਚ ਰੱਖਿਆਂ ਹੁੰਦਾ ਸੀ ਜਿੰਨਾਂ ਨੇ ਸਾਂਝੀ ਮਾਈ ਦੀ ਸੁੱਖ ਸੁੱਖੀ ਹੁੰਦੀ ਸੀ। ਚੀਕਣੀ ਮਿੱਟੀ ਨੂੰ ਕੁੱਟ ਕੇ ਛਾਣ ਕੇ ਆਟੇ ਵਾਂਗ ਗੁੰਨ ਲੈਂਦੇ ਸੀ ਤੇ ਫਿਰ ਉਸਦੇ ਤਾਰੇ ਬਣਾਉਂਦੇ ਸੀ ਛੋਟਿਆਂ ਬੱਚਿਆਂ ਨੂੰ ਤਾਰੇ ਨਹੀਂ ਆਉਂਦੇ ਸਨ ਤਾਂ ਉਹਨਾਂ ਨੂੰ ਤਾਰੇ ਧੁੱਪੇ ਸੁੱਕਣੇ ਪਾਉਣ ਦਾ ਕੰਮ ਦਿੱਤਾ ਜਾਂਦਾ ਸੀ। ਸਕੂਲੋਂ ਆਉਣ ਸਾਰ ਸ਼ਾਮ ਦੇ ਚਾਰ ਵਜੇ ਹੀ ਤਾਰੇ ਬਣਾਉਣ ਲੱਗ ਜਾਂਦੇ ਸੀ। ਸਾਂਝੀ ਮਾਈ ਦੇ ਲਈ ਲੋੜੀਦੇ ਸਮਾਨ ਲਈ ਸਾਰਿਆਂ ਤੋਂ ਥੋੜ੍ਹੇ ਬਹੁਤੇ ਪੈਸੇ ਜਾਂ ਦਾਣੇ ਇਕੱਠੇ ਕੀਤੇ ਜਾਂਦੇ ਸੀ। ਸਾਰੇ ਜਾਣੇ ਰਲ ਕੇ ਹੀ ਸਾਂਝੀ ਮਾਈ ਤਿਆਰ ਕਰਦੇ ਸੀ। ਅੱਜ ਵੀ ਓਸੇ ਤਰ੍ਹਾਂ ਹੀ ਸਾਂਝੀ ਮਾਈ ਦੇ ਸਾਰੇ ਅੰਗ ਬਣਾਏ ਜਾਂਦੇ ਹਨ।ਮੂੰਹ ਉੱਪਰ ਕੋਡੀਆਂ ਜਾ ਕੱਚ ਦੀਆਂ ਗੋ਼ਲੀਆਂ ਲਗਾਈਆਂ ਜਾਂਦੀਆਂ ਹਨ। ਸਾਰੇ ਗਹਿਣੇ ਵੀ ਬਣਾਏ ਜਾਂਦੇ ਹਨ।ਇਹ ਸਾਰੇ ਅੰਗ ਚੰਦ, ਸੂਰਜ, ਤਾਰੇ ਗਹਿਣੇ ਸੁੱਕ ਜਾਂਦੇ ਹਨ।ਤਾਂ ਇਹਨਾਂ ਨੂੰ ਕਲੀ ਕੀਤੀ ਜਾਦੀ ਹੈ। ਪਹਿਲਾ ਨਰਾਤੇ ਵਾਲੇ ਦਿਨ ਘਰ ਦੀ ਇੱਕ ਕੰਧ ਤੇ ਪਹਿਲਾ ਗੋਹਾ ਮਿੱਟੀ ਥੱਪਿਆ ਜਾਂਦਾ ਹੈ। ਫਿਰ ਉਸ ਉਪਰ ਸਾਂਝੀ ਮਾਈ ਤੇ ਤਾਰੇ ਵੀ ਚਿਪਕਾ ਦਿੱਤੇ ਜਾਂਦੇ ਹਨ। ਸਾਂਝੀ ਮਾਈ ਉੱਤੇ ਗੋਟੇ ਵਾਲੀ ਲਾਲ ਚੁੰਨੀ ਦਿੱਤੀ ਜਾਂਦੀ ਹੈ।ਸਾਂਝੀ ਮਾਈ ਦੀ ਪੂਜਾ ਦੁਸਹਿਰੇ ਤੋਂ ਪਹਿਲਾਂ ਨੌਂ ਰਾਤਾਂ (ਨਰਾਤਿਆਂ) ਦੌਰਾਨ ਕੀਤੀ ਜਾਂਦੀ ਹੈ। ਪੰਜਾਬ ਵਿੱਚ ਸਾਂਝੀ ਮਾਈ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਨਾਲ ਤਾਰਿਆ ਦਾ ਬਰੋਟਾ ਵੀ ਲਾਇਆ ਜਾਂਦਾ ਹੈ। ਇਸ ਲੋਕ ਦੇਵੀ ਦਾ ਸਬੰਧ ਲੋਕ ਧਰਮ ਨਾਲ ਹੈ।ਪਹਿਲੇ ਨਰਾਤੇ ਮੂਰਤੀ ਹੇਠਾਂ ਕੋਰੇ ਕੁੱਜੇ ਵਿੱਚ ਜਾਂ ਭੁੰਜੇ ਹੀ ਕਿਆਰੀ ਬਣਾ ਕੇ ਜੌਂ ਬੀਜੇ ਜਾਂਦੇ ਹਨ। ਕੁੜੀਆਂ ਹਰ ਰੋਜ਼ ਸਵੇਰੇ ਪਾਣੀ ਪਾ ਇਸਨੂੰ ਮੱਥਾ ਟੇਕਦੀਆ ਹਨ। ਸਵੇਰੇ ਸਾਂਝੀ ਨੂੰ ਜਗਾਉਂਦੀਆਂ ਹਨ ।ਗੀਤ ਵੀ ਗਾਉਂਦੀਆਂ ਹਨ।

ਜਾਗ ਸਾਂਝੀ ਜਾਗ,  
ਤੇਰੇ ਮੱਥੇ ਲੱਗੇ ਭਾਗ,  
ਤੇਰੇ ਪੱਟੀਆਂ ਸਿਰ ਸੁਹਾਗ।  
ਉੱਠ ਮੇਰੀ ਸਾਂਝੀ ਉੱਠ ਕੇ ਕੂੰਡਾ ਖੋਲ  
ਕੁੜੀਆਂ ਆਈਆਂ ਤੇਰੇ ਕੋਲ ।

ਹਰ ਸ਼ਾਮ ਕੁੜੀਆਂ ਮੂਰਤੀ ਅੱਗੇ ਦੀਵੇ ਜਗਾਉ-ਦੀਆਂ ਤੇ ਗੀਤ ਗਾਉਦੀਆਂ ਹਨ। ਆਰਤੀ ਇਸ ਪ੍ਰਕਾਰ ਸ਼ੁਰੂ ਕਰਦੀਆਂ ਹਨ।

ਪਹਿਲੀ ਆਰਤੀ ਕਰਾ ਕਰਾਰ।  
ਜੀਵੇ ਮੰਗ ਵੀਰ ਪਿਆਰ।  
ਵੀਰ ਪਿਆਰ ਦੀਆਂ ਅੜੀਆ।  
ਸ਼ਿਵ ਦੁਆਲੇ ਖੜ੍ਹੀਆ।  
ਅਸੀਂ ਹਰਿ ਦਾ ਦਰਸ਼ਨ ਪਾਇਆ।

ਸਾਂਝੀ ਮਾਈ ਦੀ ਗਹਿਣਿਆਂ ਦੀ ਮੰਗ ਪੂਰੀ ਕਰਨ ਲਈ ਕੁੜੀਆਂ ਵੱਲੋਂ ਰਲ ਕੇ ਇਹ ਗੀਤ ਗਾਇਆ ਜਾਂਦਾ ਹੈ



ਮੇਰੀ ਸਾਂਝੀ ਤਾਂ ਮੰਗਦੀ  
ਛੱਜ ਭਰ ਗਹਿਣੇ?  
ਕਿੱਥੋਂ ਲਿਆਵਾ ਮੇਰੀ ਸਾਂਝੀ  
ਮੈਂ ਛੱਜ ਭਰ ਗਹਿਣੇ?  
ਵੀਰ ਮੇਰਾ ਸੁਣਿਆਰੇ ਦਾ ਸਾਖੀ  
ਉਥੇ ਲਿਆਵਾ ਮੈਂ ਛੱਜ ਭਰ ਗਹਿਣੇ।  
ਤੂੰ ਲੈ ਮੇਰੀ ਸਾਂਝੀ  
ਛੱਜ ਭਰ ਗਹਿਣੇ।

ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵਕਤ ਕੀਤੀ ਜਾਂਦੀ ਹੈ। ਦੇਵੀ ਦੀ ਆਰਤੀ ਉਤਾਰਨ ਉਪਰੰਤ ਦੇਵੀ ਨੂੰ ਭੇਟ ਕੀਤਾ ਪੰਜੀਰੀ ਦਾ ਪ੍ਰਸ਼ਾਦ ਜਾ ਖਿੱਲਾਂ ਦਾ ਭੋਗ ਸਾਰਿਆਂ ਵਿੱਚ ਵੰਡਿਆ ਜਾਂਦਾ ਹੈ। ਆਰਤੀ ਤੋਂ ਬਾਅਦ ਸਾਰੇ ਬੱਚੇ ਆਟੇ ਦੀ ਸੁੱਕੀ ਪੰਜੀਰੀ ਦੀਆਂ ਮੂੰਹ ਵਿੱਚ ਫੱਕਾ ਮਾਰਦੇ ਭੱਜੇ ਆਉਂਦੇ । ਦੁਸਹਿਰੇ ਵਾਲੇ ਦਿਨ, ਕੁੜੀਆਂ ਸਵੇਰੇ ਤਿੰਨ ਚਾਰ ਵਜੇ ਉੱਠ ਕੇ ਉਸੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਉਤਰ ਕੇ ਗੀਤ ਗਾਉਂਦੀਆਂ ਔਰਤਾਂ ਅਤੇ ਬੱਚਿਆਂ ਦੇ ਟੋਲਿਆਂ ਵਲੋਂ ਕਿਸੇ ਟੋਭੇ ਜਾਂ ਨਦੀ ਨਾਲੇ ਵਿੱਚ, ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।

ਚੰਨ ਤੇ ਸੂਰਜ ਨੂੰ ਰੱਖਿਆਂ ਜਾਂਦਾ ਸੀ ਦੀਵਾਲੀ ਤੱਕ। ਉਸ ਸਮੇਂ ਸਾਂਝੀ ਮਾਈ ਲਈ ਗੀਤ ਗਾਇਆ ਜਾਂਦਾ ਹੈ

ਨਾ ਗੋਅ ਮੇਰੀਏ ਸਾਂਝੀਏ,  
ਵਰੇ ਦਿਨਾਂ ਨੂੰ ਫੇਰ ਆਵਾਂਗੇ,  
ਤੈਨੂੰ ਫੇਰ ਲਿਆਵਾਂਗੇ।

ਇਸ ਤੋਂ ਬਾਅਦ ਗੁਰੂ ਘਰ ਮੱਥਾ ਟੇਕ ਕੇ ਫਿਰ ਸਾਰਿਆਂ ਨੂੰ ਭੋਗ ਵੰਡਿਆਂ ਜਾਂਦਾ ਹੈ। ਅਸੀਂ ਸਾਰੇ ਹੀ ਬੜੇ ਚਾਅ ਨਾਲ ਭੋਗ ਕੋਲੀਆਂ ਵਿੱਚ ਪਵਾ ਕੇ ਖਾਂਦੇ ਸੀ। ਓਸੇ ਦਿਨ ਹੀ ਕੁੜੀਆਂ ਜੌਂਆਂ ਦੀਆਂ ਹਰੀਆਂ ਲਿਟਾਂ ਭਰਾਵਾਂ ਦੀਆਂ ਪੱਗੜੀਆਂ ਜਾਂ ਕੰਨਾਂ ਉੱਤੇ ਟੰਗਦੀਆਂ ਹਨ। ਉਸ ਦਿਨ ਗੰਨਾ ਚੂਪਣਾ ਚੰਗਾ ਸਮਝਿਆਂ ਜਾਂਦਾ ਹੈ। ਦਿਨ ਚੜ੍ਹਨ 'ਤੇ ਸਾਰੇ ਅਸੀਂ ਫਿਰ ਗੰਨੇ ਚੂਪਦੇ ਤੇ ਦੁਸਹਿਰਾ ਦੇਖਣ ਜਾਂਦੇ ਸੀ। ਬਚਪਨ ਵਿੱਚ ਇਹ ਸਾਂਝੀ ਮਾਈ ਦੀ ਤਿਆਰੀ ਤੋਂ ਲੈ ਕੇ ਦੀਵਾਲੀ ਤੱਕ ਇਹ ਦਿਨ ਬੜੇ ਹੀ ਚਾਅ ਮਸਤੀ ਭਰਪੂਰ ਹੁੰਦੇ ਸੀ। ਪਰ ਅੱਜ ਕੱਲ੍ਹ ਸਾਂਝੀ ਮਾਈ ਚਾਅ ਪਿੰਡਾਂ ਵਿੱਚ ਘੱਟ ਰਿਹਾ ਹੈ। ਸਾਂਝੀ ਮਾਈ ਅਲੋਪ ਹੋ ਰਹੀ ਹੈ।

# ਸੱਭਿਆਚਾਰ, ਤਿੰਨ ਮਾਵਾਂ ਦਾ ਪਸਾਰਾ ਹੀ ਤਾਂ ਹੈ

**ਪੰਨੇ 144, ਹਾਰਡ ਜਿਲਦ ਸਮੇਤ**
**34 ਰੰਗੀਨ ਫੋਟੋਆਂ,**
**ਮੁੱਲ 200/-ਰੂ:**
**ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**


"ਸੱਭਿਆਚਾਰ, ਤਿੰਨ ਮਾਵਾਂ ਦਾ ਪਸਾਰਾ" ਪੁਸਤਕ ਰਾਹੀਂ ਅਮਰ ਗਰਗ ਕਲਮਦਾਨ ਅਤੇ ਪ੍ਰਿੰਸੀਪਲ ਪ੍ਰੇਮਲਤਾ ਦੀ ਦੰਪਤੀ ਜੋੜੀ ਨੇ ਸੱਭਿਆਚਾਰ ਦੇ ਸਮੁੰਦਰ ਵਿੱਚ ਇੰਨ੍ਹਾਂ ਡੂੰਘਾਂ ਗੋਤਾ ਲਗਾਇਆ ਹੈ ਕਿ ਸਿੱਧਾ ਤਲ ਤੋਂ ਮੋਤੀ ਚੁਗ ਲਿਆਂਦੇ ਨੇ। ਭੂਮਿਕਾ ਰਾਹੀਂ ਪੁਸਤਕ ਦੀ ਜਾਣ ਪਹਿਚਾਨ ਕਰਵਾਈ ਗਈ ਹੈ, ਲਿਖਿਆ ਹੈ, "ਧਰਤੀ ਮਾਂ, ਜਨਮਦਾਤੀ ਮਾਂ ਅਤੇ ਗਊ ਮਾਂ ਇੱਕ ਅਜਿਹਾ ਤਿਕੋਨਾ ਭੰਗੂੜਾ ਹੈ, ਜਿਸ ਉੱਪਰ ਭਾਰਤੀ ਸੱਭਿਅਤਾ, ਸੰਸਕ੍ਰਿਤੀ ਅਤੇ ਵੱਖ-ਵੱਖ ਭਾਰਤੀ ਸੱਭਿਆਚਾਰ ਉਸਰੇ ਹਨ। ਮੁੱਢ ਕਦੀਮ ਤੋਂ ਹੀ ਮਨੁੱਖੀ ਜ਼ਿੰਦਗੀ ਇਨ੍ਹਾਂ ਤਿੰਨ ਮਾਵਾਂ ਨਾਲ਼ ਜੁੜੀ ਹੋਈ ਹੈ"। ਲੇਖਕ ਨੇ ਗਊ ਵੰਸ਼ ਨੂੰ ਦੁੱਧ ਅਤੇ ਖੇਤੀ ਉਤਪਾਦਨ ਵਿੱਚ ਕਿਰਤ ਦਾ ਵਾਹਕ ਦੱਸਿਆ ਹੈ। ਲੇਖਕ ਨੇ ਮਾਂ ਬੋਲੀ ਨੂੰ ਜਨਮਦਾਤੀ ਮਾਂ ਨਾਲ਼ ਹੀ ਜੋੜਿਆ ਹੈ।

ਕਲਮਦਾਨ, ਵਿਗਿਆਨ ਦਾ ਵਿਦਿਆਰਥੀ ਹੋਣ ਦੇ ਨਾਤੇ ਆਪਣੀ ਗੱਲ ਨੂੰ ਤਰਕ ਨਾਲ਼ ਕਹਿੰਦਾ ਹੈ। ਇਸਦੇ ਨਿਬੰਧਾਂ ਵਿੱਚ ਪਦਾਰਥ ਅਤੇ ਤਰਕ ਦੀ ਪ੍ਰਧਾਨਤਾ ਨਾਲੋਂ ਨਾਲ਼ ਚੱਲਦੀ ਹੈ। ਪੁਸਤਕ ਵਿੱਚ ਕੁੱਲ 29 ਨਿਬੰਧ ਹਨ। ਹਰ ਇੱਕ ਨਿਬੰਧ ਦੇ ਅਖੀਰ ਵਿੱਚ ਲੇਖਕ ਜਾਂ ਲੇਖਿਕਾ ਦਾ ਨਾਮ ਛਪਿਆ ਹੈ। ਪੁਸਤਕ ਦਾ ਪਹਿਲਾ ਨਿਬੰਧ ਹੀ ਪਾਠਕ ਨੂੰ ਸੱਭਿਆਚਾਰ ਦੇ ਸਮੁੰਦਰ ਦੇ ਤਲ ਤੱਕ ਲੈ ਜਾਂਦਾ ਹੈ। ਕਲਮਦਾਨ ਲਿਖਦਾ ਹੈ, ਸੱਭਿਆਚਾਰ ਦੀ ਉਤਪਤੀ ਦਾ ਚਲਨ ਆਦਿ-ਮਾਨਵ ਤੋਂ ਹੀ ਸ਼ੁਰੂ ਹੋ ਗਿਆ ਸੀ। ਆਦਿ ਮਾਨਵ ਨੇ ਜਿਨ੍ਹਾਂ ਪ੍ਰਾਕ੍ਰਿਤਿਕ ਅਤੇ ਆਮ ਵਸਤਾਂ ਨੂੰ ਆਪਣੇ ਜੀਵਨ ਵਿੱਚ ਹੰਢਾਇਆ, ਉਸਨੇ ਉਨ੍ਹਾਂ ਵਸਤਾਂ ਨੂੰ ਹੀ ਮਾਨ ਅਤੇ ਸਤਿਕਾਰ ਦਿੱਤਾ, ਇੱਥੋਂ ਹੀ ਸੱਭਿਆਚਾਰ ਦੀ ਉਤਪਤੀ ਹੁੰਦੀ ਹੈ।

5000 ਸਾਲ ਪ੍ਰਾਚੀਨ ਸਿੰਧੂ ਘਾਟੀ ਸੱਭਿਅਤਾ ਦਾ ਮੁੱਖ ਕੇਂਦਰ ਹੜੱਪਾ ਅਤੇ ਹੋਰ ਮਹੱਤਵਪੂਰਨ ਸਥਾਨ ਪੰਜਾਬ ਵਿੱਚ ਹੀ ਪੈਂਦੇ ਹਨ। ਇਸ ਲਈ ਪੰਜਾਬੀ ਸੱਭਿਆਚਾਰ ਦਾ ਅਧਾਰ ਸਿੰਧ ਘਾਟੀ ਸੱਭਿਅਤਾ ਹੀ ਹੈ। ਭਾਵੇਂ ਸਿੰਧ ਘਾਟੀ ਸੱਭਿਅਤਾ ਬਹੁਤ ਪਹਿਲਾਂ ਹੀ ਅਲੋਪ ਹੋ ਗਈ ਸੀ, ਪਰ ਇਸਦੇ ਤੁਰੰਤ ਬਾਅਦ ਹੋਂਦ ਵਿੱਚ ਆਈ ਵੈਦਿਕ ਸੱਭਿਅਤਾ ਦਾ ਕੇਂਦਰ ਵੀ ਪੰਜਾਬ ਹੀ ਰਿਹਾ ਹੈ। ਵੈਦਿਕ ਸੱਭਿਅਤਾ ਨੇ ਵੀ ਸਿੰਧ ਘਾਟੀ ਸੱਭਿਅਤਾ ਦੇ ਗੁਣਾਂ ਨੂੰ ਧਾਰਨ ਕਰ ਲਿਆ ਸੀ। ਵੈਦਿਕ ਸੱਭਿਅਤਾ ਦਾ ਇੱਕ ਅਗਾਂਹ ਵਧੂ ਚਲਨ ਇਹ ਸੀ ਕਿ ਇਸ ਨੇ ਅਪਣਾਏ ਗੁਣਾਂ ਨੂੰ ਸੰਸਕ੍ਰਿਤ ਭਾਸ਼ਾ ਰਾਹੀਂ ਕਲਮਵੱਧ ਕਰ ਦਿੱਤਾ। ਵੈਦਿਕ ਸੱਭਿਅਤਾ ਦੇ ਮੁੱਢਲੇ ਗ੍ਰੰਥ ਰਿਗਵੇਦ ਦੀ ਰਚਨਾ ਵੀ ਪੰਜਾਬ ਦੀ ਧਰਤੀ ਤੇ ਹੀ ਹੋਈ ਸੀ। ਉਪਰੋਕਤ ਦੋਵੇਂ ਸੱਭਿਅਤਾਵਾਂ ਵਿੱਚ ਪ੍ਰਕ੍ਰਿਤੀ ਅਤੇ ਇਸਦੇ ਤੱਤਾਂ ਦੀ ਮਾਨਤਾ ਅਤੇ ਪੂਜਾ ਪੱਦਤੀ ਇੱਕ ਕੇਂਦਰੀ ਗੁਣ ਸੀ। ਇਹੋ ਕੇਂਦਰੀ ਗੁਣ ਪੰਜਾਬੀ ਸੱਭਿਆਚਾਰ ਦੇ ਕਣ-ਕਣ ਵਿੱਚ ਸਮਾਇਆ ਹੈ। ਪੰਜਾਬੀ ਸੱਭਿਆਚਾਰ ਦੇ ਇਸੇ ਕੇਂਦਰੀ ਗੁਣ ਕਾਰਨ, ਪੁਸਤਕ ਦਾ ਨਾਂ "ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ" ਅਤੀ ਢੁੱਕਵਾਂ ਬਣ ਜਾਂਦਾ ਹੈ।

ਕਲਮਦਾਨ ਉੱਪਰ ਮਾਰਕਸਵਾਦੀ ਸੋਚ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ, ਪਰ ਉਹ ਭਾਰਤੀ ਦਰਸ਼ਨ ਅਤੇ ਸੰਸਕ੍ਰਿਤੀ ਦਾ ਪੱਲਾ ਸਦਾ ਫੜੀ ਰੱਖਦਾ ਹੈ। ਪੁਸਤਕ ਵਿੱਚ ਦਰਜ ਆਪਣੇ ਪਹਿਲੇ ਨਿਬੰਧ ਵਿੱਚ ਹੀ ਉਹ ਨਿਰਾਕਾਰ ਈਸ਼ਵਰ ਦੀ ਨਿਰਪੇਖ ਸੋਚ ਨੂੰ ਸੰਸਾਰ ਦੇ ਕਿਸੇ ਵੀ ਸੱਭਿਆਚਾਰ ਲਈ ਪ੍ਰਮੁੱਖ ਖ਼ਤਰਾ ਦੱਸਦਾ ਹੈ। ਕਲਮਦਾਨ ਆਪਣੇ ਇਸ ਕ੍ਰਾਂਤੀਕਾਰੀ ਤਰਕ ਨੂੰ ਸਥਾਪਿਤ ਕਰਨ ਲਈ ਕਪਿਲ ਦੇ ਸੰਖਿਆ ਦਰਸ਼ਨ, ਬ੍ਰਹਸਪਤੀ ਦਾ ਲੋਕਾਇਤ ਸਿਧਾਂਤ, ਚਾਰਵਾਕ ਦਰਸ਼ਨ, ਡਾਰਵਿਨ ਅਤੇ ਏਂਜਲ ਨੂੰ ਕੋਡ ਕਰਦਾ ਹੈ। ਕਲਮਦਾਨ ਸਿਲਸਿਲੇ ਵਾਈਜ ਦੱਸਦਾ ਹੈ, ਇਸ਼ਵਰੀ ਦੂਤਾਂ ਵੱਲੋਂ, ਮੂਰਤੀ ਪੂਜਾ ਹਰਾਮ ਹੈ" ਦੇ ਅਮਰ ਵਾਕ ਤੇ ਚੱਲਦਿਆਂ, ਚੇਲਿਆਂ ਨੇ ਸੀਰੀਆ, ਇਰਾਕ, ਅਰਬ, ਇਰਾਨ ਅਫਗਾਨਿਸਤਾਨ ਅਤੇ ਸਾਂਝੇ ਹਿੰਦੋਸਤਾਨ ਵਿੱਚ ਬੇਸ਼ਕੀਮਤੀ ਅਤਿ ਪ੍ਰਾਚੀਨ ਸੰਸਕ੍ਰਿਤਿਕ ਧਰੋਹਰਾਂ ਨੂੰ ਢਾਹ ਦਿੱਤਾ ਅਤੇ ਬਚੀਆਂ ਹੋਈਆਂ ਸੰਸਕ੍ਰਿਤਿਕ ਧਰੋਹਰਾਂ ਨੂੰ ਅੱਜ ਵੀ ਖ਼ਤਰਾ ਬਣਿਆ ਹੋਇਆ ਹੈ। ਇਸੇ ਤਰਾਂ ਈਸ਼ਵਰੀ ਦੂਤ ਨਿਰਾਕਾਰ ਈਸ਼ਵਰ ਤੋਂ ਬਿਨ੍ਹਾਂ ਸਾਰੀਆਂ ਭੌਤਿਕ ਵਸਤਾਂ (ਧਰਤੀ, ਸੂਰਜ, ਰੁੱਖ, ਜੀਵ, ਨਦੀਆਂ, ਸਮੁੰਦਰ ਆਦਿ) ਦੀ ਪੂਜਾ ਪੱਦਤੀ ਅਤੇ ਕਲਾਤਮਕ ਤੱਤਾਂ ਨੂੰ ਰੱਦ ਕਰਦੇ ਹਨ। ਭਾਵ ਉਹ ਮਨੁੱਖ ਦੇ ਕੁਦਰਤੀ ਸੱਭਿਆਚਾਰ ਨੂੰ ਰੱਦ ਕਰਦੇ ਹਨ।

ਇਸ ਪਹਿਲੇ ਨਿਬੰਧ ਵਿੱਚ ਹੀ ਕਲਮਦਾਨ ਨੇ ਸਰਲ ਤਰੀਕੇ ਨਾਲ਼ ਸੱਭਿਅਤਾ ਅਤੇ ਸੱਭਿਆਚਾਰ ਵਿੱਚ ਬੁਨਿਆਦੀ ਅੰਤਰ ਦੱਸਦੇ ਹੋਏ, ਦੋਵਾਂ ਨੂੰ ਇੱਕ ਸਾਬਿਤ ਕੀਤਾ ਹੈ। ਹਰੇਕ ਪ੍ਰਾਕ੍ਰਿਤਿਕ ਸੱਭਿਆਚਾਰ ਵਿੱਚ ਸੱਭਿਅਤਾ ਗੌਣ ਰੂਪ ਵਿੱਚ ਵਿਰਾਜਮਾਨ ਹੁੰਦੀ ਹੈ, ਜਦੋਂ ਕਿ ਸੱਭਿਆਚਾਰ ਪੂਰੀ ਤਰਾਂ ਜੀਵੰਤ ਦਿਖਾਈ ਦਿੰਦਾ ਹੈ। ਅਸਲ ਵਿੱਚ ਸੱਭਿਅਤਾ ਹੀ, ਸੱਭਿਆਚਾਰਾਂ ਦੇ ਰੂਪ ਵਿੱਚ ਜੀਵੰਤ ਹੁੰਦੀ ਹੈ। ਜਿਵੇਂ ਵੈਦਿਕ ਸੱਭਿਅਤਾ ਨੇ ਦੱਸਿਆ ਕਿ ਧਰਤੀ ਦਾ ਰੁਤਵਾ ਮਾਂ ਦੇ ਬਰਾਬਰ ਹੈ, ਤਾਂ ਇਸ ਗੁਣ ਨੂੰ ਭਾਰਤ ਦੀ ਧਰਤੀ ਤੇ ਉਸਰੇ ਸਾਰੇ ਸੱਭਿਆਚਾਰਾਂ ਵਿੱਚ ਮੌਜੂਦ ਮੋਢੀ ਗੁਣ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਸੱਭਿਅਤਾ ਇੱਕ ਵੱਡੇ ਵਿਆਪਕ ਖੇਤਰ ਵਿੱਚ ਫੈਲੀ ਹੁੰਦੀ ਹੈ ਅਤੇ ਸੱਭਿਆਚਾਰ ਵੱਖ ਵੱਖ ਭੂਗੋਲਿਕ ਖੰਡਾਂ ਵਿੱਚ ਵੰਡੇ ਹੁੰਦੇ ਹਨ ਅਤੇ ਇਹ ਸਾਰੇ ਸੱਭਿਆਚਾਰ ਇੱਕ ਸਾਂਝੀ ਸੱਭਿਅਤਾ ਦੇ ਪ੍ਰਭਾਵ ਅਧੀਨ ਹੁੰਦੇ ਹਨ।




ਅਸਲ ਵਿੱਚ ਪਹਿਲਾ ਨਿਬੰਧ : "ਜੜ ਸੱਭਿਅਤਾ ਅਤੇ ਸੱਭਿਆਚਾਰ ਮਨੁੱਖੀ ਸ਼ਾਂਤੀ ਅਤੇ ਸਰਵਗੁਣ ਉੱਨਤੀ ਲਈ ਧਰਾਤਲ ਹਨ" ਕਲਮਦਾਨ ਦਾ ਦਿੱਤਾ "ਦੋ "ਜ" ਸਿਧਾਂਤ ਜੜ ਨਾਲ਼ ਜੁੜਤਾ ਅਤੇ ਯੂਰਪ ਵਿੱਚ ਆਏ ਪੂਨਰ ਜਾਗਰਣ ਵਾਂਗ ਨਵੀਂ ਜਾਗ੍ਰਤੀ ਨੂੰ ਸਥਾਪਿਤ ਕਰਦਾ ਹੈ। 15ਵੀਂ ਸਦੀ ਦੇ ਯੂਰਪ ਵਿੱਚ ਆਈ "ਪੁਨਰ ਜਾਗਰਣ" ਦੀ ਲਹਿਰ ਇਹੋ ਸੀ ਕਿ ਇਸਨੇ ਪ੍ਰਾਚੀਨ ਸੱਭਿਆਤਾਵਾਂ ਅਤੇ ਸੱਭਿਆਚਾਰਾਂ ਦੀ ਪੁਨਰ ਸਥਾਪਤੀ ਨੂੰ ਜਨਮ ਦਿੱਤਾ। ਇਸ "ਪੁਨਰ ਜਾਗਰਣ" ਦੀ ਆਤਮਾ ਰੋਮਨ ਅਤੇ ਯੁਨਾਨ ਦੀਆਂ ਪ੍ਰਾਚੀਨ ਸੱਭਿਆਤਾਵਾਂ ਦੇ ਮੋਢੇ ਤੇ ਚੜਕੇ ਨਵੇਂ ਵਿਚਾਰਾਂ ਨੂੰ ਲੈ ਕੇ ਆਈ ਸੀ। ਇਸ ਮਹਾਨ ਸਮੇਂ ਨੇ ਯੂਰਪ ਵਿੱਚ ਪ੍ਰਗਟਾਵੇ ਦੀ ਆਜਾਦੀ, ਵਿਗਿਆਨਕ ਸੋਚ, ਖੋਜਾਂ, ਵਿਦਿਅਕ ਪ੍ਰਸਾਰ, ਕਲਾ ਅਤੇ ਮਹਾਨ ਸਾਹਿਤ ਨੂੰ ਜਨਮ ਦਿੱਤਾ।

ਪੁਸਤਕ ਵਿੱਚ ਕਲਮਦਾਨ ਦੇ ਪਹਿਲੇ ਨਿਬੰਧ ਤੋਂ ਇਲਾਵਾ ਦੋ ਨਿਬੰਧ ਹੋਰ ਹਨ, ਜਿਨ੍ਹਾਂ ਵਿੱਚ, "ਭਾਸ਼ਾ ਦੇ ਪ੍ਰਫੁੱਲਤ ਹੋਣ ਵਿੱਚ ਉਸਦੀ ਆਪਣੀ ਲਿੱਪੀ ਹੀ ਜੜ੍ਹ ਦਾ ਕੰਮ ਕਰਦੀ ਹੈ", "ਭਗਤ ਸਿੰਘ ਉੱਪਰ ਹਮਲਾ, ਪੰਜਾਬ ਦੇ ਵੀਰ ਰਸੀ ਸੱਭਿਆਚਾਰ ਉੱਪਰ ਹਮਲਾ ਹਨ। ਇਨ੍ਹਾਂ ਦੇ ਸਿਰਲੇਖ ਹੀ ਨਿਬੰਧਾਂ ਵਿਚਲੀ ਫਿਲਾਸਫੀ ਨੂੰ ਅੱਖਾਂ ਸਾਹਮਣੇ ਲੈ ਆਉਂਦੇ ਹਨ।

ਪੁਸਤਕ ਦੀ ਜਿਲਦ ਦੇ ਪਿਛਲੇ ਪੰਨੇ ਉੱਪਰ ਇੱਕ ਵਿਸ਼ਵ ਪ੍ਰਸਿੱਧ ਚਿੰਤਕ ਦਾ ਸੰਦੇਸ਼ ਅਤੇ ਫੋਟੋ ਛਪੀ ਹੈ। ਲਿਖਿਆ ਹੈ, ਪਾਕਿਸਤਾਨ ਪੰਜਾਬੀ ਮੂਲ ਦੇ ਅਤੇ ਕੈਨੇਡਾ ਦੇ ਨਾਗਰਿਕ ਸ਼੍ਰੀ ਤਾਰਿਕ ਫਤੇਹ ਭਾਰਤ ਦੀ ਵੈਦਿਕ ਸੱਭਿਅਤਾ ਨੂੰ ਇੱਕ ਮਾਤਰ ਬਚੀ ਹੋਈ ਪ੍ਰਾਚੀਨ ਸੱਭਿਅਤਾ ਮੰਨਦੇ ਹਨ ਅਤੇ ਉਹ ਇਸ ਸੱਭਿਅਤਾ ਨੂੰ ਪੂਰੀ ਦੁਨੀਆਂ ਨੂੰ ਰਾਸਤਾ ਦਿਖਾਉਣ ਵਾਲੀ ਭਵਿੱਖ ਦੀ ਸੱਭਿਅਤਾ ਵੀ ਦੱਸਦੇ ਹਨ। ਕਲਮਦਾਨ ਵੀ ਆਪਣੇ ਪਹਿਲੇ ਨਿਬੰਧ ਵਿੱਚ ਲਿਖਦਾ ਹੈ , ਕਿੰਨੀ ਵਿਗਿਆਨਿਕ ਹੈ ਵੈਦਿਕ ਸੱਭਿਅਤਾ, ਯਜੁਰ ਵੇਦ ਦੱਸਦਾ ਹੈ, ਸਾਡਾ ਇਹ ਜੀਵ ਜਗਤ ਪੰਜ ਅਧਾਰ ਭੂਤ ਤੱਤਾਂ ਦੇ ਪ੍ਰਾਕ੍ਰਿਤਿਕ ਸੰਜੋਗ ਨਾਲ਼ ਹੋਂਦ ਵਿੱਚ ਆਇਆ ਹੈ। ਇਹ ਅਧਾਰਭੂਤ ਤੱਤ ਹਨ, ਧਰਤੀ, ਸੂਰਜ (ਅਗਨੀ), ਪਾਣੀ, ਹਵਾ (ਆਕਸੀਜਨ) ਅਤੇ ਨਿਰਵਾਤ, ਜਦੋਂ ਮਨੁੱਖ ਚੰਦਰਮਾ ਤੇ ਪਹੁੰਚਿਆ, ਤਾਂ ਉੱਥੇ ਉਸਨੂੰ ਨਾ ਕੋਈ ਜੀਵ ਮਿਲਿਆ ਅਤੇ ਨਾਂ ਹੀ ਪੌਦਾ, ਕਿਉਂਕਿ ਉੱਥੇ ਦੋ ਅਧਾਰ ਭੂਤ ਤੱਤ ਇੱਕ ਹਵਾ, ਦੂਜਾ ਪਾਣੀ ਨਹੀਂ ਹਨ। ਅੱਜ ਭਾਰਤ ਦੀ ਧਰਤੀ ਉੱਪਰ ਉਸਰੇ ਸਾਰੇ ਸੱਭਿਆਚਾਰਾਂ ਵਿੱਚ ਜੀਵਨ ਲਈ ਉੱਤਰਦਾਈ ਪੰਜ ਅਧਾਰਭੂਤ ਤੱਤਾਂ ਦੀ ਮਾਨਤਾ ਅਤੇ ਪੂਜਾ ਪੱਦਤੀ ਜਿਉਂਦੀ ਹੈ।

ਪੁਸਤਕ ਵਿੱਚ ਪ੍ਰੇਮਲਤਾ ਪ੍ਰਿੰਸੀਪਲ ਦੇ ਕੁਝ ਨਿਬੰਧ ਜਿਨ੍ਹਾਂ ਵਿੱਚ : "ਖੋਖਲੇ ਅਤੇ ਹਲਕੇ ਅਜੋਕੇ ਪੰਜਾਬੀ ਗੀਤ ਪੰਜਾਬੀ ਬੋਲੀ ਅਤੇ ਸੱਭਿਆਚਾਰ ਦੀਆਂ ਜੜ੍ਹਾਂ ਨੂੰ ਸਿਉਂਕ ਵਾਂਗ ਖਾ ਰਹੇ ਹਨ,"ਉੱਤਰੀ ਅਤੇ ਮੱਧ ਭਾਰਤ ਵਿੱਚ ਭਗਤੀ ਲਹਿਰ ਦੇ ਸਿਰਜਕ ਸੰਤ ਰਾਮਾਨੰਦ, "ਏਂਜਲ ਦੇ ਸਿਧਾਂਤ ਬਾਂਦਰ ਤੋਂ ਮਨੁੱਖ ਤੱਕ ਕਿਰਤ ਦੀ ਭੂਮਿਕਾ ਤੋਂ ਬਿਨ੍ਹਾਂ ਡਾਰਵਿਨ ਅਧੂਰਾ ਹੈ", "ਰਿਗਵੇਦ ਦੀਆਂ ਔਰਤ ਰਿਸ਼ੀਕਾਵਾਂ ਇੱਕ ਮਹਾਨ ਪਰੰਪਰਾ,"ਮਾਤਰ ਦੇਵੀ ਦੀ ਮਾਨਤਾ ਅਤੇ ਪੂਜਾ ਦਾ ਪੰਜਾਬੀ ਸੱਭਿਆਚਾਰ ਵਿੱਚ ਅਹਿਮ ਸਥਾਨ" ਅਤੇ "ਕਸ਼ਮੀਰ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਉੱਕਰੀਆਂ ਚਾਰ ਔਰਤਾਂ, ਆਦਿ ਫਿਲਾਸਫੀਕਲ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਦੇ ਹਨ। ਇਨ੍ਹਾਂ ਨਿਬੰਧਾਂ ਦਾ ਸਾਡੇ ਸੱਭਿਆਚਾਰ ਨਾਲ਼ ਗਹਿਰਾ ਸੰਬੰਧ ਹੈ। ਪ੍ਰੇਮਲਤਾ ਦਾ ਇੱਕ ਨਿਬੰਧ ਵਾਤਾਵਰਣ ਨਾਲ਼ ਸੰਬੰਧਿਤ ਹੈ, ਜਿਸਦਾ ਨਾਮ ਹੈ : "ਵਾਤਾਵਰਣ ਦੀ ਰੱਖਿਆ ਅਤੇ ਸਵੱਛਤਾ ਪੰਜਾਬੀ ਸੱਭਿਆਚਾਰ ਦੇ ਕਣ-ਕਣ ਵਿੱਚ ਸਮਾਏ ਹਨ, "ਇਹ ਨਿਬੰਧ 2013 ਵਿੱਚ ਵਾਤਾਵਰਣ ਦੀ ਰੱਖਿਆ ਲਈ ਨੌ "ਛ" ਲਹਿਰ ਸਿਰਲੇਖ ਹੇਠ ਲਿਖਿਆ ਗਿਆ ਅਤੇ ਸ਼੍ਰੀ ਨਰਿੰਦਰ ਮੋਦੀ (ਉਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ) ਜੀ ਵੱਲੋਂ ਇਸ ਨਿਬੰਧ ਦੇ ਲਈ ਲੇਖਿਕਾ ਨੂੰ 24-04-2013 ਮਿਤੀ ਅੰਕਿਤ ਪ੍ਰਸ਼ੰਸ਼ਾ ਪੱਤਰ ਮਿਲ ਚੁੱਕਾ ਹੈ ਅੱਗੇ ਚੱਲ ਕੇ ਇਹ ਨਿਬੰਧ 2014 ਵਿੱਚ "ਸਵੱਛ ਭਾਰਤ ਅਭਿਆਨ" ਦਾ ਅਧਾਰ ਵੀ ਬਣਿਆ।

ਪੁਸਤਕ ਵਿੱਚ ਪ੍ਰਿੰਸੀਪਲ ਪ੍ਰੇਮ ਲਤਾ ਦੇ ਸੱਭਿਆਚਾਰ ਨਾਲ਼ ਸੰਬੰਧਤ ਮਹੱਤਵਪੂਰਨ ਵਸਤਾਂ, ਕਿਰਤ ਅਤੇ ਕਲਾ ਨਾਲ਼ ਸੰਬੰਧਤ ਨਿਬੰਧ ਅਤੇ ਮਹੱਤਵਪੂਰਨ ਤਿਉਹਾਰਾਂ ਨਾਲ਼ ਸੰਬੰਧਤ ਭਾਵੁਕ ਕਰਨ ਵਾਲੇ ਨਿਬੰਧ ਹਨ। ਇਨ੍ਹਾਂ ਨਿਬੰਧਾਂ ਵਿੱਚ ਸ਼ਿੰਗਾਰ ਰਸ ਡੁੱਲ੍ਹ ਡੁੱਲ੍ਹ ਪੈਂਦਾ ਹੈ। ਇਹ ਨਿਬੰਧ ਹਨ, "ਪੰਜਾਬੀ ਸੱਭਿਆਚਾਰ ਵਿੱਚ ਕਿਰਤ ਅਤੇ ਕਲਾ ਦਾ ਪ੍ਰਤੀਕ ਚਰਖਾ, "ਸਾਉਣ ਮਹੀਨਾ ਦਿਨ ਤੀਆਂ ਦੇ ਪਿੱਪਲੀ ਪੀਂਘਾ ਪਾਈਆਂ", "ਨੀ ਲੈਦੇ ਮਾਏਂ ਕਾਲਿਆਂ ਬਾਗਾਂ ਦੀ ਮਹਿੰਦੀ, "ਸ਼ਿੰਗਾਰ ਰਸ ਦੀ ਚਾਸ਼ਨੀ ਚ ਘੁਲਿਆ ਪੰਜਾਬੀ ਸੱਭਿਆਚਾਰ, "ਆ ਵਣਜਾਰਿਆ ਬਹਿ ਵਣਜਾਰਿਆ ਕਿੱਥੇ ਕੁ ਤੇਰੇ ਘਰ ਵੇ, "ਕੰਨਾਂ ਦੇ ਵਿੱਚ ਪਿੱਪਲ ਪੱਤੀਆਂ ਬਾਹੀਂ ਚੂੜਾ ਛਣਕੇ, "ਡੱਕ ਕਹੇ ਸੁਣ ਭੱਡਲੀ, "ਗਿੱਦੜ ਗਿੱਦੜੀ ਦਾ ਵਿਆਹ,"ਚਾਨਣ ਦੀ ਫੁਲਕਾਰੀ ਤੋਪਾ ਕੋਣ ਭਰੇ,"ਖੂਹ ਮੇਰੇ ਮਾਹੀਂ ਦਾ ਲੋਕੀਂ ਘੜੇ ਭਰੇਂਦੇ ਨੇ , "ਪੰਜਾਬੀ ਸੱਭਿਆਚਾਰ ਵਿੱਚ ਚਿੱਤਰਕਾਰੀ ਦਾ ਵਿਸ਼ੇਸ਼ ਸਥਾਨ, "ਨਹੀਂ ਸਾਨੂੰ ਤੇਰੀ ਚੂਰੀ ਦੀ ਲੋੜ ਬਸ ਛੱਡਦੇ ਸਾਡੇ ਪਿੱਪਲ ਬੋਹੜ, "ਕਿੱਥੇ ਗਈਐਂ ਮਾਰ ਉਡਾਰੀ ਨੀ ਚਿੜੀਏ, "ਬਾਲਾ ਚੰਦਾਂ ਅਰਘ ਦੇਈਂ ਅਰਘ ਦੇਈਂ ਘਰਵਾਰ, "ਹੱਥੀਂ ਮਹਿੰਦੀ ਰੰਗਲੀ ਬਾਹੀਂ ਚੂੜਾ ਲਾਲ, "ਨੇਕ ਨਸੀਬ ਤੇਰੇ ਓ ਘੜਿਆ ਚੜ੍ਹਿਆ ਜਾਨਾ ਢਾਕ ਪਰਾਈ, "ਲੰਬੜਾ ਜੋਰੇ ਜਗਾ ਲੈ ਵੇ ਜਾਗੋ ਆਈ ਆ, "ਚਾਨਣ ਅਤੇ ਖੁਸ਼ਹਾਲੀ ਦਾ ਪ੍ਰਤੀਕ ਤਿਉਹਾਰ ਦੀਵਾਲੀ" ਆਦਿ ਪ੍ਰਿੰਸੀਪਲ ਪ੍ਰੇਮ ਲਤਾ ਦੇ ਅਜਿਹੇ ਨਿਬੰਧ ਹਨ, ਜਿਨ੍ਹਾਂ ਦੇ ਸਿਰਲੇਖ ਪੜ੍ਹਣ ਨਾਲ਼ ਹੀ ਨਿਬੰਧਾਂ ਵਿਚਲੇ ਸੱਭਿਆਚਾਰਕ ਰਸ ਦਾ ਬੋਧ ਹੋ ਜਾਂਦਾ ਹੈ। ਇਨ੍ਹਾਂ ਨਿਬੰਧਾਂ ਵਿੱਚ ਲੇਖਿਕਾ ਨੇ ਲੋਕ ਬੋਲੀਆਂ ਨੂੰ ਵਿਸ਼ੇਸ਼ ਥਾਂ ਦਿੱਤੀ ਹੈ, ਜਿਸ ਕਾਰਨ ਇਹ ਨਿਬੰਧ ਰੌਚਕਤਾ ਭਰਪੂਰ ਬਣ ਗਏ ਹਨ। ਪੁਸਤਕ ਵਿਚਲਾ ਹਰੇਕ ਨਿਬੰਧ ਅਖਬਾਰਾਂ ਵਿੱਚ ਵੀਛਪ ਚੁੱਕਾ ਹੈ।

ਪ੍ਰਿੰਸੀਪਲ ਪ੍ਰੇਮਲਤਾ ਦੁਆਰਾ ਰਚਿਤ ਨਿਬੰਧ "ਉੱਤਰ ਅਤੇ ਮੱਧ ਭਾਰਤ ਵਿੱਚ ਭਗਤੀ ਲਹਿਰ ਦੇ ਸਿਰਜਕ ਸੰਤ ਰਾਮਾਨੰਦ", ਉੱਤਰੀ ਭਾਰਤ ਵਿੱਚ ਚੱਲੀ ਭਗਤੀ ਲਹਿਰ ਦਾ ਸਿਲਾਲੇਖ ਹੈ। ਇਹ ਨਿਬੰਧ ਉੱਚ ਪੱਧਰ ਦੇ ਗਿਆਨ ਦਾ ਸਰੋਤ ਹੈ। ਲੇਖਿਕਾ ਲਿਖਦੀ ਹੈ, ਉੱਤਰੀ ਭਾਰਤ ਵਿੱਚ ਮੁਸਲਿਮ ਪ੍ਰਚਾਰਕਾਂ ਵੱਲੋਂ ਨਿਰਾਕਾਰ ਈਸ਼ਵਰ ਦੀ ਮਹਿਮਾ ਜਗਾਉਣ ਦੇ ਨਤੀਜੇ ਵਜੋਂ ਵੱਡੇ ਪੱਧਰ ਉੱਪਰ ਲੋਕਾਂ ਦੇ ਧਰਮ ਪਰਿਵਰਤਨ ਦਾ ਸਿਲਸਿਲਾ ਵੱਡੇ ਪੱਧਰ ਤੇ ਚੱਲ ਪਿਆ ਸੀ। ਇਸ ਵਰਤਾਰੇ ਨੂੰ ਰੋਕਣ ਲਈ ਸੰਤ ਰਾਮਾਨੰਦ ਜੀ ਨੇ ਭਗਤੀ ਲਹਿਰ ਚਲਾਈ। ਆਪ ਨੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਤ ਮਹਾਂ ਪੁਰਸ਼ਾਂ ਨੂੰ ਉੱਚ ਵਿੱਦਿਆ ਦੇ ਕੇ ਉੱਚ ਕੋਟੀ ਦੇ ਸੰਤ ਬਣਾਇਆ ਅਤੇ ਭਾਰਤ ਦੇ ਵੱਖ-ਵੱਖ ਕੋਨਿਆਂ ਵਿੱਚ ਭੇਜ ਦਿੱਤਾ। ਪੁਸਤਕ ਵਿੱਚ 56 ਸੰਤਾਂ ਦੇ ਨਾਮ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਕਬੀਰ ਜੀ, ਰਵਿਦਾਸ ਜੀ, ਧੰਨਾ ਜੀ, ਸੈਨ ਜੀ, ਪੀਪਾ ਜੀ, ਨਾਮਦੇਵ ਜੀ ਪ੍ਰਮੁੱਖ ਹਨ। ਇਨ੍ਹਾਂ ਸੰਤਾਂ ਨੇ ਨਿਰਗੁਣ ਅਤੇ ਸਰਗੁਣ ਪਰੰਪਰਾਵਾਂ ਦੇ ਸੰਗਮ ਨਾਲ਼ ਸਾਰੇ ਉੱਤਰੀ ਭਾਰਤ ਵਿੱਚ ਭਗਤੀ ਲਹਿਰ ਨੂੰ ਫੈਲਾ ਦਿੱਤਾ। ਭਗਤੀ ਲਹਿਰ ਦਾ ਖਾਸਾ ਅਡੰਬਰਾਂ ਤੋਂ ਦੂਰ ਲੋਕ ਪੱਖੀ ਸੀ। ਲੇਖਿਕਾ ਨੇ ਧੰਨਾ ਭਗਤ ਦੀ ਫੋਟੋ ਸਮੇਤ ਉਨ੍ਹਾਂ ਦੀ ਬਾਣੀ ਦਾ ਪਦਾਰਥੀ ਤੱਤ ਸਾਰ ਪੇਸ਼ ਕੀਤਾ ਹੈ। ਇਹ ਲੇਖਕ ਦੀ ਲੇਖਣੀ ਦਾ ਕਮਾਲ ਹੁੰਦਾ ਹੈ ਕਿ ਉਹ ਆਪਣੇ ਸਾਹਮਣੇ ਸਾਪੇਖਿਕ ਰੱਬ ਨੂੰ ਵੀ ਖੜਾ ਕਰ ਲੈਂਦਾ ਹੈ। ਜਦੋਂ ਰੱਬ ਨੇ ਧੰਨੇ ਨੂੰ ਕੁਝ ਮੰਗਣ ਲਈ ਕਿਹਾ, ਤਾਂ ਉਸਨੇ ਮਨੁੱਖੀ ਜ਼ਿੰਦਗੀ ਵਿੱਚ ਲੋੜੀ ਦੀਆਂ ਵਸਤਾਂ, ਜਿਨ੍ਹਾਂ ਵਿੱਚ ਦਾਲ ਸੀਧਾ, ਕੱਪੜਾ, ਅਨਾਜ, ਜਮੀਨ ਦਾ ਇੱਕ ਟੁਕੜਾ, ਗਊ, ਭੈਂਸ, ਘੋੜੀ ਅਤੇ ਇੱਕ ਸੁੰਦਰ ਪਤਨੀ ਦੀ ਮੰਗ ਕੀਤੀ। ਇਸੇ ਤਰਾਂ ਲੇਖਿਕਾ ਨੇ ਨਾਮਦੇਵ ਦੀ ਬਾਣੀ "ਮਾਇ ਨਾ ਹੋਤੀ ਬਾਪੁ ਨਾ ਹੋਤਾ ਕਰਮੁ ਨਾ ਹੋਤੀ ਕਾਇਆ, ਹਮ ਨਹੀਂ ਹੋਤੇ, ਤੁਮ ਨਹੀਂ ਹੋਤੇ ਕਵਨੁ ਕਹਾਂ ਤੇ ਆਇਆ", ਬਾਣੀ ਦੀਆਂ ਉਦਾਹਰਨਾਂ ਦੇਕੇ ਮਨੁੱਖੀ ਜ਼ਿੰਦਗੀ ਦਾ ਪਦਾਰਥੀ ਅਤੇ ਵਿਗਿਆਨਿਕ ਅਧਾਰ ਪੁਖਤਾ ਕੀਤਾ ਹੈ। ਲੇਖਿਕਾ ਨੂੰ ਸੱਭਿਆਚਾਰ ਦੇ ਪਤਨ ਦਾ ਵੀ ਅਭਾਸ ਹੁੰਦਾ ਹੈ, ਤਾਂ ਲੇਖਿਕਾ ਦੀਆਂ ਸਤਰਾਂ ਵਿੱਚ ਕਰੁਣਾ ਰਸ ਝਲਕਦਾ ਹੈ। "ਖੂਹ ਮੇਰੇ ਮਾਹੀ ਦਾ" ਨਿਬੰਧ ਨੂੰ ਲੇਖਿਕਾ ਇੱਕ ਕਵੀ ਦੀਆਂ ਸਤਰਾਂ ਨਾਲ਼ ਮੁਕੰਮਲ ਕਰਦੀ ਹੋਈ ਸੱਭਿਆਚਾਰ ਦੀ ਸੁਰਜੀਤੀ ਲਈ ਇੱਕ ਆਸ ਦੀ ਕਿਰਨ ਜਗਾਉਂਦੀ ਹੈ।

ਓ ਖੁਸ਼ਦਿਲ ਸੋਹਣੀਓ ਰੂਹੋ,
ਰੁਮਝੁਮ ਰੁਮਕਦੇ ਖੂਹੋ,
ਮੇਰੇ ਪਿੰਡ ਦੀਓ ਜੂਹੋ,
ਤੁਸੀਂ ਹਰਗਿਜ ਨਾ ਕਮਲਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ।

ਪੁਸਤਕ ਦੇ ਅੰਤ ਵਿੱਚ 34 ਦੇ ਲਗਭਗ ਰੰਗੀਨ ਚਿੱਤਰ ਦਿੱਤੇ ਗਏ ਹਨ। ਇਨ੍ਹਾਂ ਚਿੱਤਰਾਂ ਦੇ ਹਵਾਲੇ ਨਿਬੰਧਾਂ ਵਿੱਚ ਸ਼ਾਮਲ ਹਨ। ਅੰਤ ਵਿੱਚ ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ, ਪੁਸਤਕ ਸੱਭਿਆਚਾਰ ਦੇ ਪਿੜ ਵਿੱਚ ਇੱਕ ਮੀਲ ਪੱਥਰ ਸਾਬਿਤ ਹੋਵੇਗੀ।

**ਡਾ. ਅਮਰ ਕੋਮਲ**
**ਸ਼੍ਰੋਮਣੀ ਸਾਹਿਤਕਾਰ**
**ਮੋਬ : 84378-73565**

## ਅਫਗਾਨਿਸਤਾਨ ਨੇ ਚੇਨਈ 'ਚ ਰਚਿਆ ਇਤਿਹਾਸ, ਵਨਡੇ ਕ੍ਰਿਕਟ 'ਚ ਪਾਕਿਸਤਾਨ ਹਰਾਇਆ

ਅਫਗਾਨਿਸਤਾਨ ਨੇ ਆਈਸੀਸੀ ਵਿਸ਼ਵ ਕੱਪ 2023 ਵਿੱਚ ਇੱਕ ਹੋਰ ਵੱਡੀ ਪਰੇਸ਼ਾਨੀ ਪੈਦਾ ਕੀਤੀ ਹੈ। ਚੇਨਈ ਦੇ ਚੇਪੌਕ ਸਟੇਡੀਅਮ 'ਚ ਅਫਗਾਨਿਸਤਾਨ ਦੇ ਜਾਂਬਾਜ਼ਾਂ ਨੇ ਇਤਿਹਾਸ ਰਚ ਦਿੱਤਾ ਹੈ। ਅਫਗਾਨਿਸਤਾਨ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਪਾਕਿਸਤਾਨ ਨੂੰ 8 ਵਿਕਟਾਂ ਨਾਲ ਹਰਾਇਆ। ਪਾਕਿ-ਸਤਾਨ ਵੱਲੋਂ ਦਿੱਤੇ 283 ਦੌੜਾਂ ਦੇ ਟੀਚੇ ਨੂੰ ਅਫਗਾਨਿਸਤਾਨ ਦੇ ਬੱਲੇਬਾਜ਼ਾਂ ਨੇ ਸਿਰਫ ਦੋ ਵਿਕਟਾਂ ਗੁਆ ਕੇ ਹਾਸਲ ਕਰ ਲਿਆ। ਅਫਗਾਨਿ-ਸਤਾਨ ਨੇ ਵਨਡੇ ਕ੍ਰਿਕਟ 'ਚ ਪਹਿਲੀ ਵਾਰ ਪਾਕਿਸਤਾਨ ਨੂੰ ਹਰਾਇਆ ਹੈ।




ਪਾਕਿਸਤਾਨ ਵੱਲੋਂ ਦਿੱਤੇ 283 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਅਫਗਾਨਿਸਤਾਨ ਦੀ ਟੀਮ ਨੂੰ ਰਹਿਮਾਨੁੱਲਾਹ ਗੁਰਬਾਜ਼ ਅਤੇ ਇਬਰਾਹਿਮ ਜ਼ਦਰਾਨ ਨੇ ਜ਼ਬਰਦਸਤ ਸ਼ੁਰੂਆਤ ਦਿੱਤੀ । ਦੋਵਾਂ ਨੇ ਹਮਲਾਵਰ ਬੱਲੇਬਾਜ਼ੀ ਕੀਤੀ ਅਤੇ ਪਹਿਲੀ ਵਿਕਟ ਲਈ 130 ਦੌੜਾਂ ਦੀ ਸਾਂਝੇਦਾਰੀ ਕੀਤੀ। ਗੁਰਬਾਜ਼ ਨੇ 53 ਗੇਂਦਾਂ 'ਤੇ 65 ਦੌੜਾਂ ਦੀ ਤੇਜ਼ ਪਾਰੀ ਖੇਡੀ, ਜਦਕਿ ਇਬਰਾਹਿਮ ਨੇ 87 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ।

ਗੁਰਬਾਜ਼ ਦੇ ਪੈਵੇਲੀਅਨ ਪਰਤਣ ਤੋਂ ਬਾਅਦ ਇਬਰਾਹਿਮ ਨੇ ਰਹਿਮਤ ਸ਼ਾਹ ਨਾਲ ਦੂਜੀ ਵਿਕਟ ਲਈ 60 ਦੌੜਾਂ ਦੀ ਸਾਂਝੇਦਾਰੀ ਕੀਤੀ। ਹਾਲਾਂਕਿ ਜ਼ਦਰਾਨ ਆਪਣਾ ਸੈਂਕੜਾ ਪੂਰਾ ਨਹੀਂ ਕਰ ਸਕੇ ਅਤੇ 87 ਦੌੜਾਂ ਬਣਾ ਕੇ ਹਸਨ ਅਲੀ ਦਾ ਸ਼ਿਕਾਰ ਬਣ ਗਏ। ਇਸ ਤੋਂ ਬਾਅਦ ਰਹਿਮਤ ਸ਼ਾਹ ਅਤੇ ਕਪਤਾਨ ਹਸ਼ਮਤੁੱਲਾ ਸ਼ਾਹਿਦੀ ਨੇ ਟੀਮ ਨੂੰ ਕੋਈ ਹੋਰ ਝਟਕਾ ਨਹੀਂ ਲੱਗਣ ਦਿੱਤਾ। ਦੋਵਾਂ ਨੇ ਤੀਜੀ ਵਿਕਟ ਲਈ 96 ਦੌੜਾਂ ਦੀ ਅਟੁੱਟ ਸਾਂਝੇਦਾਰੀ ਕੀਤੀ ਅਤੇ ਅਫਗਾਨਿਸਤਾਨ ਨੂੰ ਇਤਿਹਾਸਕ ਜਿੱਤ ਦਿਵਾਈ।

## ਸੋਸ਼ਲ ਮੀਡੀਆ ਕਾਰਨ ਬੱਚਿਆਂ 'ਤੇ ਮਾੜੇ ਅਸਰ ਖ਼ਿਲਾਫ਼ 33 ਸੂਬਿਆਂ ਨੇ ਮੇਟਾ 'ਤੇ ਮੁਕੱਦਮਾ ਕੀਤਾ

**ਵਾਸ਼ਿੰਗਟਨ-** ਨਿਊਯਾਰਕ ਅਤੇ ਕੈਲੀਫੋਰਨੀਆ ਸਮੇਤ ਅਮਰੀਕਾ ਦੇ ਕਈ ਰਾਜਾਂ ਨੇ ਮੇਟਾ ਪਲੇਟਫਾਰਮ ਇੱਕ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਉਹ ਜਾਣ ਬੁੱਝ ਕੇ ਇੰਸਟਾਗ੍ਰਾਮ ਅਤੇ ਫੇਸਬੁੱਕ ਲਈ ਅਜਿਹੇ ਫੀਚਰ ਤਿਆਰ ਕਰ ਰਹੇ ਹਨ, ਜੋ ਬੱਚਿਆਂ ਨੂੰ ਕੰਪਨੀ ਦੇ ਸੋਸ਼ਲ ਮੀਡੀਆ ਪਲੇਟਫਾਰਮ ਦੇ ਆਦੀ ਬਣਾਉਂਦੇ ਹਨ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਤੇ ਨਾਲ ਹੀ ਉਨ੍ਹਾਂ ਵਿੱਚ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਪੈਦਾ ਕਰਦੇ ਹਨ। 33 ਰਾਜਾਂ ਦੀ ਤਰਫੋਂ ਕੈਲੀਫੋਰਨੀਆ ਦੀ ਸੰਘੀ ਅਦਾਲਤ ਵਿੱਚ ਦਾਇਰ ਕੀਤੇ ਮੁਕੱਦਮੇ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮੇਟਾ ਨਿਯਮ ਦੀ ਉਲੰਘਣਾ ਕਰਦੇ ਹੋਏ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਡਾਟਾ ਉਨ੍ਹਾਂ ਦੇ ਮਾਪਿਆਂ ਦੀ ਸਹਿਮਤੀ ਤੋਂ ਬਿਨਾ ਇਕੱਠਾ ਕਰਦੀ ਹੈ। ਇਸ ਤੋਂ ਇਲਾਵਾ ਨੌਂ ਅਟਾਰਨੀ ਜਨਰਲ ਵੀ ਆਪੋ-ਆਪਣੇ ਸੂਬਿਆਂ ਵਿੱਚ ਮੇਟਾ ਵਿਰੁੱਧ ਮੁਕੱਦਮੇ ਦਾਇਰ ਕਰ ਰਹੇ ਹਨ, ਜਿਸ ਨਾਲ ਕੰਪਨੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਵਾਲੇ ਸੂਬਿਆਂ ਦੀ ਗਿਣਤੀ 41 ਹੋ ਗਈ ਹੈ। ਇਸ ਦੌਰਾਨ ਮੇਟਾ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਕੰਪਨੀ ਇਹ ਇੰਟਰਨੈਂਟ 'ਤੇ ਅੱਲੜਾਂ ਨੂੰ ਸੁਰੱਖਿਅਤ ਅਤੇ ਸਕ-ਾਰਾਤਮਕ ਅਨੁਭਵ ਪ੍ਰਦਾਨ ਕਰਨ ਲਈ ਅਟਾਰਨੀ ਜਨਰਲ ਦੀ ਵਚਨਬੱਧਤਾ ਦਾ ਸਮਰਥਨ ਕਰਦਾ ਹੈ। ਕੰਪਨੀ ਨੇ ਅੱਲੜਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਪਹਿਲਾਂ ਹੀ 30 ਤੋਂ ਵੱਧ ਟੂਲ ਜਾਰੀ ਕਰ ਚੁੱਕੀ ਹੈ।



ਸੱਦਾ ਪੱਤਰ
ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਵਲੋਂ ਆਪ ਨੂੰ ਇਸ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਤਹਿ ਦਿਲੋਂ ਸੱਦਾ ਦਿੱਤਾ ਜਾਂਦਾ ਹੈ
ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
ਕੈਲੀਫ਼ੋਰਨੀਆ
23ਵੀਂ ਸਲਾਨਾ ਪੰਜਾਬੀ ਸਾਹਿਤਕ ਕਾਨਫ਼ਰੰਸ
28 & 29 ਅਕਤੂਬਰ 2023
11 ਸਵੇਰ ਤੋਂ 8 ਵਜ੍ਹੇ ਸ਼ਾਮ ਤੱਕ
1275 W Winton Ave, Hayward, CA 94541
ਵਲੋਂ:
ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, (ਵਿਪਸਾਅ) ਕੈਲੀਫ਼ੋਰਨੀਆ
ਪਹੁੰਚ ਰਹੇ ਲੇਖਕ ਅਤੇ ਬੁਲਾਰੇ
ਡਾ: ਵਰਿਆਮ ਸਿੰਘ ਸੰਧੂ
ਜਸਵਿੰਦਰ
ਡਾ:ਆਤਮ ਸਿੰਘ ਰੰਧਾਵਾ
ਦਰਸ਼ਨ ਬੁੱਟਰ
ਜਸਵੰਤ ਸਿੰਘ ਜ਼ਫ਼ਰ
ਡਾ: ਰਾਜੇਸ਼ ਸ਼ਰਮਾ
ਡਾ: ਸੁਹਿੰਦਰ ਬੀਰ
ਰਵਿੰਦਰ ਸਹਿਰਾਅ
ਡਾ: ਮੋਹਨਜੀਤ
ਅਜਮੇਰ ਸਿੱਧੂ
ਰਾਜਵੰਤ ਰਾਜ
ਸਤੀਸ਼ ਗੁਲਾਟੀ
ਸੁਸ਼ੀਲ ਦੁਸਾਂਝ
ਪ੍ਰੀਤ ਮਨਪ੍ਰੀਤ
ਮਨਜੀਤ ਕੌਰ ਗਿੱਲ
ਰਾਕਿੰਦ ਕੌਰ
ਸੁਰਿੰਦਰ ਸੋਹਲ
ਹਰਦਮ ਮਾਨ
-ਸਾਹਿਤਕ ਪਰਚੇ
-ਕਵੀ ਦਰਬਾਰ
-ਨਵੀਆਂ ਕਿਤਾਬਾਂ ਦੇ ਰਿਲੀਜ਼
-ਮਾਨ ਸਨਮਾਨ
ਕਾਨਫਰੰਸ ਨੂੰ ਸਪਾਂਸਰ ਕਰਨ ਲਈ ਹੇਠ ਲਿਖੇ ਫੋਨਾਂ ਤੇ ਸੰਪਰਕ ਕਰੋ
ਸਭ ਲਈ ਖਾਣੇ ਦਾ ਖਾਸ ਇੰਤਜ਼ਾਮ
ਪੰਜਾਬੀ ਰੇਡੀਓ USA ਵਲੋਂ ਸਿੱਧਾ ਪ੍ਰਸਾਰਨ
-ਡਾ: ਦੀਵਾਨ ਸਿੰਘ ਕਾਲੇਪਾਣੀ ਤੇ ਇੱਕ ਪਾਤਰੀ ਨਾਟਕ ਦਾ ਪਾਠ
-ਸੰਗੀਤ ਮਹਿਫ਼ਲ
ਅਤੇ ਹੋਰ ਸਮਾਗਮ
ਸੁਖਦੇਵ ਸਾਹਿਲ ਅਤੇ ਹੋਰ ਗਾਇਕ: ਸੰਗੀਤਕ ਮਹਿਫ਼ਲ
ਡਾ: ਆਤਮਜੀਤ ਪੇਸ਼ ਕਰਣਗੇ "ਕਿਸ਼ਤੀਆਂ ਵਿੱਚ ਜਹਾਜ਼" ਦਾ ਨਾਟਕੀ ਪਾਠ
Contact VIPSA:
ਕੁਲਵਿੰਦਰ 510-367-2090, ਜਗਜੀਤ ਨੌਸ਼ਹਿਰਵੀ 510-676-1565
ਕਾਰਜਕਾਰਨੀ ਕਮੇਟੀ: ਚਰਨਜੀਤ ਸਿੰਘ ਪੰਨੂੰ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਸੁਖਦੇਵ ਸਾਹਿਲ, ਸੁਰਜੀਤ ਸਖੀ, ਡਾ ਗੁਰਪ੍ਰੀਤ ਧੁੱਗਾ, ਗੁਲਸ਼ਨ ਦਿਆਲ, ਤਾਰਾ ਸਾਗਰ ਅਤੇ ਸਮੂਹ ਵਿਪਸਾਅ ਮੈਂਬਰ
email: vipsa.ca@gmail.com

# ਲਾਹੌਰ ਦਾ ਪਿੰਡ ਡੇਰਾ ਚਾਹਾਲ



ਅੰਜੁਮ ਗਿੱਲ

ਕੈਨੇਡਾ ਤੋਂ ਆਏ ਸਰਦਾਰ ਗੁਰਚਰਨ ਸਿੰਘ ਜੀ ਨਾ਼ਲ, ਬੇਬੇ ਨਾਨਕੀ ਜੀ ਤੇ ਬਾਬਾ ਨਾਨਕ ਦੇਵ ਜੀ ਦੇ ਨਾਨਕਾ ਪਿੰਡ ਡੇਰਾ ਚਾਹਲ ਜਾਣ ਦਾ ਮੌਕਾ ਮਿਲਿਆ। ਇਹ ਪਿੰਡ ਲਾਹੌਰ ਦੇ ਬੇਦੀਆਂ ਰੋਡ ਤੇ ਮੌਜੂਦ ਏ ਤੇ ਲਾਹੌਰ ਦੇ ਕਲਮਾ ਚੌਂਕ ਤੋਂ ਲਗਭਗ 22 ਜਾਂ 23 ਕਿਲੋਮੀਟਰ ਦੇ ਫ਼ਾਸਲੇ ਤੇ ਹੈ ਵੈਸੇ ਲਾਹੌਰ ਦੀ ਤੇਜ਼ੀ ਨਾ਼ਲ ਵੱਧ ਰਹੀ ਆਬਾਦੀ ਕਾਰਨ ਲਾਹੌਰ ਵਿੱਚ ਹੀ ਸ਼ਾਮਿਲ ਹੋ ਗਿਆ ਹੈ ਇਹ ਪਿੰਡ ਏਅਰਪੋਰਟ ਤੇ ਇੰਡੀਆ ਪਾਕਿਸਤਾਨ ਦੇ ਬਾਰਡਰ ਦੇ ਵੀ ਨੇੜੇ ਲਗਦਾ ਹੈ ਸਿਖ ਕੌਮ ਦੇ ਅੱਤਾਸ ਦੀਆਂ ਜੜਾਂ ਆਸ ਪਿੰਡ ਨਾਲ ਵੀ ਜੋੜਿਆ ਨੇ ਸਰਦਾਰ ਗੁਰਚਰਨ ਸਿੰਘ ਪਿਛਲੇ 30 ਸਾਲ ਤੋਂ ਪਾਕਿਸਤਾਨ ਆ ਰਹੇ ਨੇ ਜਿਸ ਤਰ੍ਹਾਂ ਇਤਿਹਾਸ ਅਤੇ ਪਾਕਿਸਤਾਨ ਬਾਰੇ ਉਹ ਜਾਣਦੇ ਨੇ ਸਾਨੂੰ ਓਨੀ ਜਾਣਕਾਰੀ ਨਹੀਂ ਜਦ ਕਰਤਾਰਪੁਰ ਸਾਹਿਬ ਦਾ ਲਾਂਗਾ ਖੁੱਲਾ ਸੀ ਤੇ ਇਸ ਖ਼ੁਸ਼ੀ ਚ ਉਹ ਕੈਨੇਡਾ ਤੋਂ ਬੱਸ ਲੈ ਕੇ ਜ਼ਮੀਨੀ ਰਾਸਤੇ ਵੱਖ ਵੱਖ ਦੇਸ਼ਾਂ ਚੋਂ ਹੁੰਦੇ ਹੋਏ ਆਪਣੇ ਹੋਰ ਸਾਥੀਆਂ ਨਾ਼ਲ ਕਰਤਾਰਪੁਰ ਸਾਹਿਬ ਪਾਕਿਸਤਾਨ ਪਹੁੰਚੇ ਤੇ ਫਿਰ ਇਥੋਂ ਬੱਸ ਤੇ ਵਾਹਗਾ ਬਾਰਡਰ ਦੇ ਰਾਸਤੇ ਇੰਡੀਆ ਦੇ ਸ਼ਹਿਰ ਸੁਲਤਾਨਪੁਰ ਲੋਧੀ ਪਹੁੰਚੇ ਇਸ ਤਰ੍ਹਾਂ ਇਹ ਪਹਿਲੇ ਸਿੱਖ ਸਨ ਜੋ ਬੱਸ ਰਾਹੀਂ ਪਾਕਿਸਤਾਨ ਤੇ ਇੰਡੀਆ ਆਏ।

ਲਾਹੌਰ ਦੇ ਉਸ ਪਿੰਡ ਡੇਰਾ ਚਾਹਲ, ਵਿੱਚ ਹੀ ਪਹਿਲੀ ਸਿੱਖ ਬੇਬੇ ਨਾਨਕੀ ਜੀ ਦਾ ਜਨਮ ਸੰਨ 1464 ਵਿੱਚ ਹੋਇਆ ਤੇ ਨਾਨਕਾ ਪਰਿਵਾਰ ਚ ਜਨਮ ਹੋਣ ਕਰ ਕੇ ਨਾਮ ਨਾਨਕੀ ਰੱਖਿਆ ਗਿਆ ਤੇ ਬੇਦੀਆਂ ਰੋਡ ਤੋਂ ਪਿੰਡ ਵੜਦਿਆਂ ਹੀ 3.4 ਏਕੜ ਅੱਗੇ ਜਾ ਕਿ ਸੱਜੇ ਹੱਥ ਸਕੂਲ ਦੇ ਸਾਹਮਣੇ ਹੀ ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ ਜੀ ਮੌਜੂਦ ਹੈ, ਬੇਬੇ ਨਾਨਕੀ ਜੀ , ਬਾਬਾ ਗੁਰੂ ਨਾਨਕ ਦੇਵ ਜੀ ਦੀ ਵੱਡੇ ਭੈਣ ਸੀ ਤੇ ਬੇਬੇ ਨਾਨਕੀ ਜੀ ਦੇ ਜਨਮ ਤੋਂ 5 ਸਾਲ ਬਾਅਦ ਬਾਬਾ ਗੁਰੂ ਨਾਨਕ ਜੀ ਦਾ ਜਨਮ ਹੋਇਆ, ਆਖਦੇ ਨੇ ਕਿ ਭੈਣ ਦਾ ਨਾਮ ਨਾਨਕੀ ਹੋਣ ਕਰ ਕਿ ਹੀ ਬਾਬਾ ਗੁਰੂ ਨਾਨਕ ਜੀ ਦਾ ਨਾਮ ਨਾਨਕ ਰੱਖਿਆ ਗਿਆ।

ਭਾਈ ਕਾਹਨ ਸਿੰਘ ਨਾਭਾ ਜੀ ਲਿਖਦੇ ਨੇ ਕਿ ਬੇਬੇ ਨਾਨਕੀ ਜੀ ਹੀ ਸਿੱਖ ਮਜ਼ਹਬ ਦੀ ਪਹਿਲੀ ਸਿੱਖ ਹੈ ਜਿੰਨਾਂ ਨੇ ਸਭ ਤੋਂ ਪਹਿਲੇ ਬਾਬਾ ਜੀ ਨੂੰ ਪ-ਹਚਾਣਿਆ ਤੇ ਜਾਣਿਆ।

ਗੁਰਦੁਆਰੇ ਦੀ ਇਮਾਰਤ 1996 ਤੱਕ ਬਹੁਤ ਮਾੜੀ ਹਾਲਤ ਵਿਚ ਸੀ ਤੇ ਉਸ ਵਕਤ ਦੇ ਵਜ਼ੀਰ-ਏ-ਆਜ਼ਮ ਪਾਕਿਸਤਾਨ ਨੇ 015 ਮਿਲੀਅਨ ਰੁਪਏ ਖ਼ਰਚ ਕਰਕੇ ਉਸ ਦੀ ਮੁਰੰਮਤ ਕਰਵਾਈ ਤੇ ਇਸ ਤੋਂ ਬਾਅਦ ਨਾਨਕਾਣਾ ਸਾਹਿਬ ਤੋਂ ਇਕ ਪਰਿਵਾਰ ਇਸ ਗੁਰੂ ਘਰ ਜਾ ਵਸਿਆ ਤੇ ਹੋਣ ਕਰਕੇ ਉਸ ਜਗ੍ਹਾ ਰੋਜ਼ਨਾ ਪ੍ਰਕਾਸ਼ ਕੀਤਾ ਜਾਂਦਾ ਹੈ। ਤੇ ਉਸ ਗੁਰੂ ਘਰ ਦੇ ਨਾਮ ਤੇ ਤਕਰੀਬਨ 30 ਬੀਘਾ ਜ਼ਮੀਨ ਹੈ ਤੇ ਅੱਜ ਕੱਲ੍ਹ ਇਹ ਜਗ੍ਹਾ ਮਹਿਕਮਾ ਔਕਾਫ਼ ਦੇ ਅੰਡਰ ਹੈ।









## ਪੁਸਤਕ ਸਮੀਖਿਆ

**ਹਾਂ, ਮੈਂ ਡੀ.ਸੀ. ਲੱਗਣਾ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਮਨਦੀਪ ਰਿੰਪੀ**
**ਪ੍ਰਕਾਸ਼ਕ: ਹਜ਼ੂਰੀਆ ਐਂਡ ਸੰਨਜ਼ ਜਲੰਧਰ, ਪੰਨੇ: 32, ਮੁੱਲ: 140/-**

ਸਾਹਿਤ ਖਾਸ ਕਰ ਬਾਲ ਸਾਹਿਤ ਦੇ ਖੇਤਰ ਵਿਚ ਮਨਦੀਪ ਰਿੰਪੀ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਸਨੇ ਦਿਨ ਰਾਤ ਇਸ ਖੇਤਰ ਵਿਚ ਮਿਹਨਤ ਕਰਕੇ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਉਸਦੀ ਸਿਰਜਣਾ ਵਿਚੋਂ ਬਾਲ ਸਾਹਿਤ ਦੇ ਸੁਨਹਿਰੀ ਭਵਿੱਖ ਦੀਆਂ ਕਿਰਨਾਂ ਨਿੱਕਲਦੀਆਂ ਦਿਖਾਈ ਦਿੰਦੀਆਂ ਹਨ। ਅਧਿਆਪਕਾ ਹੋਣ ਕਰਕੇ ਬੱਚਿਆਂ ਦੀ ਵਾਰਤਾਲਾਪ ਅਤੇ ਵਿਵਹਾਰ ਵਿਚੋਂ ਉਪਜਦੇ ਵਿਸ਼ਿਆਂ ਤੇ ਕਮਾਲ ਦੀਆਂ ਕਹਾਣੀਆਂ ਘੜ ਦਿੰਦੀ ਹੈ। ਭਾਸ਼ਾ ਦਾ ਪੱਧਰ ਬਾਲ ਮਾਨਸਿਕਤਾ ਅਨੁਸਾਰ ਹੋਣ ਕਰਕੇ ਹਰ ਪਾਠਕ ਪੁਸਤਕ ਨੂੰ ਚਾਈਂ ਚਾਈਂ ਪੜ੍ਹਨ ਬੈਠ ਜਾਂਦਾ ਹੈ। ਉਸ ਕੋਲ ਬਾਲ ਮਾਨਸਿਕਤਾ ਦਾ ਚੋਖਾ ਗਿਆਨ ਹੈ। ਜਿਸ ਦੀ ਵਰਤੋਂ ਨਾਲ ਰੋਚਕ ਕਹਾਣੀ ਸਿਰਜ ਲੈਂਦੀ ਹੈ। ਇਹਨਾਂ ਗੁਣਾਂ ਕਰਕੇ ਉਸਦੀ ਵਾਰਤਕ ਨੂੰ ਹਰ ਖੇਤਰ ਵਿਚ ਮਾਣ ਸਨਮਾਨ ਮਿਲਦਾ ਹੈ। ਹੱਥਲੀ ਪੁਸਤਕ 'ਹਾਂ ਮੈਂ ਡੀ.ਸੀ. ਲੱਗਣਾ' ਵਿਚ ਪ੍ਰਾਇਮਰੀ ਦੇ ਪੱਧਰ ਤੇ ਬਾਲ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਕਹਾਣੀਆਂ ਦਾ ਵਿਸ਼ਾ ਵਸਤੂ ਬਣਾਇਆ ਹੈ। ਕੁੱਝ ਕਹਾਣੀਆਂ ਵਿਚ ਜਾਨਵਰਾਂ ਨੂੰ ਪਾਤਰ ਬਣਾ ਕੇ ਉਚ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ। ਚਿੱਤਰਾਂ ਨਾਲ ਸ਼ਿੰਗਾਰੀ ਆਰਟ ਪੇਪਰ ਤੇ ਛਪੀ ਇਸ ਰੰਗਦਾਰ ਪੁਸਤਕ ਦੀ ਟਾਈਟਲ ਕਹਾਣੀ ਬਹੁਤ ਪ੍ਰਭਾਵਸ਼ਾਲੀ ਹੈ। ਜਿਸ ਵਿਚ ਨਿੱਕਾ ਬੱਚਾ ਸਮੀਰ ਇਕ ਅਮੀਰ ਕਾਰ ਵਾਲੇ ਦੁਆਰਾ ਉਸ ਉਤੇ ਚਿੱਕੜ ਸੁਟਣ ਤੋਂ ਬਾਅਦ ਪ੍ਰਭਾਵਸ਼ਾਲੀ ਵਾਰਤਾਲਾਪ ਨਾਲ ਆਪਣੇ ਸਾਥੀਆਂ ਨੂੰ ਵੀ ਪ੍ਰੇਰਨਾ ਦਿੰਦਾ ਹੈ। ਬਾਲ ਜੀਵਨ ਨੂੰ ਸ਼ਿੰਗਾਰਨ ਤੇ ਸੁਆਰਨ ਵਿਚ ਨਿੱਕੀਆਂ ਨਿੱਕੀਆਂ ਘਟਨਾਵਾਂ ਦੇ ਵੱਡੇ ਨਤੀਜੇ ਨਿਕਲਦੇ ਹਨ।




ਹੋਰ ਕਹਾਣੀਆਂ ਵਿਚ ਵੀ ਬੱਚਿਆਂ ਨੂੰ ਸੱਚ ਬੋਲਣਾ, ਸਮੇਂ ਦੀ ਕਦਰ, ਆਦਰ, ਸਿਹਤ, ਪਿਆਰ, ਅਮੀਰੀ ਗਰੀਬੀ, ਮਿਹਨਤ, ਸੱਚਾਈ, ਬਜ਼ੁਰਗ ਆਦਿ ਵਿਸ਼ਿਆਂ ਨੂੰ ਦਿਲਚਸਪ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਕਹਾਣੀ ਪੜ੍ਹਦਿਆਂ ਪਾਠਕ ਕਿਤੇ ਅਟਕਦਾ ਨਹੀਂ ਸਗੋਂ ਅੱਗੇ ਤੋਂ ਅਗੇਰੇ ਪੜ੍ਹਦਾ ਜਾਂਦਾ ਹੈ। ਲੇਖਿਕਾ ਦੀ ਰਸੀਲੀ ਬੋਲੀ ਅਤੇ ਸਰਲਤਾ ਦਾ ਇਹ ਕਮਾਲ ਹੈ। ਵਹਿਮਾ ਭਰਮਾਂ ਬਾਰੇ ਵੀ ਵਿਗਿਆਨਕ ਸਚਾਈਆਂ ਪੇਸ਼ ਕੀਤੀਆਂ ਹਨ।

ਮਿਹਨਤ ਨਾਲ ਕਮਾਈ ਸੁੱਕੀ ਰੋਟੀ ਛੱਤੀ ਪ੍ਰਕਾਰ ਦੇ ਭੋਜਨਾਂ ਨੂੰ ਵੀ ਮਾਤ ਪਾ ਦਿੰਦੀ ਹੈ। ਸਮਾਜ ਵਿਚ ਵਰਤ ਰਹੇ ਨਕਾਰਤਮਕ ਵਰਤਾਰਿਆਂ ਪ੍ਰਤੀ ਵੀ ਬੱਚਿਆਂ ਨੂੰ ਸੁਚੇਤ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਕਹਾਣੀ ਸੰਗ੍ਰਹਿ ਬਾਲ ਸਾਹਿਤ ਦੀ ਪਟਾਰੀ ਵਿਚ ਗਿਣਾਤਮਿਕ ਅਤੇ ਗੁਣਾਤਮਿਕ ਵਾਧਾ ਕਰਦਾ ਹੈ। ਪਾਠਕਾਂ ਨੂੰ ਇਸਦਾ ਆਨੰਦ ਜ਼ਰੂਰ ਲੈਣਾ ਚਾਹੀਦਾ ਹੈ।

### ਜੱਜ ਬਣਾ ਗਈ ਕਲਮ ਤੇਰੀ

ਬਾਬਾ ਸਾਹਿਬ ਪੜ੍ਹ ਲਿਖ ਤੇਰੀ ਕੌਮ ਹੋਈ ਹੁਸ਼ਿਆਰ
ਜੱਜ ਬਣਾ ਤੇ ਕਲਮ ਤੇਰੀ ਨੇ, ਅਸਲੀ ਜੋ ਹੱਕਦਾਰ

ਗਿਆਨ ਦੀ ਜੋਤ ਜਗਾਈ ਐਸੀ ਰੌਸ਼ਨ ਹੋਈਆਂ ਰਾਤਾਂ
ਝੁੱਗੀਆਂ ਝੋਪੜੀਆਂ ਵਿੱਚ ਚੜ੍ਹੀਆਂ ਸੋਨ ਰੰਗੀ ਪ੍ਰਭਾਤਾਂ
ਵਿਹੜੇ ਕਿਰਤੀ ਕਾਮਿਆਂ ਦੇ ਅੱਜ ਖਿੜ੍ਹ ਗਈ ਗੁਲਜਾਰ
ਜੱਜ ਬਣਾ ਤੇ ਕਲਮ ਤੇਰੀ .....

ਚਿਹਰੇ ਸੂਹੇ ਲਾਲ ਹੋ ਗਏ ਮਿਹਨਤਾਂ ਨੇ ਰੰਗ ਲਾਏ
ਕਿਸਮਤ ਵਾਲੇ ਪੰਨੇ ਨਾਲ ਮੁਸ਼ੱਕਤਾਂ ਦੇ ਪਲਟਾਏ
ਹੱਕਾਂ ਉੱਤੇ ਡਾਕੇ ਹੁਣ ਨਾ,
ਪੈਣਗੇ ਬਰਖੁਰਦਾਰ
ਜੱਜ ਬਣਾ ਤੇ ਕਲਮ ਤੇਰੀ .....


ਕਾਮਯਾਬੀ ਦੇ ਰਾਹ ਨੂੰ ਆਪਣੇ ਹੱਥੀਂ ਪਏ ਰੁਸ਼ਨਾਉਣਾ
ਮੱਥੇ ਦਾ ਤਕਦੀਰ ਸਿਤਾਰਾ ਆਪੇ ਪਏ ਜਗਾਉਣਾ
ਕਦੇ ਤਰੱਕੀ ਪਾ ਨਹੀਂ ਸਕਦਾ, ਸੋਚਾਂ ਦਾ ਬਿਮਾਰ
ਜੱਜ ਬਣਾ ਤੇ ਕਲਮ ਤੇਰੀ .....

"ਚੁੰਬਰਾ" ਉੱਚੇ ਉੱਚੇ ਅਹੁਦੇ ਮਿਲ ਗਏ ਰਹਿਬਰਾਂ ਕਰਕੇ
ਸਾਡੀਆਂ ਰਿਸ਼ੀ ਚੜਾਈਆਂ ਦੇ ਸੀ ਖਾਲੀ ਰਹਿਣੇ ਵਰਕੇ
ਪੜ੍ਹੋ ਲਿਖੇ ਧੀ ਪੁੱਤ ਬਣ ਜਾਂਦੇ, ਕੌਮ ਦੇ ਪਹਿਰੇਦਾਰ
ਜੱਜ ਬਣਾ ਤੇ ਕਲਮ ਤੇਰੀ .....

**- ਕੁਲਦੀਪ ਚੁੰਬਰ ਕਨੇਡਾ 604-902-3237**

**ਸਬਰ-ਸੰਤੋਖ ਦਾ ਫ਼ਲ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਹਾਣੀਕਾਰ: ਪ੍ਰਿੰ: ਬਹਾਦਰ ਸਿੰਘ ਗੋਸਲ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ, ਪੰਨੇ: 32, ਮੁੱਲ: 100/-**

ਨੈਤਿਕ ਕਦਰਾਂ ਕੀਮਤਾਂ ਦੇ ਪਰਚਾਰ ਅਤੇ ਪ੍ਰਸਾਰ ਦੇ ਉਦੇਸ਼ ਨਾਲ ਪ੍ਰਿੰ: ਬਹਾਦਰ ਸਿੰਘ ਗੋਸਲ ਚਾਰ ਦਰਜਨਾਂ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਉਹਨਾਂ ਕੋਲ ਪੁਰਾਤਨ ਸਮੇਂ ਅਤੇ ਆਧੁਨਿਕ ਸਮੇਂ ਦੇ ਗਹਿਰੇ ਤਜਰਬੇ ਹਨ। ਕੁੱਝ ਬਾਤਾਂ ਬਜ਼ੁਰਗਾਂ ਤੋਂ ਸੁਣੀਆਂ ਹੋਈਆਂ ਹਨ ਜਿਹਨਾਂ ਨੂੰ ਆਧੁਨਿਕ ਸਮੇਂ ਅਨੁਸਾਰ ਮੁੜ ਤੋਂ ਰੌਚਕ ਸ਼ੈਲੀ ਵਿਚ ਘੜਿਆ ਗਿਆ ਹੈ। ਇਸ ਤਰ੍ਹਾਂ ਇਹ ਅੱਠ ਕਹਾਣੀਆਂ ਦਾ ਸੰਗ੍ਰਹਿ ਬਾਲ ਜੀਵਨ ਦੇ ਹਨੇਰੇ ਕੋਨਿਆਂ ਨੂੰ ਰੌਸ਼ਨ ਕਰਨ ਵਾਲਾ ਹੈ। ਧਾਰਮਿਕ ਨਜ਼ਰੀਏ ਤੋਂ ਵੀ ਇਹਨਾਂ ਕਹਾਣੀਆਂ ਨੂੰ ਵਿਚਾਰਿਆ ਜਾਣਾ ਬਣਦਾ ਹੈ। ਜਾਤਾਂ ਪਾਤਾਂ ਦੇ ਖਾਤਮੇ ਨਾਲ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਇਸ ਟੀਚੇ ਦੀ ਪ੍ਰਾਪਤੀ ਵਾਸਤੇ ਇਹਨਾਂ ਵਿਚ ਇਨਸਾਨੀਅਤ ਦਾ ਪਾਠ ਪੜ੍ਹਾਇਆ ਗਿਆ ਹੈ। ਪੁਸਤਕ ਦੀ ਟਾਈਟਲ ਕਹਾਣੀ ਸਬਰ-ਸੰਤੋਖ ਦਾ ਫਲ ਵਿਚ ਇਮਾਨਦਾਰੀ ਅਤੇ ਸਬਰ ਨਾਲ ਕੀਤੇ ਕਾਰਜ ਸਾਨੂੰ ਰਾਜ ਭਾਗ ਤਕ ਲਿਜਾ ਸਕਦੇ ਹਨ। ਨਿੱਕੀ ਬੱਚੀ ਨੂੰ ਦਾਦੀ ਦੁਆਰਾ ਦਿੱਤੀ ਸਿੱਖਿਆ ਰਾਜੇ ਨੂੰ ਐਨਾ ਪ੍ਰਭਾਵਿਤ ਕਰਦੀ ਹੈ ਕਿ ਉਹ ਉਸ ਨੂੰ ਰਾਜ ਕੁਮਾਰੀ ਬਣਾ ਲੈਂਦਾ ਹੈ। ਇਕ ਮਹਾਤਮਾ ਦੇ ਕਿਹੜੇ ਗੁਣ ਹੁੰਦੇ ਹਨ? ਉਹ ਗੁਰੂ ਸਾਹਿਬ ਨੇ ਕਹਾਣੀ ਅੱਗ ਲਗਾਉ ਮਹਾਤਮਾ ਵਿਚ ਦਰਸਾਏ ਹਨ। ਦੋ ਬਿੱਲੀਆਂ ਵਾਲਾ ਇਨਸਾਫ ਵਿਚ ਬਾਂਦਰ ਆਪਣੀ ਚਲਾਕੀ ਨਾਲ ਜਹਿਰੀ ਸੱਪ ਦਾ ਖਾਤਮਾ ਨਿਉਲੇ ਨੂੰ ਲੜਾ ਕੇ ਕਰਵਾਉਂਦਾ ਹੈ।ਏਕੇ ਦੀ ਬਰਕਤ ਵਿਚ ਬਜ਼ੁਰਗ ਝੋਟੇ ਦੀ ਮੱਤ ਅਨੁਸਾਰ ਉਹ ਸ਼ੇਰ ਦਾ ਖਾਤਮਾ ਕਰ ਦਿੰਦੇ ਹਨ। ਸਾਡੀ ਜਿਹੋ ਜਿਹੀ ਸੋਚ ਹੋਵੇਗੀ ਸਾਨੂੰ ਉਹੋ ਜਿਹਾ ਸੁਆਦ ਆਵੇਗਾ। ਇਸ ਵਿਚਾਰ ਨੂੰ ਕਹਾਣੀ ਕੌੜੀ ਜ਼ੁਬਾਨ ਵਿਚ ਨਿਖਾਰਿਆ ਗਿਆ ਹੈ। ਰੁੱਖ ਅਤੇ ਬੁੱਕ ਸਮਾਗਮ ਰਾਹੀਂ ਕਹਾਣੀਕਾਰ ਨੇ ਸਾਨੂੰ ਰੁੱਖਾਂ ਦੀ ਮਹਾਨਤਾ ਦੇ ਨਾਲ- ਨਾਲ ਪੁਸਤਕਾਂ ਦੀ ਲੋੜ ਬਾਰੇ ਚਾਨਣਾ ਪਾਇਆ ਹੈ। ਚਿੜੀ ਅਤੇ ਕਾਂ ਦੀ ਕਹਾਣੀ ਨੂੰ ਵੀ ਮਾਡਰਨ ਤਰੀਕੇ ਨਾਲ ਸਿਰਜਿਆ ਹੈ ਜਿਸ ਵਿਚ ਕਾਂ ਪ੍ਰਦੂਸ਼ਣ ਦਾ ਸ਼ਿਕਾਰ ਹੋ ਕੇ ਮਾਰਿਆ ਜਾਂਦਾ ਹੈ। ਸਭ ਕਹਾਣੀਆਂ ਬਾਲ ਪਾਠਕਾਂ ਦੇ ਮਨ ਨੂੰ ਨਿਰਮਲ ਕਰਦੀਆਂ ਹੋਈਆਂ ਉਚੇਰੀਆਂ ਸੋਚਾਂ ਨਾਲ ਲਬਰੇਜ਼ ਕਰਦੀਆਂ ਹਨ। ਸ਼ੈਲੀ ਐਨੀ ਸੁਰੀਲੀ ਹੈ ਕਿ ਪਾਠਕ ਅੱਗੇ ਤੋਂ ਅਗੇਰੇ ਪੜ੍ਹਨ ਲਈ ਤਤਪਰ ਰਹਿੰਦਾ ਹੈ। ਪ੍ਰਿੰ. ਬਹਾਦਰ ਸਿੰਘ ਦੀ ਇਹ ਦਿਲਚਸਪ ਪੁਸਤਕ ਬਾਲ ਜੀਵਨ ਨੂੰ ਸ਼ਿੰਗਾਰਨ ਵਿਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਬਾਲ ਪਾਠਕਾਂ ਨੂੰ ਇਹ ਪੁਸਤਕ ਪੜ੍ਹਕੇ ਆਪਣੇ ਜੀਵਨ ਵਿਚ ਰਸ ਰੰਗ ਜ਼ਰੂਰ ਭਰਨਾ ਚਾਹੀਦਾ ਹੈ।




ਨੈਤਿਕ ਕਦਰਾਂ ਕੀਮਤਾਂ ਦੇ ਪਰਚਾਰ ਅਤੇ ਪ੍ਰਸਾਰ ਦੇ ਉਦੇਸ਼ ਨਾਲ ਪ੍ਰਿੰ: ਬਹਾਦਰ ਸਿੰਘ ਗੋਸਲ ਚਾਰ ਦਰਜਨਾਂ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਉਹਨਾਂ ਕੋਲ ਪੁਰਾਤਨ ਸਮੇਂ ਅਤੇ ਆਧੁਨਿਕ ਸਮੇਂ ਦੇ ਗਹਿਰੇ ਤਜਰਬੇ ਹਨ। ਕੁੱਝ ਬਾਤਾਂ ਬਜ਼ੁਰਗਾਂ ਤੋਂ ਸੁਣੀਆਂ ਹੋਈਆਂ ਹਨ ਜਿਹਨਾਂ ਨੂੰ ਆਧੁਨਿਕ ਸਮੇਂ ਅਨੁਸਾਰ ਮੁੜ ਤੋਂ ਰੌਚਕ ਸ਼ੈਲੀ ਵਿਚ ਘੜਿਆ ਗਿਆ ਹੈ। ਇਸ ਤਰ੍ਹਾਂ ਇਹ ਅੱਠ ਕਹਾਣੀਆਂ ਦਾ ਸੰਗ੍ਰਹਿ ਬਾਲ ਜੀਵਨ ਦੇ ਹਨੇਰੇ ਕੋਨਿਆਂ ਨੂੰ ਰੌਸ਼ਨ ਕਰਨ ਵਾਲਾ ਹੈ। ਧਾਰਮਿਕ ਨਜ਼ਰੀਏ ਤੋਂ ਵੀ ਇਹਨਾਂ ਕਹਾਣੀਆਂ ਨੂੰ ਵਿਚਾਰਿਆ ਜਾਣਾ ਬਣਦਾ ਹੈ। ਜਾਤਾਂ ਪਾਤਾਂ ਦੇ ਖਾਤਮੇ ਨਾਲ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਇਸ ਟੀਚੇ ਦੀ ਪ੍ਰਾਪਤੀ ਵਾਸਤੇ ਇਹਨਾਂ ਵਿਚ ਇਨਸਾਨੀਅਤ ਦਾ ਪਾਠ ਪੜ੍ਹਾਇਆ ਗਿਆ ਹੈ। ਪੁਸਤਕ ਦੀ ਟਾਈਟਲ ਕਹਾਣੀ ਸਬਰ-ਸੰਤੋਖ ਦਾ ਫਲ ਵਿਚ ਇਮਾਨਦਾਰੀ ਅਤੇ ਸਬਰ ਨਾਲ ਕੀਤੇ ਕਾਰਜ ਸਾਨੂੰ ਰਾਜ ਭਾਗ ਤਕ ਲਿਜਾ ਸਕਦੇ ਹਨ। ਨਿੱਕੀ ਬੱਚੀ ਨੂੰ ਦਾਦੀ ਦੁਆਰਾ ਦਿੱਤੀ ਸਿੱਖਿਆ ਰਾਜੇ ਨੂੰ ਐਨਾ ਪ੍ਰਭਾਵਿਤ ਕਰਦੀ ਹੈ ਕਿ ਉਹ ਉਸ ਨੂੰ ਰਾਜ ਕੁਮਾਰੀ ਬਣਾ ਲੈਂਦਾ ਹੈ। ਇਕ ਮਹਾਤਮਾ ਦੇ ਕਿਹੜੇ ਗੁਣ ਹੁੰਦੇ ਹਨ? ਉਹ ਗੁਰੂ ਸਾਹਿਬ ਨੇ ਕਹਾਣੀ ਅੱਗ ਲਗਾਉ ਮਹਾਤਮਾ ਵਿਚ ਦਰਸਾਏ ਹਨ। ਦੋ ਬਿੱਲੀਆਂ ਵਾਲਾ ਇਨਸਾਫ ਵਿਚ ਬਾਂਦਰ ਆਪਣੀ ਚਲਾਕੀ ਨਾਲ ਜਹਿਰੀ ਸੱਪ ਦਾ ਖਾਤਮਾ ਨਿਉਲੇ ਨੂੰ ਲੜਾ ਕੇ ਕਰਵਾਉਂਦਾ ਹੈ।ਏਕੇ ਦੀ ਬਰਕਤ ਵਿਚ ਬਜ਼ੁਰਗ ਝੋਟੇ ਦੀ ਮੱਤ ਅਨੁਸਾਰ ਉਹ ਸ਼ੇਰ ਦਾ ਖਾਤਮਾ ਕਰ ਦਿੰਦੇ ਹਨ। ਸਾਡੀ ਜਿਹੋ ਜਿਹੀ ਸੋਚ ਹੋਵੇਗੀ ਸਾਨੂੰ ਉਹੋ ਜਿਹਾ ਸੁਆਦ ਆਵੇਗਾ। ਇਸ ਵਿਚਾਰ ਨੂੰ ਕਹਾਣੀ ਕੌੜੀ ਜ਼ੁਬਾਨ ਵਿਚ ਨਿਖਾਰਿਆ ਗਿਆ ਹੈ। ਰੁੱਖ ਅਤੇ ਬੁੱਕ ਸਮਾਗਮ ਰਾਹੀਂ ਕਹਾਣੀਕਾਰ ਨੇ ਸਾਨੂੰ ਰੁੱਖਾਂ ਦੀ ਮਹਾਨਤਾ ਦੇ ਨਾਲ- ਨਾਲ ਪੁਸਤਕਾਂ ਦੀ ਲੋੜ ਬਾਰੇ ਚਾਨਣਾ ਪਾਇਆ ਹੈ। ਚਿੜੀ ਅਤੇ ਕਾਂ ਦੀ ਕਹਾਣੀ ਨੂੰ ਵੀ ਮਾਡਰਨ ਤਰੀਕੇ ਨਾਲ ਸਿਰਜਿਆ ਹੈ ਜਿਸ ਵਿਚ ਕਾਂ ਪ੍ਰਦੂਸ਼ਣ ਦਾ ਸ਼ਿਕਾਰ ਹੋ ਕੇ ਮਾਰਿਆ ਜਾਂਦਾ ਹੈ। ਸਭ ਕਹਾਣੀਆਂ ਬਾਲ ਪਾਠਕਾਂ ਦੇ ਮਨ ਨੂੰ ਨਿਰਮਲ ਕਰਦੀਆਂ ਹੋਈਆਂ ਉਚੇਰੀਆਂ ਸੋਚਾਂ ਨਾਲ ਲਬਰੇਜ਼ ਕਰਦੀਆਂ ਹਨ। ਸ਼ੈਲੀ ਐਨੀ ਸੁਰੀਲੀ ਹੈ ਕਿ ਪਾਠਕ ਅੱਗੇ ਤੋਂ ਅਗੇਰੇ ਪੜ੍ਹਨ ਲਈ ਤਤਪਰ ਰਹਿੰਦਾ ਹੈ। ਪ੍ਰਿੰ. ਬਹਾਦਰ ਸਿੰਘ ਦੀ ਇਹ ਦਿਲਚਸਪ ਪੁਸਤਕ ਬਾਲ ਜੀਵਨ ਨੂੰ ਸ਼ਿੰਗਾਰਨ ਵਿਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਬਾਲ ਪਾਠਕਾਂ ਨੂੰ ਇਹ ਪੁਸਤਕ ਪੜ੍ਹਕੇ ਆਪਣੇ ਜੀਵਨ ਵਿਚ ਰਸ ਰੰਗ ਜ਼ਰੂਰ ਭਰਨਾ ਚਾਹੀਦਾ ਹੈ।


# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ

### 'ਸਰਦਾਰਾ ਐਂਡ ਸੰਨਜ਼'

ਕਨੇਡਾ ਵਿੱਚ ਆਪਣੇ ਹੀ ਚਾਚੇ, ਤਾਏ ਤੇ ਮਾਪਿਆਂ ਪ੍ਰਤੀ ਕੀ ਹਾਲ ਸਾਡੇ ਤੇ ਹੁਣ ਸੁੱਖ ਨਾਲ ਪੰਜਾਬ ਦੀ ਵੀ ਇਹੀ ਕਹਾਣੀ ਏ, ਵਿਵੇਕ ਓਹਰੀ ਦੀ ਇਹ ਮਨੋਰੰਜਨ ਭਰੀ ਪਰ ਅਹਿਮ ਸਵਾਲ ਛੱਡਦੀ ਫ਼ਿਲਮ 'ਸਰਦਾਰਾ ਐਂਡ ਸੰਨਜ਼' ਦਾ ਮੁੱਖ ਕਿਰਦਾਰ ਯੋਗਰਾਜ ਸਿੰਘ ਹੈ। ਸਰਬਜੀਤ ਚੀਮਾ, ਰੌਸ਼ਨ ਪ੍ਰਿੰਸ ਤੇ ਕਨਿਕਾ ਹਸਨ ਫ਼ਿਲਮ ਦੇ ਅਹਿਮ ਸਿਤਾਰੇ ਹਨ । ਪੰਕਜ ਬੱਤਰਾ ਦੀ ਪਟਕਥਾ ਤੇ ਸਰਬ ਨਾਗਰਾ ਇਹ ਫ਼ਿਲਮ ਲਿਆਏ ਹਨ । ਭਾਰਤ ਤੇ ਵਿਦੇਸ਼ 'ਚ ਇਸ ਦਾ ਪ੍ਰਚਾਰ ਕਾਫ਼ੀ ਰਿਹਾ, ਬਾਕੀ ਟਿਕਟ ਖਿੜਕੀ ਦੱਸੇਗੀ।







### ਨੀਨਾ ਬੁੰਧੇਲ ਦੀ ਨਵੀਂ ਪਾਰੀ

ਇੱਕ ਸਮੇਂ ਯੋਗਰਾਜ ਸਿੰਘ ਜਦ ਹੀਰੋ ਬਣੇ ਤਾਂ ਹਰ ਦੂਜੀ ਫ਼ਿਓਮਪ;ਲਮ 'ਚ ਉਹਨਾਂ ਨਾਲ ਨੀਨਾ ਸਿੱਧੂ ਹੀਰੋਇਨ ਆਉਂਦੀ ਰਹੀ। ਫਿਰ ਸਰਦਾਰਨੀ ਨੀਨਾ ਬੁੰਧੇਲ ਬਣ ਪਰਿਵਾਰ ਸਾਂਭਿਆ ਤੇ ਹੁਣ ਜਦ ਬੇਟਾ ਵਿਕਟਰ ਯੋਗਰਾਜ ਸਿੰਘ ਨਿਰਦੇਸ਼ਕ ਬਣਿਆ ਏ ਤੇ ਐਮੀ ਕੋਲ ਫ਼ਿਲਮਾਂ ਦੇ ਪ੍ਰਸਤਾਵ ਹਨ ਤਾਂ ਨੀਨਾ ਨੂੰ ਵੀ ਪੰਜਾਬੀ ਫ਼ਿਓਮਪ;ਲਮਾਂ ਧੜਾ ਧੜ ਮਿਲ ਰਹੀਆਂ ਹਨ। ਨੀਨਾ ਸਿੱਧੂ ਨੂੰ ਨਵੀਂ ਪਾਰੀ ਮੁਬਾਰਕਬਾਦ।



### ਅਮਰ ਨਿਮਾਣਾ ਚੈਨਲ ਚਲਾਇਏਗਾ

ਬਹੁਤ ਤਰੱਕੀ ਕੀਤੀ ਹੈ ਅਮਰ ਨਿਮਾਣਾ ਨੇ ਕਾਰਣ ਕਿ ਸਮੇਂ ਦੀ ਨਬਜ਼ ਅਨੁਸਾਰ ਉਹ ਚਲਿਆ ਹੈ। ਦੇਖਿਆ ਗਾਇਕੀ ਸਹੀ ਤਾਂ ਭਰੋਵਾਲ-ਸ਼ਾਨ-ਜੋਤੀ ਨਾਲ ਗਾਇਆ। ਬਦਲਦੇ ਸਮੇਂ 'ਚ ਐਡੀਟਿੰਗ ਸ਼ੁਰੂ ਕੀਤੀ ਤੇ ਫਿਰ ਚੈਨਲ 'ਏ ਵੰਨ ਟੀ.ਵੀ' ਸ਼ੁਰੂ ਕਰ ਦਿੱਤਾ। ਫ਼ਿਲਮ ਗੀਤਕਾਰ ਵੀ ਬਣ ਗਿਆ ਹੈ ਤੇ 'ਨਗਾਰਾ ਟੀ.ਵੀ' ਲਈ ਪ੍ਰੋਗਰਾਮਰ ਬਣ ਵੀ ਕੰਵਲਜੀਤ ਮਾਨਾਂਵਾਲਾ ਦਾ ਸਾਥ ਦੇਵੇਗਾ।

### ਸੀਮਾ ਸ਼ਰਮਾ ਬਣੇਗੀ ਨਿਰਦੇਸ਼ਕ

ਪੰਜਾਬੀ ਫ਼ਿਲਮਾਂ ਦੀ ਲੋਕ ਪ੍ਰਿਯ ਅਭਿਨੇਤਰੀ ਸੀਮਾ ਸ਼ਰਮਾ ਨੇ ਠੋਗਰੀ, ਹਰਿਆਣਵੀ ਤੇ ਕਸ਼ਮੀਰੀ ਗਾਣੇ ਤੇ ਲਘੂ ਫ਼ਿਲਮਾਂ ਵੀ ਕੀਤੀਆਂ ਹਨ । ਜਿੱਥੇ ਉਹ ਵੀਡਿਉ ਤੇ ਪੰਜਾਬੀ ਫ਼ਿਲਮਾਂ ਕਰ ਰਹੀ ਹੈ ਉਥੇ ਸੀਮਾ ਸ਼ਰਮਾ ਹੁਣ ਨਿਰਦੇਸ਼ਕਾ ਬਣ ਰਹੀ ਹੈ । ਦੋ ਟੈਲੀ ਫ਼ਿਲਮਾਂ ਤੇ ਇੱਕ ਡਾਕੂਮੈਂਟਰੀ ਫ਼ਿਲਮ ਦਾ ਨਿਰਦੇਸ਼ਨ ਉਹ ਅਸ਼ੋਕ ਮਲਹੋਤਰਾ ਨਾਲ ਮਿਲ ਕਿ ਕਰੇਗੀ। 2023 ਦਾ 'ਸਟਾਰ ਐਵਾਰਡ' ਉਹ ਲੈ ਚੁੱਕੀ ਹੈ।



### ਰਾਜ ਕਾਕੜਾ 'ਸਪੇਨ' ਵਿਖੇ



ਨਾਂਅ ਬਹੁਤ ਗੀਤਕਾਰੀ 'ਚ ਰਾਜ ਕਾਕੜਾ ਦਾ ਹੈ ਤੇ ਗਾਇਕ ਬਣ ਪੰਜਾਬ ਦੀ ਗੱਲ ਕਰਦਾ ਉਹ ਵਿਦੇਸ਼ਾਂ 'ਚ ਸਤਿਕਾਰਤ ਗਾਇਕ ਹੈ। ਉਸਦੀ ਐਕਟਿੰਗ ਤੇ ਵੀ ਫਖ਼ਰ ਕੀਤਾ ਜਾ ਸਕਦਾ ਹੈ। ਅੱਜ ਕੱਲ ਸਪੇਨ ਵਿਖੇ ਸ਼ੋਅ ਲਾ ਰਹੇ ਰਾਜ ਕਾਕੜਾ ਨੇ ਹੁਣ ਇੱਕ ਇਤਿਹਾਸਕ ਫ਼ਿਲਮ ਕਰਨ ਦੀ ਯੋਜਨਾ ਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਤੇ ਉਮੀਦ ਹੈ ਨਵੇਂ ਸਾਲ ਰਾਜ ਦੀ ਯੋਜਨਾ ਸਿਰੇ ਚੜ੍ਹੇਗੀ।



### ਰਮਨੀਤੂ ਚੌਧਰੀ ਤੇ ਮਾਣ ਹੈ

ਗਾਇਕ ਜੋੜੀ ਹਾਕਮ ਤੇ ਦਲਜੀਤ ਨੂੰ ਆਪਣੀ ਨਾਇਕਾ ਬਿਟੀਆ ਰਮਨੀਤੂ ਚੌਧਰੀ ਤੇ ਮਾਣ ਹੈ ਕਿ ਉਹ ਦੱਖਣ ਭਾਰਤੀ ਸਿਨੇਮਾ 'ਚ ਸਟਾਰ ਬਣ ਰਹੀ ਹੈ। ਰਮਨੀਤੂ ਹੁਣ ਵੱਡੇ ਬਜਟ ਦੀ ਪੰਜਾਬੀ ਫ਼ਿਲਮ ਕਰਨ ਦੀ ਖ਼ਾਹਿਸ ਜ਼ਾਹਿਰ ਕਰ ਚੁੱਕੀ ਹੈ । ਉਸਦੀ ਐਕਟਿੰਗ ਦੇਖ ਰਿਹਾ ਜਾ ਸਕਦਾ ਹੈ ਕਿ 'ਫ਼ਿਲਮ ਫੇਅਰ ਐਵਾਰਡ' ਉਹ ਇਕ ਇਕ ਪ੍ਰਾਪਤ ਕਰੇਗੀ।




# ਭਾਰਤ ਟੀਮ ਦੀਆਂ ਲਗਾਤਾਰ ਜਿੱਤਾਂ 'ਤੇ ਜਿੱਤਾਂ, ਨਿਊਜ਼ੀਲੈਂਡ ਨੂੰ ਹਰਾ ਕੇ 5ਵੀ ਜਿੱਤ

ਭਾਰਤੀ ਟੀਮ ਨੇ ਵਿਸ਼ਵ ਕੱਪ 2023 ਦੇ 20ਵੇਂ ਮੈਚ 'ਚ ਐਤਵਾਰ ਨੂੰ ਨਿਊਜ਼ੀਲੈਂਡ ਨੂੰ 12 ਗੇਂਦਾਂ ਬਾਕੀ ਰਹਿੰਦਿਆਂ ਚਾਰ ਵਿਕਟਾਂ ਨਾਲ ਹਰਾ ਦਿੱਤਾ। ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਭਾਰਤੀ ਟੀਮ ਦੀ ਟੂਰਨਾਮੈਂਟ ਵਿਚ ਇਹ ਲਗਾਤਾਰ ਪੰਜਵੀਂ ਜਿੱਤ ਸੀ ਅਤੇ ਭਾਰਤ ਵਿਸ਼ਵ ਕੱਪ 2023 ਦੀ ਅੰਕ ਸੂਚੀ ਵਿਚ ਨੰਬਰ-1 'ਤੇ ਹੈ।

ਧਰਮਸ਼ਾਲਾ 'ਚ ਖੇਡੇ ਗਏ ਮੈਚ 'ਚ ਨਿਊਜ਼ੀਲੈਂਡ ਨੇ ਪਹਿਲਾਂ ਬੱਲੇਬਾਜ਼ੀ ਕੀਤੀ ਅਤੇ ਪੂਰੀ ਟੀਮ 50 ਓਵਰਾਂ 'ਚ 273 ਦੌੜਾਂ ਬਣਾ ਕੇ ਆਲਆਊਟ ਹੋ ਗਈ। ਜਵਾਬ 'ਚ ਭਾਰਤ ਨੇ 48 ਓਵਰਾਂ 'ਚ 6 ਵਿਕਟਾਂ ਗੁਆ ਕੇ ਟੀਚਾ ਹਾਸਿਲ ਕਰ ਲਿਆ। ਇਹ ਜਿੱਤ ਭਾਰਤੀ ਟੀਮ ਲਈ ਬਹੁਤ ਖਾਸ ਸੀ ਕਿਉਂਕਿ ਉਸ ਨੇ ਨਿਊਜ਼ੀਲੈਂਡ ਨੂੰ ਹਰਾ ਕੇ ਆਈਸੀਸੀ ਮੁਕਾਬਲੇ ਵਿਚ 20 ਸਾਲਾਂ ਦਾ ਸੋਕਾ ਖ਼ਤਮ ਕਰ ਦਿੱਤਾ।

ਵਨ ਡੇ ਵਿਚ ਭਾਰਤ ਤੇ ਨਿਊਜ਼ੀਲੈਂਡ ਦੀਆਂ ਟੀਮਾਂ 116 ਵਾਰ ਆਹਮੋ-ਸਾਹਮਣੇ ਹੋ ਚੁੱਕੀਆਂ ਹਨ। ਭਾਰਤ ਨੇ ਇਸ ਦੌਰਾਨ 58 ਮੁਕਾਬਲੇ ਤੇ ਨਿਊਜ਼ੀਲੈਂਡ ਨੇ 50 ਮੁਕਾਬਲੇ ਜਿੱਤੇ ਹਨ। ਸੱਤ ਮੈਚ ਬੇਨਤੀਜਾ ਰਹੇ ਹਨ ਜਦਕਿ ਇਕ ਮੈਚ ਟਾਈ ਰਿਹਾ ਹੈ। ਭਾਰਤ ਨੇ ਨਿਊਜ਼ੀਲੈਂਡ ਖ਼ਿਲਾਫ਼ ਘਰ ਵਿਚ 29 ਮੈਚ ਜਿੱਤੇ ਹਨ।



ਭਾਰਤ ਨੇ ਇਸ ਤੋਂ ਪਹਿਲਾਂ ਇਸ ਵਿਸ਼ਵ ਕੱਪ ਵਿਚ ਖੇਡੇ ਆਪਣੇ ਪੰਜ ਮੁਕਾਬਲੇ ਜਿੱਤੇ ਹਨ। ਭਾਰਤ ਨੇ ਪਹਿਲੇ ਮੈਚ ਵਿਚ ਆਸਟ੍ਰੇਲੀਆ ਨੂੰ ਛੇ ਵਿਕਟਾਂ ਨਾਲ, ਦੂਜੇ ਮੈਚ ਵਿਚ ਅਫ਼ਗਾਨਿਸਤਾਨ ਨੂੰ ਅੱਠ ਵਿਕਟਾਂ ਨਾਲ, ਤੀਜੇ ਮੈਚ ਵਿਚ ਪਾਕਿਸਤਾਨ ਨੂੰ ਸੱਤ ਵਿਕਟਾਂ ਨਾਲ ਤੇ ਚੌਥੇ ਮੈਚ ਵਿਚ ਬੰਗਲਾਦੇਸ਼ ਨੂੰ ਵੀ ਸੱਤ ਵਿਕਟਾਂ ਨਾਲ ਹਰਾਇਆ ਜਦਕਿ ਨਿਊਜ਼ੀਲੈਂਡ ਨੇ ਆਪਣੇ ਪਹਿਲੇ ਮੈਚ ਵਿਚ ਇੰਗਲੈਂਡ ਨੂੰ ਨੌਂ ਵਿਕਟਾਂ ਨਾਲ, ਦੂਜੇ ਮੈਚ ਵਿਚ ਨੀਦਰਲੈਂਡ ਨੂੰ 99 ਦੌੜਾਂ ਨਾਲ, ਤੀਜੇ ਮੈਚ ਵਿਚ ਬੰਗਲਾਦੇਸ਼ ਨੂੰ ਅੱਠ ਵਿਕਟਾਂ ਨਾਲ ਤੇ ਚੌਥੇ ਮੈਚ ਵਿਚ ਅਫ਼ਗਾਨਿਸਤਾਨ ਨੂੰ 149 ਦੌੜਾਂ ਨਾਲ ਮਾਤ ਦਿੱਤੀ ਹੈ।

# ਪੈਰਾ ਏਸ਼ਿਆਈ ਖੇਡਾਂ ’ਚ ਭਾਰਤ ਦਾ ਸੁਨਿਹਰਾ ਆਗਾਜ਼- ਛੇ ਚਾਂਦੀ ਤੇ ਪੰਜ ਕਾਂਸੀ ਦੇ ਤ.ਗਮੇ ਜਿੱਤ

**ਹਾਂਗਜ਼ੂ–** ਭਾਰਤੀ ਖਿਡਾਰੀਆਂ ਨੇ ਹਾਂਗਜ਼ੂ ਏਸ਼ਿਆਈ ਪੈਰਾ ਖੇਡਾਂ ਵਿੱਚ ਇੱਥੇ ਸ਼ਾਨਦਾਰ ਆਗਾਜ਼ ਕਰਦਿਆਂ ਛੇ ਸੋਨ ਤਗ਼ਮਿਆਂ ਸਮੇਤ ਕੁੱਲ 17 ਤਗ਼ਮੇ ਦੇਸ਼ ਦੀ ਝੋਲੀ ਪਾਏ ਹਨ। ਭਾਰਤ ਨੇ ਇਸ ਤੋਂ ਇਲਾਵਾ ਛੇ ਚਾਂਦੀ ਤੇ ਪੰਜ ਕਾਂਸੀ ਦੇ ਤਗ਼ਮੇ ਜਿੱਤੇ ਤੇ ਉਹ ਤਗ਼ਮਾ ਸੂਚੀ ਵਿੱਚ ਚੌਥੇ ਸਥਾਨ ’ਤੇ ਹੈ। ਮੇਜ਼ਬਾਨ ਚੀਨ 31 ਸੋਨੇ, 29 ਚਾਂਦੀ ਅਤੇ 23 ਕਾਂਸੀ ਦੇ ਤਗ਼ਮਿਆਂ ਨਾਲ ਪਹਿਲੇ ਸਥਾਨ ’ਤੇ ਹੈ। ਭਾਰਤ ਨੇ 17 ਵਿੱਚੋਂ 11 ਤਗ਼ਮੇ (ਪੰਜ ਸੋਨ ਤਗ਼ਮਿਆਂ ਸਮੇਤ) ਅਥਲੈਟਿਕਸ ਵਿੱਚ ਹਾਸਲ ਕੀਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਨ ਤਗ਼ਮਾ ਜੇਤੂਆਂ ਨੇ ਵਧਾਈ ਦਿੱਤੀ ਹੈ। ਭਾਰਤ ਦੀ ਝੋਲੀ ਤਗ਼ਮੇ ਪਾਉਣ ਦੀ ਸ਼ੁਰੂਆਤ ਪ੍ਰਣਵ ਸੂਰਮਾ ਨੇ ਕੀਤੀ। ਉਸ ਨੇ ਕਲੱਬ ਥਰੋਅ ਐੱਫ-51 ਮੁਕਾਬਲੇ ਵਿੱਚ ਸੋਨ ਤਗ਼ਮਾ ਜਿੱਤਿਆ।

ਸ਼ੈਲੇਸ਼ ਕੁਮਾਰ ਨੇ ਉੱਚੀ ਛਾਲ ਟੀ-63 ਵਿੱਚ 1.82 ਮੀਟਰ ਨਾਲ ਸੋਨ ਤਗ਼ਮਾ, ਜਦਕਿ ਮਰੀਅੱਪਨ ਥੰਗਾਵੇਲੂ (1.80 ਮੀਟਰ) ਨੇ ਚਾਂਦੀ ਦਾ ਤਗ਼ਮਾ ਹਾਸਲ ਕੀਤਾ। ਨਿਸ਼ਾਦ ਕੁਮਾਰ ਨੇ ਉੱਚੀ ਛਾਲ ਟੀ-47 ਵਰਗ ਵਿੱਚ 2.02 ਮੀਟਰ ਦੇ ਯਤਨ ਨਾਲ ਭਾਰਤ ਲਈ ਦਿਨ ਦਾ ਤੀਸਰਾ ਸੋਨ ਤਗ਼ਮਾ ਜਿੱਤਿਆ। ਇਸ ਮੁਕਾਬਲੇ ਵਿੱਚ ਹਮਵਤਨ ਰਾਮ ਪਾਲ ਨੇ 1.94 ਮੀਟਰ ਦੇ ਯਤਨ ਨਾਲ ਕਾਂਸੀ ਦਾ ਤਗ਼ਮਾ ਜਿੱਤਿਆ। ਪੈਰਾ ਅਥਲੀਟ ਅੰਕੁਰ ਧਾਮਾ ਨੇ 5000 ਮੀਟਰ ਦੌੜ ਦੇ ਟੀ-11 ਅਤੇ ਪ੍ਰਵੀਨ ਕੁਮਾਰ ਨੇ ਉੱਚੀ ਛਾਲ ਦੇ ਟੀ-64 ਵਿੱਚ ਭਾਰਤ ਦੀ ਝੋਲੀ ਸੋਨ ਤਗ਼ਮੇ ਪਾਏ।



ਅੰਕੁਰ ਨੇ 16:37:29 ਦਾ ਸਮਾਂ ਕੱਢਿਆ, ਜਦੋਂਕਿ ਪ੍ਰਵੀਨ ਨੇ 2.02 ਮੀਟਰ ਦੀ ਉੱਚੀ ਛਾਲ ਲਾਈ। ਟੋਕੀਓ ਪੈਰਾਲੰਪਿਕ ਵਿੱਚ ਸੋਨ ਤਗ਼ਮਾ ਜੇਤੂ ਦੇਸ਼ ਦੀ ਪਹਿਲੀ ਨਿਸ਼ਾਨੇਬਾਜ਼ ਅਵਨੀ ਲੇਖਾਰਾ ਨੇ ਵੀ ਏਸ਼ਿਆਈ ਖੇਡਾਂ ਵਿੱਚ ਰਿਕਾਰਡ ਨਾਲ ਸੋਨ ਤਗ਼ਮਾ ਭਾਰਤ ਦੀ ਝੋਲੀ ਪਾਇਆ। ਰੇਨੂ ਉਨੀ ਨੇ ਉੱਚੀ ਛਾਲ ਟੀ-64 ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। ਮੋਨੂ ਘਣਗਸ ਨੇ ਪੁਰਸ਼ਾਂ ਦੇ ਸ਼ਾਟ-ਪੁੱਟ ਐੱਫ11 ਵਿੱਚ 12.33 ਦੇ ਯਤਨ ਨਾਲ ਕਾਂਸੀ ਹਾਸਲ ਕੀਤੀ। ਮਹਿਲਾਵਾਂ ਦੇ ਕਨੋਏ ਵੀਐੱਲ2 ਵਿੱਚ ਪ੍ਰਾਚੀ ਯਾਦਵ ਨੇ 1:03.147 ਦਾ ਸਮਾਂ ਕੱਢ ਕੇ ਚਾਂਦੀ ਜਿੱਤੀ। ਪੁਰਸ਼ਾਂ ਦੇ ਜੂਡੋ ਦੇ 60 ਕਿਲੋ ਜੇ-1 ਵਿੱਚ ਕਪਿਲ ਪਰਮਾਰ ਨੇ ਚਾਂਦੀ, ਜਦੋਂਕਿ ਮਹਿਲਾਵਾਂ ਦੇ 48 ਕਿਲੋ ਜੇ2 ਵਰਗ ਵਿੱਚ ਕੋਕਿਲਾ ਨੇ ਕਾਂਸੀ ਦੇ ਤਗ਼ਮੇ ਪ੍ਰਾਪਤ ਕੀਤੇ। ਤਾਇਕਵਾਂਡੋ ਦੇ ਮਹਿਲਾਵਾਂ ਦੇ 47 ਕਿਲੋ ਦੇ ਕੇ44 ਵਿੱਚ ਅਰੁਣਾ ਨੇ ਕਾਂਸੀ ਦਾ ਤਗ਼ਮਾ ਹਾਸਲ ਕੀਤਾ। ਸੂਰਮਾ ਨੇ 30.01 ਮੀਟਰ ਦੇ ਯਤਨ ਨਾਲ ਏਸ਼ਿਆਈ ਪੈਰਾ ਖੇਡਾਂ ਦਾ ਨਵਾਂ ਰਿਕ-ਾਰਡ ਬਣਾਉਂਦਿਆਂ ਸੋਨ ਤਗ਼ਮਾ ਆਪਣੇ ਨਾਮ ਕੀਤਾ, ਜਦਕਿ ਧਰਮਵੀਰ (28.76 ਮੀਟਰ) ਤੇ ਅਮਿਤ ਕੁਮਾਰ (26.93 ਮੀਟਰ) ਕ੍ਰਮਵਾਰ ਦੂਸਰੇ ਤੇ ਤੀਸਰੇ ਸਥਾਨ ’ਤੇ ਰਹੇ। ਅਵਨੀ ਨੇ ਮਹਿਲਾਵਾਂ ਦੀ ਆਰ2 ਦਸ ਮੀਟਰ ਏਅਰ ਰਾਈਫਲ ਸਟੈਂਡਿੰਗ ਐੱਸਐੱਚ1 ਸ਼੍ਰੇਣੀ ਵਿੱਚ 249.6 ਅੰਕਾਂ ਦੇ ਰਿਕਾਰਡ ਸਕੋਰ ਨਾਲ ਸੋਨ ਤਗ਼ਮਾ ਜਿੱਤਿਆ।

ਅਵਨੀ 2020 ਵਿੱਚ ਟੋਕੀਓ ਪੈਰਾਲੰਪਿਕ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸੁਰਖ਼ੀਆਂ ਵਿੱਚ ਆਈ ਸੀ। ਉਹ ਇਨ੍ਹਾਂ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਹੈ। ਉਸ ਨੇ 50 ਮੀਟਰ ਰਾਈਫਲ ਥ੍ਰੀ ਪੁਜ਼ੀਸ਼ਨ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ।

ਪ੍ਰਣਵ ਨੇ ਕਲੱਬ ਥਰੋਅ ਐੱਫ-51 ਮੁਕਾਬਲੇ ਵਿੱਚ ਸੋਨ ਤਗ਼ਮਾ ਜਿੱਤਿਆ। ਉਸ ਨੇ ਪੇਈਚਿੰਗ ਵਿਸ਼ਵ ਪੈਰਾ ਅਥਲੈਟਿਕਸ ਗ੍ਰਾਂ ਪ੍ਰੀ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਐੱਫ-51 ਕਲੱਬ ਥਰੋਅ ਮੁਕਾਬਲਾ ਉਨ੍ਹਾਂ ਅਥਲੀਟਾਂ ਲਈ ਹੈ ਜਿਨ੍ਹਾਂ ਦੀ ਕਮਰ ਤੋਂ ਹੇਠਾਂ ਅਤੇ ਪੈਰਾਂ ਤੇ ਹੱਥਾਂ ਦੀ ਗਤੀਵਿਧੀ ਕਾਫ਼ੀ ਹੱਦ ਤੱਕ ਪ੍ਰਭਾਵਿਤ ਰਹਿੰਦੀ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust